# ਮਾਸ ਖਾਣ ਜਾਂ ਨਾ ਖਾਣ
# ਬਾਰੇ ਮਨੌਤਾਂ ਤੇ ਵਹਿਮ

# ਮਾਸ ਖਾਣ ਜਾਂ ਨਾ ਖਾਣ ਬਾਰੇ ਮਨੌਤਾਂ ਤੇ ਵਹਿਮ

ਪੂਰਨ ਸਿੰਘ

ਪ੍ਰਕਾਸ਼ਕ
ਗਿਆਨੀ ਦਿੱਤ ਸਿੰਘ ਪ੍ਰਕਾਸ਼ਨ, ਜਲੰਧਰ

# MAAS KHAN JA NA KHAAN BARE MANAUTAN TE WAHEM

**ਪੂਰਨ ਸਿੰਘ**
Mobile : +1-778-998-5733
Email : drpsgill@gmail.com
Address : 334 East 48 Avenue Vancouver BC V5 W2 E3

ਸਤੰਬਰ 2021

ਮੁੱਲ 175/- ਜਾਂ 15 ਡਾਲਰ

© ਲੇਖਕ

ਪੁਸਤਕਾਂ ਮਿਲਣ ਦਾ ਪਤਾ :
**ਸਿੰਘ ਬ੍ਰਦਰਜ਼, ਅੰਮ੍ਰਿਤਸਰ**
**ਕੈਨੇਡੀਅਨ ਸਿੱਖ ਸਟੱਡੀ ਅਤੇ ਟੀਚਿੰਗ ਸੁਸਾਇਟੀ ਵੈਨਕੂਵਰ**
Mobile : +1-778-998-5733

ਪ੍ਰਕਾਸ਼ਕ : **ਗਿਆਨੀ ਦਿੱਤ ਸਿੰਘ ਪ੍ਰਕਾਸ਼ਨ, ਜਲੰਧਰ**
**Mobile : 9815700916**

ਟਾਈਪ ਪ੍ਰਿੰਟਰ : **ਪੰਜਾਬੀ ਪੋਸਟ ਮੀਡੀਆ, ਜਲੰਧਰ** Mobile : 9815700916

# ਸਮਰਪਣ

**ਬੇਟੀ ਮਾਨਵਦੀਪ ਕੌਰ ਗਿੱਲ**

*ਮੈਨੇਜਰ, ਕਲੀਨਿਕਲ ਓਪਰੇਸ਼ਨਜ਼, ਫ਼ਰੇਜ਼ਰ ਹੈਲਥ*

**ਬੇਟਾ ਡਾਕਟਰ ਜਪਜੋਤ ਸਿੰਘ ਗਿੱਲ**

*(ਡੈਂਟਿਸਟ)*

ਨੂੰ

## ਇਸੇ ਕਲਮ ਤੋਂ

- ਕਿਵ ਸਚਿਆਰਾ ਹੋਈਐ
- ਗੁਰਮਤਿ ਦਰਸ਼ਨ ਦੀ ਵਿਲੱਖਣਤਾ
- ਨਵੀਨ ਸਿੱਖ ਨਾਵਾਂ ਦਾ ਕੋਸ਼
- ਸੰਗਰਾਂਦ ਦੀ ਮਹੱਤਤਾ ਕਿਵੇਂ
- ਪਰਜਾ ਅੰਧੀ ਗਿਆਨ ਵਿਨ
- ਪੰਜਾਬੀ ਸਭਿਆਚਾਰ ’ਚ ਤ੍ਰੇੜਾਂ
- ਕਾਮਾਗਾਟਾਮਾਰੂ ਦਾ ਦੁਖਾਂਤ
- The Tragedy of Kamagata Maru

## ਸੰਪਾਦਿਤ ਪੁਸਤਕਾਂ

- ਕੈਨੇਡਾ ਦੀ ਇਤਿਹਾਸਕ ਡਾਇਰੀ (ਲੇਖਕ ਅਰਜਨ ਸਿੰਘ ਚੰਦ)
- The Sikhs Under Brahmincal Siege (Dr. Gurbaksh Singh)
- ਸਿੱਖ ਇਤਿਹਾਸ ਦੀ ਨਾਇਕਾ : ਬੀਬੀ ਹਰਨਾਮ ਕੌਰ (1882–1906)

# ਸਹਿਯੋਗੀ ਸੱਜਣ

ਮੈਂ ਦਿਲ ਦੀਆਂ ਗਹਿਰਾਈਆਂ ਤੋਂ ਬਹੁਤ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਇਸ ਪੁਸਤਕ ਦੀ ਛਪਾਈ ਲਈ ਮਾਇਕ ਸਹਾਇਤਾ ਕੀਤੀ।

1. ਕੈਪਟਨ ਸੁਰਜੀਤ ਸਿੰਘ ਗਿੱਲ, ਮੋਨਟੀਕਾ ਕੈਲੇਫੋਰਨੀਆ ਯੂ.ਐਸ.ਏ. 200 ਡਾਲਰ
2. ਮਾਨਵਦੀਪ ਕੌਰ ਗਿੱਲ, ਸਰੀ ਬੀਸੀ 500 ਡਾਲਰ
3. ਸ. ਜਗਜੀਤ ਸਿੰਘ ਗਿੱਲ, ਸਰੀ ਬੀਸੀ 200 ਡਾਲਰ
4. ਭੁਪਿੰਦਰ ਸਿੰਘ ਗਰੇਵਾਲ, ਸਰੀ ਬੀਸੀ 200 ਡਾਲਰ
5. ਸ. ਜਗਪ੍ਰੀਤ ਸਿੰਘ ਘੁੰਮਣ, ਸਰੀ ਬੀਸੀ 200 ਡਾਲਰ
6. ਗੁਰਬਚਨ ਸਿੰਘ ਗਿੱਲ, ਸਰੀ ਬੀਸੀ 200 ਡਾਲਰ
7. ਬੀਬੀ ਹਰਚਰਨ ਕੌਰ ਮੰਡ, ਸਰੀ ਬੀਸੀ 100 ਡਾਲਰ

# ਤਤਕਰਾ


| | | |
|---|---|---|
| | ਭੂਮਿਕਾ | 8 |
| 1. | ਹਿੰਦੂ ਸਮਾਜ ਅਤੇ ਮਾਸ ਅਹਾਰ ਪਰੰਪਰਾ | 12 |
| 2. | ਇਸਲਾਮ ਤੇ ਹਲਾਲ | 27 |
| 3. | ਜੈਨ ਧਰਮ | 31 |
| 4. | ਬੁੱਧ ਧਰਮ | 34 |
| 5. | ਯਹੂਦੀ ਧਰਮ ਅੰਦਰ ਕੋਸ਼ਰ ਮਾਸ | 38 |
| 6. | ਇਸਾਈ ਧਰਮ ਤੇ ਮਾਸ | 46 |
| 7. | ਚੀਨੀ ਲੋਕਾਂ 'ਚ ਮਾਸ ਸੰਬੰਧੀ ਮਨੌਤ | 49 |
| 8. | ਮਾਸ ਬਾਰੇ ਵਹਿਮ ਭਰਮ ਅਤੇ ਮਨੌਤਾਂ | 51 |
| 9. | ਭਾਰਤੀ ਸੂਬਿਆਂ 'ਚ ਖਾਣ ਪੀਣ ਬਾਰੇ ਰਵਾਇਤਾਂ | 55 |
| 10. | ਸਿੱਖ ਧਰਮ 'ਚ ਮਾਸ ਖਾਣ ਦੀ ਪਰੰਪਰਾ | 58 |
| 11. | ਮਾਸ ਖਾਣਾ ਤੇ ਰਹਿਤ ਮਰਿਯਾਦਾ | 76 |
| 12. | ਬਾਬਾ ਵਿਸਾਖਾ ਸਿੰਘ ਵਲੋਂ ਮਾਸ ਨਾ ਖਾਣ ਵਾਲਾ ਪ੍ਰਣ ਤੋੜਨਾ | 89 |
| 13. | ਭਾਈ ਹੀਰਾ ਸਿੰਘ ਦਰਦ ਵਾਲੀ ਘਟਨਾ | 92 |
| 14. | ਗੁਰੂ ਸਾਹਿਬਾਨਾਂ ਵਲੋਂ ਸ਼ਿਕਾਰ ਖੇਡਣ ਦੀ ਪਰੰਪਰਾ | 94 |
| 15. | ਡਾ. ਹਰੀ ਰਾਮ ਗੁਪਤਾ (ਇਤਿਹਾਸਕਾਰ) | 99 |
| 16. | ਝਟਕਾ ਕਾਨਫਰੰਸ (1937) | 100 |
| 17. | ਇਨਸਾਈਕਲੋਪੇਡੀਆ ਆਫ਼ ਸਿੱਖਇਜ਼ਮ | 102 |
| 18. | ਸਿੱਖ ਵਿਦਵਾਨਾਂ ਦੇ ਵਿਚਾਰ | 103 |
| 19. | ਨਿਚੋੜ | 108 |
| 20. | ਪੁਸਤਕ ਸੂਚੀ | 116 |

# ਭੂਮਿਕਾ

ਸਾਡਾ ਦੁਖਾਂਤ ਇਹੀ ਹੈ ਕਿ ਅਸੀਂ ਖਾਣ-ਪੀਣ ਨੂੰ ਧਰਮ ਦਾ ਅੰਗ ਮੰਨ ਕੇ ਇਕ ਦੂਜੇ ਪ੍ਰਤੀ ਨਫ਼ਰਤ ਤੇ ਈਰਖ਼ਾ ਕਰਨ ਲੱਗ ਪਏ ਹਾਂ। ਇੱਥੇ ਮੈਂ ਕਿਸੇ ਵਿਸ਼ੇਸ਼ ਫ਼ਿਰਕੇ ਜਾਂ ਧਰਮ ਦੇ ਪੈਰੋਕਾਰਾਂ ਨੂੰ ਨਿਸ਼ਾਨਾ ਨਹੀਂ ਬਨਾਉਣਾ, ਸਿਰਫ਼ ਨਿਮਰਤਾ ਸਹਿਤ ਵਿਚਾਰ-ਚਰਚਾ ਕਰਨ ਦਾ ਯਤਨ ਕਰਾਂਗਾ। ਕਈ ਵਾਰ ਸੁਣਿਆ ਅਤੇ ਖ਼ੁਦ ਤੱਕਿਆ ਕਿ ਸਾਡੇ ਘਰਾਂ ਅੰਦਰ ਰਸੋਈਆਂ ਵਿਚ ਬਰਤਨ ਵੀ ਅਛੂਤ ਹੋ ਜਾਂਦੇ ਹਨ ਅਤੇ ਇਕੱਠੇ ਬੈਠ ਕੇ ਹੀ ਖਾਣ ਤੋਂ ਸੰਕੋਚ ਕੀਤਾ ਜਾਂਦਾ ਹੈ। ਜੇਕਰ ਘਰ ਵਿਚ ਕੋਈ ਮਾਸਾਹਾਰੀ ਹੈ ਤਾਂ ਉਸ ਦੇ ਅਹਾਰ ਨੂੰ ਛੂਹਣਾ ਵੀ ਪਾਪ ਸਮਝਿਆ ਜਾਂਦਾ ਹੈ। ਤਿੰਨ ਕੁ ਦਹਾਕੇ ਪਹਿਲਾਂ ਕੈਨੇਡਾ ਵਿਚ ਕੁਝ ਪ੍ਰਚਾਰਕ ਆਏ, ਜਦੋਂ ਉਹ ਘਰਾਂ ਵਿਚ ਜਾਂਦੇ ਸਨ, ਤਦ ਉਹ ਫਰਿਜਾਂ ਖੋਲ੍ਹ ਕੇ ਦੇਖਦੇ ਸਨ ਕਿ ਘਰ ਵਿਚ ਕਿਤੇ ਅੰਡਾ ਜਾਂ ਮਾਸ ਤਾਂ ਨਹੀਂ ਰੱਖਿਆ ਹੋਇਆ। ਅਸੀਂ ਤਾਂ ਸ਼ਾਕਾਹਾਰੀ ਜਾਂ ਮਾਸਾਹਾਰੀ ਦੀ ਪਰਿਭਾਸ਼ਾ ਵੀ ਨਿਰਧਾਰਤ ਨਹੀਂ ਕਰ ਸਕੇ। ਵਿਦੇਸ਼ਾਂ ਵਿਚ ਸ਼ਾਕਾਹਾਰੀ ਦੁੱਧ ਦੀ ਵਰਤੋਂ ਵੀ ਨਹੀਂ ਕਰਦੇ ਅਤੇ ਦੁੱਧ ਨੂੰ ਅਜੋਕੇ ਸਮੇਂ ਚਿੱਟਾ ਤੇ ਤਰਲ ਮਾਸ ਆਖਿਆ ਜਾਂਦਾ ਹੈ, ਭਾਵ ਇਹ ਚਿੱਟਾ ਖ਼ੂਨ ਹੀ ਹੈ। ਕਈ ਸ਼ਾਕਾਹਾਰੀ ਅੰਡਾ ਖਾਣ ਨੂੰ ਵੀ ਬੁਰਾ ਸਮਝਦੇ ਹਨ। ਹਾਲਾਂਕਿ ਅੱਜਕੱਲ੍ਹ ਅੰਡਿਆਂ ਵਿਚੋਂ 'ਬੱਚੇ ਨਹੀਂ ਨਿਕਲਦੇ' ਅਤੇ ਅੰਡੇ ਖਾਣ ਵਾਲਿਆਂ ਨੂੰ ਵੀ ਮਾਸਾਹਾਰੀ ਆਖ ਦਿੱਤਾ ਜਾਂਦਾ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਸ਼ਾਕਾਹਾਰੀ ਅਖਾਉਣ ਵਾਲੇ ਲੋਕ ਚਿੱਟਾ ਖ਼ੂਨ (ਦੁੱਧ) ਤੇ ਦਹੀ ਦੀ ਵਰਤੋਂ ਖੁੱਲ੍ਹ ਕੇ ਕਰਦੇ ਹਨ। ਹਾਲਾਂ ਕਿ ਦਹੀਂ ਵਿਚ ਜੀਵਤ ਕੀੜਿਆਂ ਦਾ ਸਮੂਹ ਹੁੰਦਾ ਹੈ। ਭਾਰਤ ਦੇ ਬੰਗਾਲੀ ਲੋਕ ਮੱਛੀ ਖਾਣ ਵਾਲਿਆਂ ਨੂੰ ਸ਼ਾਕਾਹਾਰੀ ਮੰਨਦੇ ਹਨ। ਸਾਨੂੰ ਬਾਬੇ ਗੁਰੂ ਨਾਨਕ ਸਾਹਿਬ ਦਾ ਉਪਦੇਸ਼ ਹਿਰਦੇ ਵਸਾਉਣਾ ਚਾਹੀਦਾ ਹੈ, ਜੇਕਰ ਅਸੀਂ ਧਰਮੀ ਜਾਂ ਸਚਿਆਰ ਬਣਨਾ ਲੋਚਦੇ ਹਾਂ। ਉਨ੍ਹਾਂ ਨੇ ਸਪੱਸ਼ਟ ਕੀਤਾ ਸੀ :

*ਮਾਸੁ ਮਾਸੁ ਕਰਿ ਮੂਰਖੁ ਝਗੜੇ*
*ਗਿਆਨੁ ਧਿਆਨ ਨਹੀ ਜਾਣੈ ॥*

*ਕਉਣੁ ਮਾਸ ਕਉਣੁ ਸਾਗੁ ਕਹਾਵੈ*
*ਕਿਸੁ ਮਹਿ ਪਾਪ ਸਮਾਣੇ ॥*

(ਗੁਰੂ ਗ੍ਰੰਥ ਸਾਹਿਬ, ਪੰਨਾ 1289)

ਗੁਰੂ ਸਾਹਿਬ ਨੇ ਮਾਸ ਖਾਣ ਜਾਂ ਨਾ ਖਾਣ ਦੇ ਸੰਬੰਧ ਵਿਚ ਚਰਚਾ ਕਰਨ ਵਾਲਿਆਂ ਨੂੰ ਮੂਰਖ ਆਖ ਦਿੱਤਾ ਹੈ। ਜੇ ਫਿਰ ਵੀ ਇਸ ਸੰਬੰਧੀ ਬਹਿਸ ਕਰਾਂਗੇ ਤਾਂ ਅਸੀਂ ਧਰਮੀ ਵਿਅਕਤੀ ਨਹੀਂ ਅਖਵਾ ਸਕਦੇ ਤੇ ਬਾਬੇ ਗੁਰੂ ਨਾਨਕ ਦੇ ਸਿੱਖ ਵੀ ਨਹੀਂ ਅਖਵਾ ਸਕਦੇ ? ਅਜੋਕੇ ਸਮੇਂ ਭਾਰਤ ਅੰਦਰ ਉਚ-ਵਰਗ ਦੇ ਲੋਕਾਂ ਵੱਲੋਂ ਜੋ ਕੱਟੜਪੁਣੇ ਦੀ ਨੀਤੀ ਅਪਨਾਈ ਜਾ ਰਹੀ ਹੈ, ਉਸ ਨਾਲ ਸਮਾਜ ਅੰਦਰ ਦਿਨੋ-ਦਿਨ ਨਫ਼ਰਤ ਫ਼ੈਲ ਰਹੀ ਹੈ। ਇਕ ਦੂਜੇ ਪ੍ਰਤੀ ਮੰਦੇ ਬੋਲ-ਕਬੋਲ ਹੋ ਰਹੇ ਹਨ। ਇੰਝ ਜਾਪਦਾ ਹੈ ਕਿ ਭਾਰਤ ਅੰਦਰ ਕੋਈ ਨਿਰਪੱਖ, ਸਚਿਆਰ, ਦਾਰਸ਼ਨਿਕ ਵਿਅਕਤੀ ਹੈ ਹੀ ਨਹੀਂ ਅਤੇ ਮਾਸ ਖਾਣ ਜਾਂ ਗਊ ਮਾਸ ਖਾਣ ਵਾਲਿਆਂ ਨੂੰ ਦੇਸ਼-ਧਰੋਹੀ ਦਾ ਨਾਮ ਦਿੱਤਾ ਜਾ ਰਿਹਾ ਹੈ। ਬਹੁਤ ਵਿਦਵਾਨ ਲੋਕ ਚਿੰਤਤ ਹਨ ਕਿ ਸਾਡੇ ਲੋਕਾਂ ਅੰਦਰ ਉਦਾਰ ਤੇ ਸ਼ਹਿਨਸ਼ੀਲਤਾ ਵਾਲੀ ਸੋਚ ਕਿਉਂ ਨਹੀਂ ਪੈਦਾ ਹੁੰਦੀ। ਜੋ ਲੋਕ ਸ਼ਾਕਾਹਾਰੀ ਹਨ, ਉਹਨਾਂ ਅਨੁਸਾਰ ਉਹ ਧਾਰਮਿਕ ਹਨ ਅਤੇ ਇਸ ਹੰਕਾਰ ਨਾਲ ਮਾਸਾਹਾਰੀ ਲੋਕਾਂ ਨੂੰ ਚੰਗਾ ਨਹੀਂ ਸਮਝਦੇ।

ਇਸ ਗੱਲ ਦੀ ਕੋਈ ਮਹੱਤਤਾ ਨਹੀਂ ਕਿ ਅਸੀਂ ਕੀ ਖਾਂਦੇ ਹਾਂ, ਸਗੋਂ ਸਾਨੂੰ ਆਪਣੇ ਬਾਰੇ ਮੁਲਾਂਕਣ ਕਰਨਾ ਪਵੇਗਾ ਕਿ ਅਸੀਂ ਸਮਾਜ ਨੂੰ ਕੀ ਦਿੰਦੇ ਹਾਂ ? ਗਰੀਬ ਵਰਗ ਲਈ ਕੀ ਉਪਕਾਰ ਕਰ ਰਹੇ ਹਾਂ ? ਇੱਥੇ ਸਵਾਮੀ ਰਾਮ ਤੀਰਥ ਦੇ ਕਹੇ ਬਚਨ ਸਾਂਝੇ ਕਰਦਾ ਹਾਂ। ਸਵਾਮੀ ਜੀ ਸੰਨਿਆਸੀ ਬਣਨ ਤੋਂ ਪਹਿਲਾਂ ਐਫ. ਸੀ. ਕਾਲਜ ਲਾਹੌਰ ਵਿਚ ਗਣਿਤ ਦੇ ਪ੍ਰੋਫੈਸਰ ਸਨ ਅਤੇ ਉੱਥੇ ਹੀ ਡਾਕਟਰ ਅਲਾਮਾ ਇਕਬਾਲ ਤੇ ਉਹ ਜਮਾਤੀ ਸਨ। ਜਦੋਂ ਉਹ ਵਿਦੇਸ਼ ਗਏ ਤਾਂ ਕਿਸੇ ਨੇ ਉਹਨਾਂ ਪਾਸੋਂ ਪੁੱਛਿਆ ਕਿ ਕੀ ਉਹ ਮਾਸਾਹਾਰੀ ਹਨ ਜਾਂ ਸ਼ਾਕਾਹਾਰੀ। ਇਹ ਤਕਰੀਬਨ 1902-04 ਦੌਰਾਨ ਦੀ ਗੱਲ ਹੈ। ਉਹਨਾਂ ਨੇ ਜੋ ਉਤਰ ਦਿੱਤਾ ਸੀ, ਉਹ ਅੱਜ ਵੀ ਢੁੱਕਵਾਂ ਹੈ। ਉਹਨਾਂ ਕਿਹਾ ਸੀ ਕਿ ਰੁੱਖ ਕਾਰਬਨ ਡਾਈਆਕਸਾਈਡ ਖਾਂਦੇ ਹਨ ਤੇ ਬਾਹਰ ਆਕਸੀਜਨ ਕੱਢਦੇ ਹਨ, ਜਿਸ ਨਾਲ ਅਸੀਂ ਜਿਉਂਦੇ ਹਾਂ। ਜੇ ਅਸੀਂ ਕਾਰਬਨ ਡਾਈਆਕਸਾਈਡ ਲਈਏ ਤਾਂ ਮਰ ਜਾਵਾਂਗੇ। ਪਰ ਕੀ ਇਸੇ ਆਧਾਰ ਉਤੇ ਰੁੱਖਾਂ ਦੇ ਮਿੱਠੇ ਤੇ ਸੁੰਦਰ ਫਲਾਂ ਅਤੇ ਉਹਨਾਂ ਦੁਆਰਾ ਛੱਡੀ ਗਈ ਆਕਸੀਜਨ ਤੋਂ ਮੂੰਹ ਮੋੜ ਲੈਣਾ ਉਚਿਤ ਹੋਵੇਗਾ ? ਇਸ ਤਰ੍ਹਾਂ ਚਾਹੇ ਕੋਈ ਵੈਸ਼ਣੋ

ਹੋਵੇ ਜਾਂ ਮਾਸਾਹਾਰੀ। ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਦੇਖਣਾ ਇਹ ਹੈ ਕਿ ਸਮੁੱਚੇ ਜੀਵਨ ਨੂੰ ਸੁੰਦਰ ਤੇ ਸੁਖੀ ਬਣਾਉਣ ਵਿਚ ਅਸੀਂ ਕਿਤਨਾ ਯੋਗਦਾਨ ਪਾਉਂਦੇ ਹਾਂ। ਇਕ ਮਾਸਾਹਾਰੀ ਵੀ ਅਧਿਆਤਮਕ ਰੂਪ ਵਿਚ ਬਹੁਤ ਉਨਤੀ ਕਰ ਸਕਦਾ ਹੈ ਤੇ ਇਹ ਜ਼ਰੂਰੀ ਨਹੀਂ ਕਿ ਕੋਈ ਸ਼ਾਕਾਹਾਰੀ ਹੋਣ ਕਰਕੇ ਹੀ ਅਧਿਆਤਮਕ ਉਚਾਈਆਂ ਨੂੰ ਛੂਹ ਲਵੇ।

ਜਿੱਥੋਂ ਤੱਕ ਅਹਿੰਸਾ ਸਿਧਾਂਤ ਦੀ ਗੱਲ ਹੈ ਕਿ ਜੈਨ ਧਰਮ ਨੇ ਇਸ ਦਾ ਪ੍ਰਚਾਰ ਕੀਤਾ ਅਤੇ ਜੀਵ ਹੱਤਿਆ ਨੂੰ ਪਾਪ ਆਖਿਆ। ਦੂਜੇ ਪਾਸੇ ਭਾਰਤ ਦੇ ਮਹਾਨ ਦਾਰਸ਼ਨਿਕ ਵਿਦਵਾਨ ਸਵਾਮੀ ਵਿਵੇਕਾਨੰਦ ਜੀ ਨੇ ਅਹਿੰਸਾ ਦੀ ਬਹੁਤ ਸੁੰਦਰ ਪਰਿਭਾਸ਼ਾ ਦਿੱਤੀ ਹੈ। ਉਹਨਾਂ ਅਨੁਸਾਰ ਅਸਲ ਅਹਿੰਸਾ ਉਹ ਹੈ ਜੇਕਰ ਅੰਦਰੋਂ ਈਰਖਾ ਪੂਰੀ ਤਰ੍ਹਾਂ ਮਨਫ਼ੀ ਹੋ ਜਾਵੇ। ਕਈ ਵਾਰ ਸਾਡਾ ਮਾਪਦੰਡ ਇਹ ਹੁੰਦਾ ਹੈ ਕਿ ਫਲਾਣਾ ਵਿਅਕਤੀ ਚੰਗਾ ਕਰਮ ਕਰਦਾ ਹੈ। ਲੋਕਾਂ ਨੂੰ ਦਾਨ ਦਿੰਦਾ ਹੈ, ਉਹ ਵੀ ਵਹਿਮਪ੍ਰਸਤੀ ਅਧੀਨ ਜਾਂ ਪੁਜਾਰੀਵਾਦ ਦੀ ਨੀਤੀ ਅਨੁਸਾਰ। ਪਰ ਅਸਲ ਸਚਿਆਰਾ ਉਹੀ ਵਿਅਕਤੀ ਹੋ ਸਕਦਾ ਹੈ, ਜਿਸ ਅੰਦਰ ਰੱਤੀ ਭਰ ਵੀ ਈਰਖਾ ਨਾ ਹੋਵੇ। ਸੰਸਾਰ ਵਿਚ ਜਾਣੇ ਜਾਣ ਵਾਲੇ, ਵੱਡੇ-ਵੱਡੇ ਮਨੁੱਖ ਆਪਣੇ ਨਾਮ ਦੀ ਪ੍ਰਸਿੱਧੀ ਲਈ ਜਾਂ ਲਾਲਚ ਅਧੀਨ, ਇਕ ਦੂਜੇ ਪ੍ਰਤੀ ਈਰਖਾ ਕਰਦੇ ਹਨ। ਜਿਤਨਾ ਚਿਰ ਮਨੁੱਖ ਦੇ ਅੰਦਰੋਂ ਈਰਖਾ ਨਹੀਂ ਮਰਦੀ, ਉਤਨਾ ਚਿਰ ਉਹ ਅਹਿੰਸਾ ਦਾ ਧਾਰਨੀ ਨਹੀਂ ਹੋ ਸਕਦਾ। ਜਿਵੇਂ ਗਊ ਤੇ ਭੇਡ ਮਾਸ ਨਹੀਂ ਖਾਂਦੇ। ਕੀ ਉਹ ਮਹਾਨ ਯੋਗੀ ਹਨ ? ਕੋਈ ਮੂਰਖ ਆਖ ਸਕਦਾ ਹੈ "ਮੈਂ ਇਹ ਨਹੀਂ ਖਾਂਦਾ, ਮੈਂ ਉਹ ਚੀਜ਼ ਨਹੀਂ ਖਾਂਦਾ।" ਚਲੋ ਇਹ ਤਾਂ ਹੋ ਸਕਦਾ ਹੈ ਕਿ ਉਹ ਜਾਨਵਰਾਂ ਤੋਂ ਵਿਲੱਖਣ ਹੈ। ਜਿਸ ਮਨੁੱਖ ਅੰਦਰ ਕਦੀ ਕਿਸੇ ਪ੍ਰਤੀ ਈਰਖਾ ਨਾ ਉਪਜੇ, ਦੁਸ਼ਮਣਾਂ ਦੀ ਤਰੱਕੀ ਉੱਤੇ ਵੀ ਖੁਸ਼ ਹੋਵੇ, ਉਹ ਇਨਸਾਨ ਭਗਤ ਹੈ, ਯੋਗੀ ਹੈ। ਭਾਵੇਂ ਉਹ ਨਿਤ ਸੂਰ ਦਾ ਮਾਸ ਖਾਵੇ।

*(The Complete Works of Vivekanand, Vol. 3 pages 67-68)*

ਮੈਂ ਆਪਣੇ ਵਲੋਂ ਯਤਨ ਕੀਤਾ ਹੈ ਕਿ ਸੰਸਾਰ ਅੰਦਰ ਮਾਸ ਖਾਣ ਜਾਂ ਮਾਸ ਨਾ ਖਾਣ ਦੀਆਂ ਪਰੰਪਰਾਵਾਂ ਨੂੰ ਸਾਂਝਾ ਕਰਾਂ ਤਾਂ ਜੋ ਅਸੀਂ ਜਾਣ ਸਕੀਏ ਕਿ ਖਾਣ ਸੰਬੰਧੀ ਵੱਖ-ਵੱਖ ਫਿਰਕਿਆਂ ਜਾਂ ਧਰਮਾਂ ਅੰਦਰ ਅਨੇਕਾਂ ਹੀ ਮਨੌਤਾਂ ਹਨ। ਚੰਗਾ ਇਹੀ ਹੋਵੇ ਕਿ ਅਸੀਂ ਸਹਿਨਸ਼ੀਲਤਾ ਵਾਲੀ ਉਦਾਰ ਨੀਤੀ ਅਪਨਾਈਏ। ਇਹ ਹਰ ਵਿਅਕਤੀ ਦਾ ਨਿਜੀ ਫੈਸਲਾ ਹੈ ਜਾਂ ਕਈ ਵਾਰ ਸਿਹਤ ਸੰਬੰਧੀ ਲੋੜਾਂ ਨੂੰ

ਮੁੱਖ ਰੱਖ ਕੇ ਫੈਸਲੇ ਹੁੰਦੇ ਹਨ ਕਿ ਕੀ ਖਾਣ ਜ਼ਰੂਰੀ ਹੈ ਤੇ ਕੀ ਨਹੀਂ ਖਾਣਾ।

ਤਕਰੀਬਨ ਇਕ ਦਹਾਕਾ ਪਹਿਲਾਂ ਡਾਕਟਰ ਗੁਰਬਖਸ਼ ਸਿੰਘ ਜੀ (ਸੇਵਾਮੁਕਤ ਪ੍ਰੋਫੈਸਰ ਤੇ ਡੀਨ, ਪੀਏਯੂ, (ਲੁਧਿਆਣਾ) ਮੇਰੇ ਪਾਸ ਸਨ ਅਤੇ ਉਹਨਾਂ ਨੂੰ ਇਕ ਲੇਖ (ਜੋ ਡਾਕਟਰ ਸੁਰਿੰਦਰ ਅਜਨਾਤ ਵੱਲੋਂ ਲਿਖਿਆ ਹੋਇਆ, ਅਪ੍ਰੈਲ 1995 ਵਿਚ ਨਵਾਂ ਜ਼ਮਾਨਾ ਅਖ਼ਬਾਰ ਵਿਚ ਛਪਿਆ ਸੀ, ਪੜ੍ਹਨ ਲਈ ਦਿੱਤਾ। ਉਹਨਾਂ ਨੇ ਲੇਖ ਪੜ੍ਹ ਕੇ ਕਿਹਾ ਕਿ "ਪੂਰਨ ਸਿੰਘ! ਇਸ ਲੇਖ ਵਿਚ ਦਿੱਤੇ ਸਰੋਤਾਂ ਨੂੰ ਲੱਭ ਕੇ, ਮਾਸ ਬਾਰੇ ਇਕ ਪੁਸਤਕ ਲਿਖੋ।" ਮੈਂ ਆਪਣਾ ਪੂਰਾ ਸਮਾਂ ਨਾ ਲਗਾ ਸਕਿਆ ਅਤੇ ਹੌਲੀ ਹੌਲੀ ਖੋਜ ਕਰਦਾ ਰਿਹਾ। ਸਵਾਮੀ ਵਿਵੇਕਾਨੰਦ ਜੀ ਦੇ ਲਿਖਤਾਂ ਨੂੰ ਪੜ੍ਹਿਆ, ਮਨੂੰ ਸਿਮ੍ਰਤੀ (ਧਰਮ ਸ਼ਾਸ਼ਤਰ) ਨੂੰ ਘੋਖਿਆ, ਗੁਰੂ ਗ੍ਰੰਥ ਸਾਹਿਬ ਅੰਦਰ ਮਾਸ ਸੰਬੰਧੀ ਬਾਣੀ ਨੂੰ ਪੜ੍ਹ ਕੇ ਸਮਝਿਆ ਤੇ ਹੋਰ ਕਿਰਤਾਂ ਨੂੰ ਪੜ੍ਹ ਕੇ ਇਸ ਪੁਸਤਕ ਨੂੰ ਲਿਖਿਆ। ਆਸ ਕਰਦਾ ਹਾਂ ਕਿ ਪਾਠਕਾਂ ਨੂੰ ਇਹ ਪੁਸਤਕ ਪਸੰਦ ਆਵੇਗੀ।

**ਪੂਰਨ ਸਿੰਘ (ਡਾਕਟਰ)**
**ਸੰਪਾਦਕ, ਸਿੱਖ ਮਾਰਗ**

# ਧੰਨਵਾਦ

ਸਭ ਤੋਂ ਪਹਿਲਾਂ ਉਹਨਾਂ ਲੇਖਕਾਂ ਤੇ ਵਿਦਵਾਨਾਂ ਦਾ ਧੰਨਵਾਦ, ਜਿਹਨਾਂ ਦੀਆਂ ਰਚਨਾਵਾਂ ਤੋਂ ਪ੍ਰੇਰਨਾ ਲੈ ਕੇ, ਇਸ ਪੁਸਤਕ ਦੀ ਸਿਰਜਣਾ ਕਰਨ ਵਿੱਚ ਸਹਾਇਤਾ ਲਈ। ਮੈਂ ਸਤਿਕਾਰਯੋਗ ਡਾਕਟਰ ਗੁਰਬਖ਼ਸ਼ ਸਿੰਘ ਜੀ ਦਾ ਧੰਨਵਾਦੀ ਹਾਂ, ਜਿਹਨਾਂ ਨੇ ਮਾਸ ਸੰਬੰਧੀ ਪੁਸਤਕ ਲਿਖਣ ਲਈ ਆਖਿਆ ਤੇ ਮੈਨੂੰ ਇਸ ਕਾਰਜ ਦੇ ਲਈ ਯੋਗ ਸਮਝਿਆ। ਮੇਰੀ ਬੇਟੀ ਮਾਨਵਦੀਪ ਕੌਰ ਗਿੱਲ, ਜਿਸ ਨੇ ਪੁਸਤਕ ਨੂੰ ਛੇਤੀ ਪੂਰਾ ਕਰਨ ਲਈ ਪ੍ਰੇਰਿਆ, ਦਾ ਵੀ ਧੰਨਵਾਦ। ਮੈਂ ਉਹਨਾਂ ਸਭ ਪ੍ਰਾਣੀਆਂ ਦਾ ਵੀ ਧੰਨਵਾਦੀ ਹਾਂ, ਜਿਹਨਾਂ ਨੇ ਪੁਸਤਕ ਦੀ ਛਪਾਈ ਲਈ ਮਾਇਕ ਸਹਾਇਤਾ ਦਿੱਤੀ। ਆਖਿਰ ਵਿੱਚ ਪ੍ਰੋ. ਬਲਵਿੰਦਰਪਾਲ ਸਿੰਘ ਜੀ ਦਾ ਤਹਿ ਦਿਲੋਂ ਰਿਣੀ ਹਾਂ, ਜਿਹਨਾਂ ਨੇ ਪੁਸਤਕ ਦੇ ਖਰੜੇ ਨੂੰ ਟਾਈਪ ਕਰਵਾਇਆ, ਗਲਤੀਆਂ ਸੁਧਾਰੀਆਂ ਤੇ ਸੋਧ ਕੇ ਪੁਸਤਕ ਨੂੰ ਸੁੰਦਰ ਰੂਪ ਵਿੱਚ ਤਿਆਰ ਕੀਤਾ। ਇਹਨਾਂ ਦੇ ਸਹਿਯੋਗ ਕਾਰਨ ਪੁਸਤਕ ਦਾ ਅੰਤਿਮ ਰੂਪ ਨਿਚੋੜ ਬਹੁਤ ਹੀ ਵਧੀਆ ਲਿਖਿਆ ਗਿਆ ਹੈ, ਉਸ ਲਈ ਵਿਸ਼ੇਸ਼ ਧੰਨਵਾਦ।

ਮੈਂ ਆਪਣੇ ਵੱਲੋਂ ਨਵਜੋਤ ਸਿੰਘ ਜੀ ਦਾ ਧੰਨਵਾਦ ਕਰਦਾ ਹਾਂ, ਜਿਸ ਨੇ ਪੁਸਤਕ ਦੇ ਖਰੜੇ ਨੂੰ ਸਕੈਨ ਕਰਕੇ ਪੀ. ਡੀ. ਐਫ. ਬਣਾਇਆ। ਜੀਵਨ ਸਾਥਣ ਬੀਬੀ ਹਰਜੀਤ ਕੌਰ ਵੱਲੋਂ ਮਿਲੇ ਸਹਿਯੋਗ ਤੇ ਪ੍ਰੇਰਣਾ ਦਾ ਵੀ ਧੰਨਵਾਦ।

**ਪੂਰਨ ਸਿੰਘ (ਡਾਕਟਰ)**
**ਸੰਪਾਦਕ, ਸਿੱਖ ਮਾਰਗ**

# ਹਿੰਦੂ ਸਮਾਜ ਅਤੇ ਮਾਸ ਅਹਾਰ ਪਰੰਪਰਾ

ਮੁੱਢ ਵਿਚ ਆਰੀਅਨ ਲੋਕ ਟੱਪਰੀਵਾਸਾਂ ਵਾਂਗ ਭਾਰਤ ਵਿਚ ਆਏ ਅਤੇ ਇਹਨਾਂ ਦੀ ਆਰਥਿਕਤਾ ਪਸ਼ੂ ਪਾਲਣ ਅਤੇ ਥੋੜ੍ਹੀ ਬਹੁਤੀ ਖੇਤੀਬਾੜੀ ਉੱਤੇ ਨਿਰਭਰ ਸੀ। ਇਹਨਾਂ ਲੋਕਾਂ ਲਈ ਪਸ਼ੂ ਹੀ ਕੀਮਤੀ ਜਾਇਦਾਦ ਸੀ। ਇਹਨਾਂ ਟੱਪਰੀਵਾਸਾਂ ਨੇ ਪਸ਼ੂਆਂ ਦੀ ਬਲੀ ਜਾ ਕੁਰਬਾਨੀ ਦੇਣ ਦੀ ਪਰੰਪਰਾ ਵੀ ਨਾਲ ਲਿਆਂਦੀ। ਇਹਨਾਂ ਵੱਲੋਂ ਵੇਦਿਕ ਕਾਲ ਦੌਰਾਨ ਪਸ਼ੂਆਂ ਦੀ ਬਲੀ ਦੇਣ ਨੂੰ ਪਸ਼ੂਬੰਧਾ ਆਖਿਆ ਜਾਂਦਾ ਸੀ ਅਤੇ ਇਹੀ ਪਸ਼ੂ-ਬਲੀ ਦੀ ਪ੍ਰਥਾ ਪੂਰਬੀ ਯੂਰਪ ਦੇ ਲੋਕਾਂ ਵਿਚ ਪ੍ਰਚਲਤ ਸੀ। ਅਵੇਸਟਾ (ਯੋਰੋਸਟ੍ਰੀਅਨਇਜ਼ਮ ਦੀ ਧਾਰਮਿਕ ਪੁਸਤਕ) ਵਿਚ 100 ਬਲਦ, 1000 ਛੋਟੇ ਪਸ਼ੂ, 100 ਘੋੜੇ, 10,000 ਭੇਡਾਂ ਤੇ ਬੱਕਰੀਆਂ ਤੇ 1000 ਉਠਾਂ ਦੀ ਬਲੀ ਦੇਣ ਦਾ ਜ਼ਿਕਰ ਕੀਤਾ ਗਿਆ ਹੈ।

ਭਾਰਤ ਅੰਦਰ ਹਿੰਦੂਆਂ ਵੱਲੋਂ ਵੱਖ-ਵੱਖ ਦੇਵਤਿਆਂ ਦੀ ਸੋਚ ਵੀ ਆਰੀਅਨ ਲੋਕ ਬਾਹਰੋਂ ਲੈ ਕੇ ਆਏ। ਵਿਸ਼ੇਸ਼ ਤੌਰ ਉੱਤੇ ਇੰਦਰ, ਅਗਨੀ, ਸੋਮ ਆਦਿ। ਇਹ ਬਲੀ ਕੀਤੇ ਪਸ਼ੂ, ਦੇਵਤਿਆਂ ਦੀ ਮਨਪਸੰਦ ਖੁਰਾਕ ਹਨ, ਕਿਉਂਕਿ ਆਰੀਅਨ ਟੱਪਰੀਵਾਸਾਂ ਕੋਲ ਪਸ਼ੂ ਹੀ ਵੱਡੀ ਜਾਇਦਾਦ ਸਨ ਅਤੇ ਉਹਨਾਂ ਦੀ ਬਲੀ ਦੇ ਕੇ ਆਪਣੇ ਦੇਵਤਿਆਂ ਨੂੰ ਪ੍ਰਸੰਨ ਕਰਦੇ ਸਨ। ਜੋ ਉਹ ਭੋਜਨ ਖੁਦ ਖਾਂਦੇ ਸਨ, ਉਹੀ ਭੋਜਨ ਦੇਵਤਿਆਂ ਨੂੰ ਭੇਂਟ ਕੀਤਾ ਜਾਂਦਾ ਸੀ।"

*('The myth of the Holy Cow by D.N.Jha, p. 28-29)*

1995 ਵਿਚ ਇਕ ਲੇਖ 'ਨਵਾਂ ਜ਼ਮਾਨਾ' ਅਖ਼ਬਾਰ ਵਿਚ ਛਪਿਆ ਸੀ, ਜਿਸ ਦਾ ਸਿਰਲੇਖ ਸੀ 'ਮਾਸ ਖਾਣ ਦੀ ਪਰੰਪਰਾ ਤੇ ਹਿੰਦੂ ਧਰਮ' ਲੇਖਕ ਡਾਕਟਰ ਸੁਰਿੰਦਰ ਅਜਨਾਤ ਜੀ ਸਨ। ਉਸ ਲੇਖ ਵਿਚੋਂ ਕਈ ਅਹਿਮ ਗੱਲਾਂ ਦਾ ਪਤਾ ਲੱਗਾ। ਉਹਨਾਂ ਇਕ ਬਹੁਤ ਹੀ ਸੁੰਦਰ ਖਿਆਲ ਪੇਸ਼ ਕੀਤਾ ਕਿ 'ਹਰ ਵਿਅਕਤੀ ਨੂੰ ਇਹ ਹੱਕ ਹੈ ਕਿ ਉਹ ਭਾਵੇਂ ਮਾਸਾਹਾਰੀ ਹੋਵੇ ਜਾਂ ਸ਼ਾਕਾਹਾਰੀ, ਹਰ ਇਕ ਦੇ ਆਪਣੇ ਗੁਣ ਜਾਂ ਦੋਸ਼ ਹੋ ਸਕਦੇ ਹਨ, ਪਰ ਕਿਸੇ ਨੂੰ ਆਪਣੀ ਰੁਚੀ ਨੂੰ, ਇਸ ਜਾਂ ਉਸ ਬਹਾਨੇ ਦੂਜਿਆਂ ਉਪਰ ਥੋਪਣ ਦਾ ਕੋਈ ਅਧਿਕਾਰ ਨਹੀਂ। ਕਿਸੇ ਨੂੰ ਮੂੰਗੀ ਦੀ ਦਾਲ ਚੰਗੀ ਲੱਗ

ਸਕਦੀ ਹੈ ਤੇ ਉਸਨੂੰ ਉਹ ਮੁਬਾਰਕ ਹੋਵੇ, ਪਰ ਉਸਨੂੰ ਇਹ ਹੱਕ ਨਹੀਂ ਕਿ ਉਹ ਸਭ ਲਈ ਮੂੰਗੀ ਹੀ ਲਾਗੂ ਕਰ ਦੇਵੇ। ਇਸੇ ਤਰ੍ਹਾਂ ਕਿਸੇ ਮਾਸਾਹਾਰੀ ਨੂੰ ਵੀ ਆਪਣੀ ਪਸੰਦ ਸਭ ਉੱਤੇ ਥੋਪਣ ਦਾ ਕੋਈ ਹੱਕ ਨਹੀਂ।"

ਡੇਰਾਬਸੀ ਵਿਚ ਇਕ ਬੁੱਚੜਖਾਨਾ ਸੀ ਅਤੇ ਇਸ ਨੂੰ ਸਰਕਾਰ ਨੇ ਬੰਦ ਕਰ ਦਿੱਤਾ। ਜਦੋਂ ਇਸ ਬੁੱਚੜਖਾਨੇ ਨੂੰ ਬੰਦ ਕੀਤਾ ਗਿਆ ਤਾਂ ਇਕ ਪੱਖ ਦੇ ਲੋਕਾਂ ਨੇ ਕਿਹਾ ਕਿ ਧਾਰਮਿਕ ਸ਼ਕਤੀਆਂ ਦੀ ਜਿੱਤ ਹੋਈ ਹੈ ਅਤੇ ਦੂਜੇ ਪਾਸੇ ਇਕ ਵਰਗ ਵੱਲੋਂ ਇਸ ਬੁੱਚੜਖਾਨੇ ਨੂੰ ਬੰਦ ਕਰਨ ਦੀ ਨਿੰਦਾ ਕੀਤੀ ਗਈ ਅਤੇ ਸਰਕਾਰ ਤੇ ਦੋਸ਼ ਲਗਾਇਆ ਕਿ ਉਸ ਨੇ ਪਿਛਾਂਹ ਖਿੱਚੂ ਲੋਕਾਂ ਅੱਗੇ ਹਥਿਆਰ ਸੁੱਟ ਕੇ ਹਾਰ ਮੰਨੀ ਹੈ। ਉਪਰੋਕਤ ਬੁੱਚੜਖਾਨੇ ਦੇ ਬੰਦ ਹੋਣ ਤੇ ਕੁਛ ਕੱਟੜ ਹਿੰਦੂ ਜਥੇਬੰਦੀਆਂ ਵਲੋਂ ਵਿਸ਼ੇਸ਼ ਤੌਰ ਉੱਤੇ ਖੁਸ਼ੀ ਪ੍ਰਗਟਾਈ ਗਈ। ਸਾਨੂੰ ਭਲੀ ਪ੍ਰਕਾਰ ਪਤਾ ਹੈ ਕਿ ਸਾਰੇ ਸੰਸਾਰ ਅੰਦਰ ਬੁੱਚੜਖਾਨੇ ਬਣੇ ਹੋਏ ਹਨ। ਦੇਸ ਦੀ ਆਰਥਿਕਤਾ ਲਈ ਜ਼ਰੂਰੀ ਹੈ ਕਿ ਲੋਕਾਂ ਲਈ ਵੱਧ ਤੋਂ ਵੱਧ ਕਿਰਤ ਦੇ ਸਾਧਨ ਹੋਣ। ਵਿਦੇਸ਼ਾਂ ਵਿਚ ਅਨੇਕਾਂ ਥਾਈਂ ਬੁੱਚੜਖਾਨੇ ਹਨ, ਮੀਟ ਪਲਾਂਟ ਹਨ, ਜਿੱਥੇ ਸਮੂਹ ਧਰਮਾਂ ਦੇ ਲੋਕ ਕਿਰਤ ਕਰਦੇ ਹਨ, ਭਾਵੇਂ ਉਹ ਮਾਸਾਹਾਰੀ ਹੋਣ ਜਾਂ ਸ਼ਾਕਾਹਾਰੀ, ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੁੰਦਾ। ਮੈਨੂੰ ਇਕ ਸੱਚੀ ਘਟਨਾ ਯਾਦ ਆਈ। ਮੇਰੇ ਬੇਟੀ ਦੇ ਘਰ ਇਕ ਬੀਬੀ ਰੋਟੀ ਟੁੱਕ ਦਾ ਕੰਮ ਕਰਦੀ ਸੀ ਤੇ ਉਹ ਅੰਮ੍ਰਿਤਧਾਰੀ ਸੀ। ਇਕ ਦਿਨ ਅਚਾਨਕ ਉਸ ਦੇ ਹੱਥਾਂ ਵਿਚ ਟਰਕੀ ਦੇ ਸਲਾਈਸਜ਼ ਦਾ ਪੈਕਟ ਆ ਗਿਆ। ਉਹ ਇਕਦਮ ਗੁਸਲਖਾਨੇ ਵਲ ਦੌੜੀ ਤਾਂ ਜੋ ਹੱਥ ਧੋ ਲਵੇ। ਮੈਂ ਸਬੱਬੀ ਖਲੋਤਾ ਸਾਂ। ਮੈਂ ਉਸ ਬੀਬੀ ਨੂੰ ਰੋਕ ਕੇ ਪੁਛਿਆ ਕਿ ਕੀ ਉਸ ਨੇ ਮੱਛੀਆਂ ਕੱਟਣ ਵਾਲੇ ਪਲਾਂਟ ਵਿਚ ਕੰਮ ਨਹੀਂ ਕੀਤਾ? ਉਸ ਨੇ ਕਿਹਾ ਕਿ ਉਸ ਨੇ ਮੱਛੀਆਂ ਵਾਲੇ ਪਲਾਂਟ ਵਿਚ ਕੰਮ ਕੀਤਾ। ਫਿਰ ਉਸਨੂੰ ਧਰਵਾਸ ਆਇਆ।

## ਹਿੰਦੂ ਧਰਮ ਤੇ ਗਊ ਮਾਸ

ਆਮ ਤੌਰ ਉੱਤੇ ਜੇਕਰ ਅਸੀਂ ਇਹ ਸਵਾਲ ਕਿਸੇ ਹਿੰਦੂ ਨੂੰ ਪੁਛਾਂਗੇ ਕਿ ਕੀ ਹਿੰਦੂ ਗਊ ਮਾਸ ਖਾਂਦੇ ਸਨ? ਤਾਂ ਉਸ ਵਲੋਂ ਉੱਤਰ ਹੋਵੇਗਾ ਕਿ ਇਹ ਮੰਨਣਯੋਗ ਨਹੀਂ ਕਿ ਹਿੰਦੂ ਗਊ ਮਾਸ ਖਾਂਦੇ ਸਨ। ਹੈਰਾਨੀ ਉਸ ਸਮੇਂ ਹੁੰਦੀ ਹੈ ਕਿ ਜਦੋਂ ਵਿਦਵਾਨ ਬ੍ਰਾਹਮਣ ਆਖਦੇ ਹਨ ਕਿ ਹਿੰਦੂ ਕਦੀ ਵੀ ਗਊ ਮਾਸ ਦਾ ਸੇਵਨ ਨਹੀਂ ਕਰਦੇ ਸਨ, ਸਗੋਂ ਉਹ ਤਾਂ ਗਊ ਨੂੰ ਪਵਿੱਤਰ ਜਾਨਵਰ ਸਮਝਦੇ ਸਨ ਅਤੇ ਹਮੇਸ਼ਾਂ

ਗਊ ਹੱਤਿਆ ਦਾ ਵਿਰੋਧ ਕਰਦੇ ਸਨ। ਇਸ ਤੱਥ ਵਿਚ ਕੋਈ ਸੱਚਾਈ ਨਹੀਂ ਹੈ।

ਹਿੰਦੂਆਂ ਦੇ ਧਾਰਮਿਕ ਗ੍ਰੰਥਾਂ ਅੰਦਰ ਪਸ਼ੂਆਂ ਦੀ ਬਲੀ ਦੇਣ ਬਾਰੇ ਵਿਸਥਾਰ ਵਿਚ ਲਿਖਿਆ ਮਿਲਦਾ ਹੈ ਕਿ ਵੱਖ-ਵੱਖ ਦੇਵਤਿਆਂ ਨੂੰ ਖੁਸ਼ ਕਰਨ ਲਈ ਵੱਖ-ਵੱਖ ਪਸ਼ੂਆਂ ਦੀ ਬਲੀ ਦਿੱਤੀ ਸੀ। ਇਹਨਾਂ, ਕਰਮ-ਕਾਂਡਾਂ ਨੂੰ ਕਰਨ ਦੀ ਵਿਧੀ ਵੈਦਿਕ ਸਰੂਤੀਆਂ, ਜਿਹਨਾਂ ਨੂੰ ਬ੍ਰਾਹਮਣ ਪੁਸਤਕਾਂ ਦਾ ਨਾਮ ਦਿੱਤਾ ਗਿਆ ਹੈ, ਅੰਦਰ ਅੰਕਿਤ ਹੈ। ਇਹਨਾਂ ਵਿਚ ਪੁਜਾਰੀ ਨੂੰ ਦੱਸਿਆ ਗਿਆ ਹੈ ਕਿ ਕਿਸ ਤਰ੍ਹਾਂ ਬਲੀ ਦੀ ਰਸਮ ਨੂੰ ਨਿਭਾਇਆ ਜਾਵੇ।

ਇਹਨਾਂ ਧਾਰਮਿਕ ਸੂਤਰਾਂ ਦਾ ਵਿਸ਼ਾ-ਵਸਤੂ ਸਿਰਫ ਜਾਨਵਰਾਂ ਤੱਕ ਸੀਮਤ ਨਹੀਂ, ਸਗੋਂ ਦਰੱਖਤਾਂ ਅਤੇ ਅਨਾਜ ਦਾ ਵੀ ਸੰਬੰਧ ਹੈ ਅਤੇ ਉਹਨਾਂ ਦੀ ਵੀ ਮਹੱਤਵਪੂਰਨ ਭੂਮਿਕਾ ਹੈ ਕਿ ਜੋ ਵਸਤੂਆਂ ਖਾਣ-ਪੀਣ ਵਿਚ ਪ੍ਰਯੋਗ ਹੁੰਦੀਆਂ ਹਨ, ਉਹਨਾਂ ਸਾਰਿਆਂ ਵਿਚ ਜਾਨ ਹੁੰਦੀ ਹੈ। ਇਸ ਵੈਦਿਕ ਸ਼ਰੂਤੀ ਵਿਚ ਸਪੱਸ਼ਟ ਕੀਤਾ ਗਿਆ ਹੈ।"

ਇਸ ਵਿਚ ਇਹ ਨਹੀਂ ਕਿਹਾ ਗਿਆ ਕਿ ਜਾਨਵਰਾਂ ਜਾਂ ਅਨਾਜ ਨੂੰ ਖਾਣ ਤੋਂ ਸੰਕੋਚ ਕੀਤਾ ਜਾਵੇ। (ਇੱਥੇ ਨਸੀਹਤ ਦਿੱਤੀ ਗਈ ਹੈ ਕਿ ਦੁਖਦਾਈ ਨਤੀਜਿਆਂ ਤੋਂ ਬਚਾਓ ਲਈ ਯੋਗ ਕਰਮ-ਕਾਂਡ ਕੀਤੇ ਜਾਣ ਤਾਂ ਜੋ, ਜੋ ਤੁਸੀਂ ਇੱਥੇ ਖਾਂਦੇ ਹੋ, ਉਸ ਦੇ ਨਤੀਜੇ ਮੰਦਭਾਗੇ ਨਾ ਹੋਣ। (ਸੁਰਗਾਂ/ਨਰਕਾਂ ਵਿਚ) ਖਤਰਾ ਉਸ ਸਮੇਂ ਹੁੰਦਾ ਹੈ, ਜਦੋਂ ਕੋਈ ਵਿਅਕਤੀ ਸ਼ਰਧਾਹੀਨ ਹੋ ਜਾਂਦਾ ਹੈ ਅਤੇ ਦੇਵਤਿਆਂ ਨੂੰ ਭੇਂਟ ਕੀਤੇ ਬਿਨਾਂ ਅਤੇ ਧਾਰਮਿਕ ਪੂਜਾ ਕਰਨ ਤੋਂ ਬਿਨਾਂ ਖਾਧਾ ਜਾਵੇ। ਇਸ ਵੈਦਿਕ ਸ਼ਰੂਤੀ ਵਿਚ ਇਹ ਨਹੀਂ ਲਿਖਿਆ ਹੋਇਆ ਕਿ, "ਜਾਨਵਰਾਂ ਦਾ ਮਾਸ ਨਾ ਖਾਓ ਅਤੇ ਫਿਰ ਉਹ ਤੁਹਾਨੂੰ ਖਾਣਗੇ।" ਸਗੋਂ ਲਿਖਿਆ ਹੈ ਕਿ ਜਾਨਵਰਾਂ ਦਾ ਮਾਸ ਰਹੁ-ਰੀਤ ਅਨੁਸਾਰ ਖਾਓ, ਨਹੀਂ ਤਾਂ ਉਹ ਤੁਹਾਨੂੰ ਖਾਣਗੇ।"

*(ਦਾ ਹਿੰਦੂਜ਼, ਪੰਨਾ 147-150)*

ਇਹ ਪ੍ਰਕਿਰਿਆ ਉਸ ਤਰ੍ਹਾਂ ਦੀ ਹੈ, ਜਿਵੇਂ ਮਾਸ ਅਹਾਰ ਨੂੰ ਖਾਣ ਯੋਗ ਬਨਾਉਣ ਲਈ ਕੋਸ਼ਰ ਅਤੇ ਹਲਾਲ ਮਾਸ ਤਿਆਰ ਹੁੰਦੇ ਹਨ। ਇੱਥੇ ਵੈਦਿਕ ਪਰੰਪਰਾ ਅਨੁਸਾਰ ਬਲੀ ਦੀ ਰਸਮ ਨਿਭਾਉਣ ਵਾਲਾ ਪੁਜਾਰੀ, ਪਹਿਲਾਂ ਅਗਨੀ ਦੇਵਤਾ ਨੂੰ ਭੇਟਾ ਦਿੰਦਾ ਹੈ, ਫਿਰ ਲੋਕਾਂ ਨੂੰ ਖਾਣ ਲਈ ਸੱਦਾ ਦਿੰਦਾ ਹੈ। ਜਿਵੇਂ ਉਪਰ ਇਸ਼ਾਰੇ ਮਾਤਰ ਦੱਸਿਆ ਹੈ ਕਿ ਕੋਸ਼ਰ ਤੇ ਹਲਾਲ ਵੀ ਧਾਰਮਿਕ ਰਹੁ-ਰੀਤ ਅਨੁਸਾਰ ਖਾਣ ਯੋਗ ਬਣਦੇ ਹਨ। ਜੇਕਰ ਕਿਸੇ ਸਮੇਂ ਧਾਰਮਿਕ ਰਹੁ-ਰੀਤ ਕਰਨ

ਸਮੇਂ ਕੋਈ ਗਲਤ ਹੋ ਗਿਆ ਹੋਵੇ ਤਾਂ ਪੁਜਾਰੀ ਵਲੋਂ ਉਸ ਨੂੰ ਠੀਕ ਕਰਨ ਲਈ ਉਪਾਅ ਕੀਤਾ ਜਾਂਦਾ ਹੈ ਅਤੇ ਪੁਜਾਰੀ ਤੁਹਾਨੂੰ ਦੱਸੇਗਾ ਕਿ ਭੈੜੇ ਕਰਮਾਂ ਤੋਂ ਕਿਵੇਂ ਮੁਕਤ ਹੋਣਾ ਹੈ। ਉਹ ਤੁਹਾਨੂੰ ਦਸੇਗਾ ਕਿ ਤੀਰਥ ਯਾਤਰਾ ਕਰਕੇ ਜਾਂ ਕਿਸੇ ਦੇਵਤੇ ਮੂਹਰੇ ਸਮਰਪਣ ਹੋ ਕੇ ਤੁਸੀਂ ਕਿਵੇਂ ਦੋਸ਼ ਮੁਕਤ ਹੋ ਸਕਦੇ ਹੋ ?

ਜਿਵੇਂ ਪਹਿਲਾਂ ਉਲੇਖ ਕੀਤਾ ਹੈ ਕਿ ਜੋ ਕੁਝ ਅਸੀਂ ਇੱਥੇ ਕਰਦੇ ਹਾਂ, ਉਸ ਦਾ ਫਲ ਦੂਜੀ ਦੁਨੀਆਂ ਵਿਚ ਮਿਲੇਗਾ। ਇਸ ਸੋਚ ਨੂੰ ਜੈਨ ਧਰਮ ਅਤੇ ਬੁਧ ਧਰਮ ਵਿਚ ਸਵੀਕਾਰਿਆ ਗਿਆ ਹੈ ਅਤੇ ਪਿੱਛੋਂ ਹਿੰਦੂ ਧਰਮ ਅੰਦਰ ਵੀ ਅਜਿਹਾ ਵਿਸ਼ਵਾਸ ਪ੍ਰਚਲਤ ਹੋ ਗਿਆ।

ਹੁਣ ਅਸੀਂ ਮੁਲਾਂਕਣ ਕਰਨਾ ਹੈ ਕਿ ਕੀ ਹਿੰਦੂ ਮੁੱਢ ਤੋਂ ਹੀ ਸ਼ਾਕਾਹਾਰੀ ਹਨ ? ਜਾਂ ਕੀ ਹਿੰਦੂਆਂ ਜਾਂ ਬ੍ਰਾਹਮਣਾਂ ਨੇ ਕਦੀ ਗਊ ਮਾਸ ਨਹੀਂ ਖਾਧਾ ? ਇਹਨਾਂ ਸਵਾਲਾਂ ਦਾ ਉੱਤਰ, ਸਾਨੂੰ ਉਹਨਾਂ ਦੇ ਧਾਰਮਿਕ ਗ੍ਰੰਥਾਂ ਵਿਚੋਂ ਹੀ ਮਿਲ ਸਕੇਗਾ। ਭਾਰਤ ਦੇ ਇਕ ਮਹਾਨ ਹਿੰਦੂ ਦਾਰਸ਼ਨਿਕ ਦੇ ਵਿਚਾਰ ਸਾਂਝੇ ਕਰਦੇ ਹਾਂ, ਜਿਸ ਨੂੰ ਸਮੂਹ ਵਰਗ ਦੇ ਲੋਕ ਬਤੌਰ ਮਹਾਨ ਵਿਦਵਾਨ ਮੰਨਦੇ ਹਨ। ਯੂ. ਐਸ. ਏ. ਸ਼ਿਕਾਗੋ ਵਿਖੇ 1892 ਹੋਈ ਵਿਸ਼ਵ ਧਰਮ ਸੰਮੇਲਨ ਵਿਚ ਸਵਾਮੀ ਵਿਵੇਕਾਨੰਦ ਜੀ ਨੇ ਹਿੰਦੂ ਧਰਮ ਵਲੋਂ ਭਾਗ ਲਿਆ। ਆਪ ਲਿਖਦੇ ਹਨ, "ਆਪ ਜੀ ਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਪ੍ਰਾਚੀਨ ਕਰਮਕਾਂਡ ਮੁਤਾਬਕ ਉਹ ਆਦਮੀ ਚੰਗਾ ਹਿੰਦੂ ਨਹੀਂ ਜੋ ਗਊ ਮਾਸ ਨਹੀਂ ਖਾਂਦਾ। ਉਸ ਨੂੰ ਕੁਝ ਨਿਸ਼ਚਤ ਅਵਸਰਾਂ 'ਤੇ ਬੈਲ ਦੀ ਬਲੀ ਦੇ ਕੇ ਉਸਦਾ ਮਾਸ ਜ਼ਰੂਰ ਖਾਣਾ ਚਾਹੀਦਾ ਹੈ।"

ਉਹ ਅੱਗੇ ਲਿਖਦੇ ਹਨ, "ਕਿ ਵੱਖ-ਵੱਖ ਥਾਵਾਂ ਉੱਤੇ ਪੇਂਡੂ ਦੇਵਤੇ ਅਤੇ ਵਹਿਮਾਂ ਭਰਮਾਂ ਅਨੁਸਾਰ ਰਿਵਾਜ ਬਣੇ ਹੁੰਦੇ ਹਨ। ਇਹ ਸਾਡੇ ਸੁਭਾਅ ਵਿਚ ਹੈ ਕਿ ਅਸੀਂ ਉਹਨਾਂ ਵਹਿਮਾਂ-ਭਰਮਾਂ ਨੂੰ ਧਰਮ ਦਾ ਅੰਗ ਮੰਨਣ ਲੱਗ ਜਾਂਦੇ ਹਾਂ। ਅਜਿਹੇ ਵਿਸ਼ਵਾਸ ਸਵੈ-ਵਿਰੋਧੀ ਹੁੰਦੇ ਹਨ। ਪਤਾ ਨਹੀਂ ਲੱਗਦਾ ਕਿ ਇਹਨਾਂ ਨੂੰ ਮੰਨੀਏ ਜਾ ਨਾ ਮੰਨੀਏ ? ਦੱਖਣੀ ਭਾਰਤ ਦਾ ਬ੍ਰਾਹਮਣ, ਜਦੋਂ ਦੂਸਰੇ ਇਲਾਕੇ ਦੇ ਬ੍ਰਾਹਮਣ ਨੂੰ ਮਾਸ ਖਾਂਦੇ ਨੂੰ ਦੇਖਦਾ ਹੈ ਤਾਂ ਹੱਕਾ ਬੱਕਾ ਹੋ ਜਾਂਦਾ ਸੀ। ਉੱਤਰੀ ਭਾਰਤ ਦੇ ਬ੍ਰਾਹਮਣ ਲਈ ਸੈਂਕੜੇ ਬੱਕਰਿਆਂ ਦੀ ਕੁਰਬਾਨੀ ਕਰਨੀ ਜਾਂ ਬਲੀ ਦੇਣੀ ਪਵਿੱਤਰ ਕਰਮ ਸੀ।"

"ਭਾਰਤ ਅੰਦਰ ਕੋਈ ਸਮਾਂ ਸੀ ਜਦੋਂ ਗਊ ਮਾਸ ਖਾਣ ਤੋਂ ਬਿਨਾਂ ਬ੍ਰਾਹਮਣ ਹੀ ਨਹੀਂ ਅਖਵਾ ਸਕਦਾ ਸੀ। ਇਹ ਵੇਦਾਂ ਅੰਦਰ ਦਰਜ ਹੈ ਕਿ ਜਦੋਂ ਕੋਈ

ਸੰਨਿਆਸੀ ਰਾਜਾ ਜਾਂ ਕੋਈ ਪ੍ਰਮੁੱਖ ਹਸਤੀ ਘਰ ਆਉਂਦੀ ਹੈ ਤਾਂ ਉਸ ਦੇ ਆਓ ਭਗਤ ਕਰਨ ਲਈ ਚੰਗੇ ਬਲਦ ਨੂੰ ਮਾਰਿਆ ਜਾਂਦਾ ਸੀ।" ਸਮੇਂ ਅਨੁਸਾਰ ਮਹਿਸੂਸ ਕੀਤਾ ਗਿਆ ਕਿ ਖੇਤੀਬਾੜੀ ਕਰਨਾ ਲੋਕਾਂ ਦਾ ਮੁੱਖ ਕਿੱਤਾ ਸੀ। ਭਾਵ ਬਲਦਾਂ ਨੂੰ ਮਾਰਨ ਨਾਲ ਉਹਨਾਂ ਦੀ ਨਸਲ ਖਤਮ ਹੋਣ ਦਾ ਡਰ ਪੈਦਾ ਹੋ ਗਿਆ, ਇਸ ਕਰਕੇ ਇਹ ਪਰੰਪਰਾ ਬੰਦ ਹੋਈ।"

*(The Complete Works of Swami Vivekanand, Vol-III, p. 173-174)*

ਡਾਕਟਰ ਅੰਬੇਦਕਰ ਇਸ ਤੱਥ ਨਾਲ ਸਹਿਮਤ ਨਹੀਂ ਕਿ ਹਿੰਦੂਆਂ ਨੇ ਸਮੇਂ ਅਨੁਸਾਰ ਮਹਿਸੂਸ ਕੀਤਾ ਕਿ ਬਲਦਾਂ ਨੂੰ ਮਾਰਨ ਨਾਲ ਉਹਨਾਂ ਦੀ ਨਸਲ ਖਤਮ ਹੋਣ ਦਾ ਡਰ ਸੀ ਅਤੇ ਉਹਨਾਂ ਨੇ ਗਊ ਮਾਰਨ ਦੇ ਵਿਰੁਧ ਅਵਾਜ਼ ਉਠਾਈ। ਡਾਕਟਰ ਅੰਬੇਦਕਰ ਅਨੁਸਾਰ ਗਊਆਂ ਦੀ ਬਲੀ ਜਾਂ ਗਊ ਮਾਸ ਖਾਣ ਦਾ ਵਿਰੋਧ ਬ੍ਰਾਹਮਣਾਂ ਵਲੋਂ ਸਮੇਂ ਦੀ ਮੰਗ ਅਨੁਸਾਰ ਕੀਤਾ ਗਿਆ। ਦੂਸਰਾ ਬੁਧ ਧਰਮ ਦਾ ਹਾਵੀ ਹੋਣਾ ਅਤੇ ਉਹਨਾਂ ਵਲੋਂ ਜੀਵ ਹੱਤਿਆ ਜਾਂ ਅਹਿੰਸਾ ਦਾ ਪ੍ਰਚਾਰ ਦਾ ਪ੍ਰਭਾਵ ਸੀ, ਜਿਸ ਕਰਕੇ ਬ੍ਰਾਹਮਣਾਂ ਨੇ ਪਸ਼ੂਆਂ ਦੀ ਬਲੀ ਦੀ ਪਰੰਪਰਾ ਨੂੰ ਬੰਦ ਕੀਤਾ। ਉਹਨਾਂ ਵਲੋਂ ਲੋਕਾਈ ਨੂੰ ਦੱਸਣ ਦਾ ਯਤਨ ਕੀਤਾ ਗਿਆ ਕਿ ਉਹ ਗਊ ਜਾਂ ਪਸ਼ੂਆਂ ਦੀ ਹੱਤਿਆ ਦੇ ਵਿਰੋਧੀ ਹਨ ਤੇ ਸ਼ਾਕਾਹਾਰੀ ਹਨ।

## ਸਰਾਧਾਂ ਵਿਚ ਪਿੱਤਰਾਂ ਨੂੰ ਤ੍ਰਿਪਤ ਕਰਨ ਲਈ ਮਾਸ ਅਹਾਰ

ਹਿੰਦੂਆਂ ਅੰਦਰ ਸਰਾਧ ਦੀ ਪਰੰਪਰਾ ਵੀ ਹੈ। ਸਰਾਧ ਦੇ ਅੱਖਰੀ ਅਰਥ ਸ਼ਰਧਾ ਨਾਲ ਕੀਤਾ ਹੋਇਆ ਕਰਮ। ਇਹਨਾਂ ਦੀ ਮਨੌਤ ਹੈ ਕਿ ਸ਼ਰਧਾ ਨਾਲ ਕੀਤਾ ਹੋਇਆ ਅੰਨ ਅਤੇ ਵਸਤਰ ਆਦਿ ਦਾ ਦਾਨ ਪਿੱਤਰਾਂ ਨੂੰ ਪਹੁੰਚ ਜਾਂਦਾ ਹੈ। ਇਸ ਤਰ੍ਹਾਂ ਦੇ ਦਾਨ ਨੂੰ ਪਹੁੰਚਾਉਣ ਦਾ ਕੰਮ ਪੁਜਾਰੀ (ਬ੍ਰਾਹਮਣ) ਰਾਹੀਂ ਹੀ ਹੋ ਸਕਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਹਿੰਦੂ ਮਤ ਵਿਚ ਸਰਾਧ ਦੇ ਚਾਰ ਭੇਦ ਹਨ। ਪਹਿਲਾਂ ਨਿਤਯ ਸਰਾਧ, ਜੋ ਨਿਤ ਹੀ ਦੇਵਤਾ, ਪਿੱਤਰਾਂ ਨੂੰ ਜਲ ਆਦਿ ਦੇਣਾ। ਦੂਜਾ ਪਾਰਵਣ, ਜੋ ਅਮਾਵਸ ਆਦਿ ਪੁਰਵਾਂ ਪੁਰ ਕਰਨਾ। ਤੀਜਾ ਕਯਾਹ, ਜੋ ਮੋਏ ਹੋਏ ਪਿੱਤਰ ਦੇ ਦਿਹਾਂਤ ਵਾਲੇ ਦਿਨ ਕਰਨਾ। ਚੌਥਾ ਮਹਾਲਯ, ਜੋ ਅੱਸੂ ਦੇ ਪਹਿਲੇ ਪੱਖ ਵਿਚ ਕਰਨਾ।

ਮਨੂੰ ਸਿਮਰਤੀ ਹਿੰਦੂਆਂ ਦਾ ਧਰਮ ਸ਼ਾਸ਼ਤਰ ਹੈ ਅਤੇ ਮਨੂੰ ਦੀ ਰਚਨਾ ਹੈ। ਜਿਵੇਂ ਮੰਨਿਆ ਜਾਂਦਾ ਹੈ ਕਿ ਜੇਕਰ ਸ਼ਰਧਾ ਨਾਲ ਅੰਨ ਵਸਤਰ ਅਤੇ ਅੰਨ ਦਾਨ

ਬ੍ਰਾਹਮਣ ਨੂੰ ਕੀਤਾ ਜਾਵੇ, ਤਾਂ ਪਿੱਤਰਾਂ ਨੂੰ ਅਵੱਸ਼ ਪਹੁੰਚ ਜਾਂਦਾ ਹੈ। ਇੱਥੇ ਸਾਡਾ ਕੋਈ ਅਜਿਹਾ ਮਨੋਰਥ ਨਹੀਂ ਕਿ ਇਸ ਕਰਮਕਾਂਡ ਦਾ ਮੁਲਾਂਕਣ ਕਰੀਏ ਕਿ ਕੀ ਪਿੱਤਰਾਂ ਨੂੰ ਅੰਨ ਵਸਤਰ ਪਹੁੰਚ ਜਾਂਦੇ ਹਨ? ਅਸੀਂ ਤਾਂ ਇਸ ਬਾਰੇ ਦੱਸਣਾ ਚਾਹੁੰਦੇ ਹਾਂ ਕਿ ਜੇਕਰ ਸਰਾਧਾਂ ਵਿਚ ਪਿੱਤਰਾਂ ਨੂੰ ਲੰਬੇ ਸਮੇਂ ਲਈ ਤ੍ਰਿਪਤ ਕਰਨ ਲਈ ਮਾਸ ਅਹਾਰ ਨੂੰ ਉੱਤਮ ਜਾਂ ਮਾਸ ਖਵਾਉਣ ਨਾਲ ਪਿੱਤਰ ਖੁਸ਼ ਹੁੰਦੇ ਹਨ ਤਾਂ ਮੰਨਣਾ ਪਵੇਗਾ ਕਿ ਹਿੰਦੂ ਮੁੱਢ ਤੋਂ ਹੀ ਮਾਸਾਹਾਰੀ ਹਨ।

ਪਿੱਤਰਾਂ ਨੂੰ ਤ੍ਰਿਪਤ ਕਰਨ ਲਈ ਹੇਠਾਂ ਦਿੱਤੇ ਮਾਸ ਬ੍ਰਾਹਮਣਾਂ ਨੂੰ ਖੁਆਇਆ ਜਾਵੇ ਤਾਂ ਉਹਨਾਂ ਦੇ ਤ੍ਰਿਪਤ ਰਹਿਣ ਦਾ ਸਮਾਂ ਵੀ ਦੱਸਿਆ ਹੋਇਆ ਹੈ।

ਤਿਲ, ਧਾਨ, ਜੌਂ, ਆਡੂ, ਜਲ, ਮੂਲ, ਫਲ ਇਹਨਾਂ ਵਿਚੋਂ ਕਿਸੇ ਇਕ ਦਾ ਦੇਣਾ, ਇਕ ਮਹੀਨੇ ਤਾਈਂ ਪਿੱਤਰਾਂ ਨੂੰ ਸੌਖਿਆਂ ਰੱਖਦਾ ਹੈ। ਮੱਛੀ ਦੇ ਮਾਸ ਤੋਂ ਦੋ ਮਹੀਨਿਆਂ ਤੱਕ, ਹਿਰਨ ਦੇ ਮਾਸ ਨਾਲ ਤਿੰਨ ਮਹੀਨੇ, ਭੇਡ ਦੇ ਮਾਸ ਨਾਲ ਚਾਰ ਮਹੀਨੇ ਤੱਕ, ਪੰਛੀਆਂ ਦੇ ਮਾਸ ਖਵਾਉਣ ਨਾਲ ਪੰਜ ਮਹੀਨੇ, ਬੱਕਰੇ ਦੇ ਮਾਸ ਨਾਲ ਛੇ ਮਹੀਨੇ, ਚਤਰ ਮਿਰਗ ਦੇ ਮਾਸ ਨਾਲ ਸਤ ਮਹੀਨੇ, ਏਣ ਮਿਰਗ ਦੇ ਮਾਸ ਨਾਲ ਅੱਠ ਮਹੀਨੇ, ਰੌਰਵ ਮਿਰਗ ਦੇ ਮਾਸ ਨਾਲ ਨੌਂ ਮਹੀਨੇ, ਜੰਗਲੀ ਸੂਰ ਜਾਂ ਝੋਟੇ ਦੇ ਮਾਸ ਨਾਲ ਦਸ ਮਹੀਨੇ ਤੱਕ ਪਿੱਤਰ ਰੱਜੇ ਰਹਿ ਸਕਦੇ ਹਨ, ਕੱਛੂ ਕੁੰਮਾ ਤੇ ਖਰਗੋਸ਼ ਨਾਲ ਗਿਆਰਾਂ ਮਹੀਨੇ ਅਤੇ ਜੇ ਬੱਕਰੇ ਦਾ ਰੰਗ ਚਿੱਟਾ ਹੋਵੇ, ਕੰਨ ਲੰਬੇ ਤੇ ਖੱਸੀ ਕਰਕੇ ਪਾਲਿਆ ਹੋਵੇ, ਉਸ ਦਾ ਮਾਸ ਸਰਾਧਾਂ ਵਿਚ ਬ੍ਰਾਹਮਣਾਂ ਨੂੰ ਖੁਆਉਣ ਨਾਲ ਸਵਰਗਪੁਰੀ ਵਿਚ ਵਸਣ ਵਾਲੇ ਪਿੱਤਰ ਬਾਰ੍ਹਾਂ ਵਰ੍ਹੇ ਰੱਜੇ ਰਹਿ ਸਕਦੇ ਹਨ। ਗਊ ਦੇ ਦੁੱਧ ਜਾਂ ਖੀਰ ਖੁਆਉਣ ਨਾਲ ਇਕ ਵਰਾ ਪਿੱਤਰ ਰੱਜੇ ਰਹਿ ਸਕਦੇ ਹਨ, ਹੋਰ ਕਈ ਪ੍ਰਕਾਰ ਦੀਆਂ ਮੱਛੀਆਂ ਤੇ ਬੱਕਰਿਆਂ ਦੇ ਮਾਸ ਤੋਂ ਅਨੰਤ ਸਾਲਾਂ ਤੱਕ, ਜਿਹੜਾ ਬ੍ਰਾਹਮਣ ਸ਼ਰਾਧਾਂ ਵਿਚ ਮਾਸ ਨਾ ਖਾਵੇ, ਉਹ 21 ਜਨਮ ਪਸ਼ੂ ਹੀ ਬਣਿਆ ਰਹਿੰਦਾ ਹੈ।

ਯਜੁਰ ਵੇਦ ਦੀ ਬ੍ਰਿਹਦਾਰਣਯਕ ਉਪਨਿਸ਼ਦ ਅਧਿਆਏ 6 ਵਿਚ ਪੁੱਤਰ ਦੀ ਇੱਛਾ ਰੱਖਣ ਵਾਲੇ ਇਸਤਰੀ ਪੁਰਸ਼ ਨੂੰ ਮਾਸ ਤੇ ਚੌਲ ਬਣਾ ਕੇ ਦੱਸੇ ਗਏ ਹਨ। ਜੋ ਮੌਜੂਦਾ ਸਮੇਂ ਪ੍ਰਚਲਤ ਧਾਰਨਾ ਬਣਾਈ ਜਾ ਰਹੀ ਹੈ ਕਿ ਹਿੰਦੂ ਲੋਕ ਸ਼ਾਕਾਹਾਰੀ ਹਨ, ਇਸ ਵਿਚ ਰੱਤੀ ਵੀ ਸੱਚਾਈ ਨਹੀਂ ਹੈ।

*(ਸਰੋਤ : ਮਨੂ ਸਿਮਰਤੀ (ਪੰਜਾਬੀ ਰੂਪ) ਪੰਨਾ 46-47, ਮਹਾਨ ਕੋਸ਼ ਅਤੇ ਨਰਿੰਜਨ ਸਿੰਘ ਸਰਲ ਦੀ ਲਿਖੀ ਪੁਸਤਕ 'ਝਟਕਾ ਪ੍ਰਕਾਸ਼' ਪੰਨਾ 38)*

## ਟਿੱਪਣੀ

*ਜੇ ਸਰਾਧਾਂ ਵਿਚ ਪਿੱਤਰਾਂ ਨੂੰ ਲੰਬੇ ਸਮੇਂ ਲਈ ਤ੍ਰਿਪਤ ਕਰਨ ਲਈ ਤਰ੍ਹਾਂ-ਤਰ੍ਹਾਂ ਦੇ ਮਾਸ ਅਹਾਰਾਂ ਨੂੰ ਤਰਜੀਹ ਦਿੱਤੀ ਜਾਂਦੀ ਸੀ, ਫਿਰ ਇਹ ਕਿਵੇਂ ਸੰਭਵ ਹੈ ਕਿ ਹਿੰਦੂ ਜਾਂ ਬ੍ਰਾਹਮਣ ਮਾਸਾਹਾਰੀ ਨਹੀਂ ਸਨ। ਇਹ ਠੀਕ ਹੈ ਕਿ ਗੈਰ-ਬ੍ਰਾਹਮਣਾਂ ਲਈ ਹਰ ਰੋਜ਼ ਮਾਸ ਅਹਾਰ ਕਰਨਾ ਸੰਭਵ ਨਹੀਂ ਸੀ, ਪਰ ਬ੍ਰਾਹਮਣ ਪੁਜਾਰੀ ਨੂੰ ਭੋਜਨ ਭੇਜਣ ਸਮੇਂ ਮਾਸ ਅਹਾਰ ਬਹੁਤ ਮਿਲਦਾ ਸੀ ਅਤੇ ਉਸ ਦਾ ਮਾਸਾਹਾਰੀ ਹੋਣਾ ਝੁਠਲਾਇਆ ਨਹੀਂ ਜਾ ਸਕਦਾ।*

## ਹਿੰਦੂ ਧਰਮ ਦਾ ਗਊ ਮਾਸ ਛੱਡਣ ਦਾ ਇਤਿਹਾਸ

ਹਿੰਦੂ ਸਮਾਜ ਅੰਦਰ ਮੋਟੇ ਤੌਰ ਉੱਤੇ ਲੋਕਾਂ ਨੂੰ ਦੋ ਵਰਗਾਂ ਵਿਚ ਵੰਡਿਆ ਜਾਂਦਾ ਹੈ, ਇਕ ਮਾਸਾਹਾਰੀ ਦੂਜਾ ਸ਼ਾਕਾਹਾਰੀ। ਇਸ ਤੋਂ ਅੱਗੇ ਇਹਨਾਂ ਵਰਗਾਂ ਨੂੰ, ਫਿਰ ਸ਼੍ਰੇਣੀ ਵੰਡ ਕਰ ਸਕਦੇ ਹਾਂ। ਜਿਵੇਂ ਮਾਸਾਹਾਰੀ ਤਾਂ ਹਨ ਪਰ ਉਹ ਗਊ ਮਾਸ ਨਹੀਂ ਖਾਂਦੇ ਅਤੇ ਹੋਰ ਜਾਨਵਰਾਂ ਦਾ ਮਾਸ ਖਾਹ ਲੈਂਦੇ ਹਨ। ਇਕ ਵਰਗ ਦੇ ਲੋਕ ਹਨ, ਜੋ ਸਭ ਤਰ੍ਹਾਂ ਦੇ ਮਾਸ ਖਾਂਦੇ ਹਨ ਤੇ ਗਊ ਮਾਸ ਵੀ ਖਾਹ ਲੈਂਦੇ ਹਨ। ਇਕ ਲੋਕ ਪੂਰੀ ਤਰ੍ਹਾਂ ਸ਼ਾਕਾਹਾਰੀ ਹਨ। ਅਜਿਹੇ ਲੋਕ ਵੀ ਹਨ ਜੋ ਅੰਡਿਆਂ ਦਾ ਸੇਵਨ ਵੀ ਨਹੀਂ ਕਰਦੇ ਪਰ ਦੁੱਧ ਦਹੀਂ ਦੀ ਵਰਤੋਂ ਖੁੱਲ੍ਹ ਕੇ ਕਰਦੇ ਹਨ। ਜਿੱਥੋਂ ਤੱਕ ਜਾਤ ਆਧਾਰ ਵੰਡ ਹੈ, ਉਸ ਵਿਚ ਬ੍ਰਾਹਮਣ ਤੇ ਗੈਰ ਬ੍ਰਾਹਮਣ, ਆਖਰੀ ਉਹ ਹਨ, ਜਿਹਨਾਂ ਨੂੰ ਅਖੌਤੀ ਅਛੂਤ ਬਣਾਇਆ ਹੋਇਆ ਹੈ।

ਇਹਨਾਂ ਵਿਚ ਸ਼ਾਕਾਹਾਰੀ ਬ੍ਰਾਹਮਣ ਹਨ ਤੇ ਗੈਰ-ਬ੍ਰਾਹਮਣ ਜੋ ਮਾਸ ਤਾਂ ਖਾਂਦੇ ਹਨ ਪਰ ਗਊ ਮਾਸ ਨਹੀਂ ਖਾਂਦੇ। ਆਖਰੀ ਅਛੂਤ ਲੋਕ ਜੋ ਸਭ ਤਰ੍ਹਾਂ ਦਾ ਮਾਸ, ਸਮੇਤ ਗਊ ਮਾਸ ਖਾਂਦੇ ਹਨ। ਚਲੋ ਮੋਟੇ ਤੌਰ ਉੱਤੇ ਅਸੀਂ ਮੰਨ ਲੈਂਦੇ ਹਾਂ ਕਿ ਕੋਈ ਮਾਸਾਹਾਰੀ ਹੈ ਤੇ ਕੋਈ ਸ਼ਾਕਾਹਾਰੀ, ਪਰ ਇਕ ਪ੍ਰਸ਼ਨ ਦਾ ਉੱਤਰ ਮਿਲਣਾ ਸੌਖਾ ਨਹੀਂ ਕਿ ਜੋ ਲੋਕ ਮਾਸ ਖਾਂਦੇ ਹਨ, ਉਹ ਗਊ ਮਾਸ ਕਿਉਂ ਨਹੀਂ ਖਾਂਦੇ ? ਇੱਥੇ ਸਾਡਾ ਮੁੱਖ ਮਨੋਰਥ ਹੈ ਕਿ ਅਸੀਂ ਜਾਣਨਾ ਚਾਹੁੰਦੇ ਹਾਂ ਕਿ ਬ੍ਰਾਹਮਣਾਂ ਨੇ ਜਾਂ ਗੈਰ ਬ੍ਰਾਹਮਣਾਂ ਨੇ ਮਾਸ, ਸਮੇਤ ਗਊ ਮਾਸ ਖਾਣਾ ਕਦੋਂ ਛੱਡਿਆ ? ਇਸ ਦਾ ਉੱਤਰ ਲੈਣ ਲਈ ਸਾਨੂੰ ਇਸ ਵਿਸ਼ੇ ਨਾਲ ਸੰਬੰਧਿਤ ਰਾਜਾ ਅਸ਼ੋਕ ਜਾਂ ਹਿੰਦੂਆਂ ਦਾ ਧਰਮ ਸ਼ਾਸ਼ਤਰ ਮਨੂ ਸਿਮਰਤੀ ਅਨੁਸਾਰ ਘੜੇ ਕਾਨੂੰਨਾਂ ਦਾ ਮੁਲਾਂਕਣ ਕਰਨਾ ਪਵੇਗਾ।

ਰਾਜਾ ਅਸ਼ੋਕ, ਮੌਰੀਆ ਸ਼ਾਹੀ ਘਰਾਣੇ ਦੇ ਚੰਦਰ ਗੁਪਤ ਮੌਰੀਆ ਦਾ ਪੋਤਰਾ ਸੀ (268–232 BCE ਦੌਰਾਨ ਰਾਜ ਕੀਤਾ)

ਰਾਜਾ ਅਸ਼ੋਕ ਦੇ ਸਤੰਬਾਂ ਉੱਤੇ ਉਕਰੇ ਵਿਸ਼ੇਸ਼ ਸ਼ਾਹੀ ਹੁਕਮ ਨੰਬਰ 1, ਨੰਬਰ 2

**ਨੰਬਰ 1 :** ਇਹ ਹੁਕਮ ਮਹਾਰਾਜਾ ਅਸ਼ੋਕ ਦੀ ਆਗਿਆ ਅਨੁਸਾਰ ਹੈ :

*“‘ਇੱਥੇ ਬਲੀ ਦੇਣ ਦੇ ਮਨੋਰਥ ਨਾਲ ਕੋਈ ਜਾਨਵਰ ਵੀ ਨਹੀਂ ਮਾਰਿਆ ਜਾਵੇਗਾ ਅਤੇ ਨਾ ਹੀ ਕਿਸੇ ਵਿਸ਼ੇਸ਼ ਉਤਸਵ ਦੇ ਭੋਜਨ ਲਈ, ਕਿਉਂਕਿ ਰਾਜਾ ਸਾਹਿਬ ਮਹਿਸੂਸ ਕਰਦੇ ਹਨ ਕਿ ਉਤਸਵ ਦੌਰਾਨ, ਵਿਸ਼ੇਸ਼ ਭੋਜਨ ਸਮਾਗਮ ਉੱਤੇ ਅਜੇਹਾ ਜੁਰਮ ਨਹੀਂ ਹੋਣਾ ਚਾਹੀਦਾ, ਭਾਵੇਂ ਕਈ ਥਾਵਾਂ ਉੱਤੇ ਉਤਸਵ ਭੋਜਨ ਮਹਾਰਾਜਾ ਦੀਆਂ ਨਜ਼ਰਾਂ ਵਿਚ ਬਹੁਤ ਵਧੀਆ ਹਨ।”*

ਇਸ ਤੋਂ ਪਹਿਲਾਂ ਮਹਾਰਾਜਾ ਦੀ ਸ਼ਾਹੀ ਰਸੋਈ ਵਿਚ ਹਰ ਰੋਜ਼ ਹਜ਼ਾਰਾਂ ਲੱਖਾਂ ਜੀਵਾਂ ਨੂੰ ਭੋਜਨ ਤਿਆਰ ਕਰਨ ਲਈ ਵੱਢਿਆ ਜਾਂਦਾ ਸੀ, ਪਰ ਪਵਿੱਤਰ ਸ਼ਾਹੀ ਫੁਰਮਾਣ ਹੈ ਕਿ ਸਿਰਫ ਤਿੰਨ ਜੀਵਾਂ ਨਾਲ ਹੀ ਭੋਜਨ ਤਿਆਰ ਕੀਤਾ ਜਾਵੇਗਾ।”

**ਨੰਬਰ 2 :** ਤਦ ਮਹਾਨ ਧਰਮ ਰੱਖਿਅਕ, ਦਿਆਲੂ ਮਹਾਂਬਲੀ ਰਾਜੇ ਦਾ ਐਲਾਨ :

*“ਪੁੰਨਸ਼ੀਲਤਾ ਦਾ ਕਾਨੂੰਨ ਬਹੁਤ ਉੱਚਾ ਹੈ, ਪਰ ਜਿੱਥੇ ਇਹ ਕਾਨੂੰਨ ਲਾਗੂ ਹੋਵੇ। ਇਸ ਵਿਚ ਅਸੀਂ ਜਾਣਨਾ ਹੈ, ਥੋੜ੍ਹਾ ਤਰਸ, ਵਧੇਰੇ ਚੰਗੇ ਕਰਮ, ਰਹਿਮਦਿਲੀ, ਸੱਚਾਈ ਅਤੇ ਸ਼ੁੱਧਤਾ ਹੋਵੇ।*

ਅਧਿਆਤਮਕ ਦਾ ਤੋਹਫਾ ਅੱਗੇ ਰੱਖ ਕੇ ਮੈਂ ਬਹੁਤ ਭਾਂਤੀ ਰਸਤੇ ਦੱਸੇ ਹਨ, ਜਦੋਂ ਦੋ ਪੈਰੇ, ਚਾਰ ਪੈਰੇ ਜੀਵ, ਪੰਛੀ ਅਤੇ ਪਾਣੀ ਦੇ ਜੀਵਾਂ ਉੱਤੇ ਮੈਂ ਮੇਹਰਵਾਨ ਹੋਇਆਂ ਹਾਂ, ਨਾਲ ਹੀ ਜੀਵਨ ਵਰਦਾਨ ਅਤੇ ਮੈਂ ਬਹੁਤ ਚੰਗੇ ਕਰਮ ਕਰ ਦਿੱਤੇ ਹਨ। ਇਸ ਮਨੋਰਥ ਨਾਲ ਮੈਂ ਇਸ ਪਵਿੱਤਰ ਸ਼ਾਹੀ ਫੁਰਮਾਣ ਨੂੰ ਲਿਖਤੀ ਰੂਪ ਦਿੱਤਾ ਹੈ, ਤਾਂ ਜੋ ਲੋਕ ਇਹਨਾਂ ਸਿਖਿਆਵਾਂ ਨੂੰ ਲੰਬੇ ਸਮੇਂ ਲਈ ਹੰਢਾਉਣ ਜੋ ਇਹਨਾਂ ਸਿਖਿਆਵਾਂ ਨੂੰ ਮੰਨੇਗਾ, ਉਹ ਵਧੀਆ ਰਹੇਗਾ।”

## ਸ਼ਾਹੀ ਹੁਕਮ–5

ਇਹ ਹੁਕਮ ਮਹਾਰਾਜਾ ਅਸ਼ੋਕ ਦੇ ਆਗਿਆ ਅਨੁਸਾਰ ਹੈ :

*“ਜਦੋਂ 26 ਸਾਲ ਪਹਿਲਾਂ ਮੈਂ ਗੱਦੀ ਉੱਤੇ ਬਿਰਾਜਮਾਨ ਹੋਇਆ ਤਾਂ ਹੇਠ ਲਿਖਿਆਂ ਜੀਵਾਂ ਨੂੰ ਕਤਲ ਹੋਣ ਤੋਂ ਮੁਕਤ ਕੀਤਾ ਗਿਆ, ਜਿਵੇਂ ਤੋਤੇ,*

*ਮੈਨਾ, ਬ੍ਰਹਮੀ ਬਤਖਾਂ, ਚਮਗਿੱਦੜ, ਕੱਛੂ, ਮੱਛੀਆਂ (ਬਿਨ੍ਹਾਂ ਹੱਡੀਆਂ) ਬਾਰਾਂਸਿੰਗਾ, ਬ੍ਰਾਹਮਨੀ ਸਾਨ੍ਹ, ਬਾਂਦਰ, ਗੈਂਡਾ, ਪੇਂਡੂ ਕਬੂਤਰ, ਚਾਰ ਪੈਰਾਂ ਵਾਲੇ ਜਾਨਵਰ, ਜਿਨ੍ਹਾਂ ਦੀ ਵਰਤੋਂ ਨਹੀਂ ਹੁੰਦੀ, ਨਾ ਹੀ ਖਾਧੇ ਜਾਣ। ਕੁੱਕੜਾਂ ਨੂੰ ਖੱਸੀ ਨਾ ਕੀਤਾ ਜਾਵੇ, ਘਾਹ ਫੂਸ ਨੂੰ ਜੀਵਤ ਜੀਵਾਂ ਸਮੇਤ ਨਾ ਸਾੜਿਆ ਜਾਵੇ, ਜੰਗਲਾਂ ਨੂੰ ਨਾ ਸਾੜਿਆ ਜਾਵੇ।"*

**ਰਾਜਾ ਅਸ਼ੋਕ ਦੇ ਉਪਰੋਕਤ ਸ਼ਾਹੀ ਫੁਰਮਾਨਾਂ ਵਿਚ ਕਿਤੇ ਨਹੀਂ ਲਿਖਿਆ ਹੋਇਆ ਕਿ ਗਊ ਨਾ ਮਾਰੀ ਜਾਵੇ ਅਤੇ ਮਾਸ ਨਾ ਖਾਧਾ ਜਾਵੇ।**

*(ਸਰੋਤ : ਬੀਫ਼, ਬ੍ਰਾਹਮਿਣਜ਼ ਐਂਡ ਬਰੋਕਿਨ ਮਿਨ, ਐਨ ਐਨੋਟੇਟਿਡ ਕਰੀਟੀਕਲ ਸੀਲੈਕਸ਼ਨ ਫਰੋਮ ਦੀ ਅਨਟਚਟੇਬਲਜ਼, ਬੀ. ਆਰ. ਅੰਬੇਡਕਰ ਦਿੱਲੀ, ਅੰਮ੍ਰਿਤ ਬੁੱਕ ਡੀਪੂ, 1948, ਪੰਨਾ 184-186)*

ਮਨੂਸਿਮਰਤੀ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਜਿਸ ਵਿਚ ਦੂਜੀ ਸਦੀ ਤੋਂ ਤੀਜੀ ਸਦੀ ਵਿਚ ਮਨੂ ਅਤੇ ਭ੍ਰਿਗੂ ਵਲੋਂ ਧਰਮ ਦੇ ਵਿਸ਼ੇ ਨਾਲ ਸੰਬੰਧਿਤ ਪ੍ਰਵਚਨ ਹਨ।

ਖੰਡ-16 : ਮੱਛੀ, ਜਿਹਨਾਂ ਨੂੰ ਪਠੀਨਾ, ਰੋਹਿਤਾ ਖਾਧੀਆਂ ਜਾ ਸਕਦੀਆਂ ਹਨ। ਜੇਕਰ ਇਹ ਦੇਵਤਿਆਂ ਨੂੰ ਭੇਂਟ ਕੀਤਾ ਜਾਂਦਾ ਹੈ ਜਾਂ ਪਿੱਤਰਾਂ ਨੂੰ ਅਰਪਣ ਕੀਤਾ ਹੈ।

ਖੰਡ-18 : ਸੇਹ ਕੰਡੇਰਨਾ, ਗੈਂਡਾ, ਕੱਛੂਕੁੰਮਾ ਅਤੇ ਖਰਗੋਸ਼ ਖਾਧੇ ਜਾ ਸਕਦੇ ਹਨ। ਊਠਾਂ ਨੂੰ ਛੱਡ ਕੇ ਪਾਲਤੂ ਜਾਨਵਰਾਂ ਦਾ ਮਾਸ ਖਾਧਾ ਜਾ ਸਕਦਾ ਹੈ।

ਖੰਡ-27 : ਕੋਈ ਵੀ ਮਾਸ ਖਾਧਾ ਜਾ ਸਕਦਾ ਹੈ, ਜੇਕਰ ਮੰਤਰ ਪੜ੍ਹ ਕੇ ਉਸ ਉੱਪਰ ਜਲ ਛਿੜਕਿਆ ਜਾਵੇ ਅਤੇ ਜਦੋਂ ਬ੍ਰਾਹਮਣ ਦੀ ਇੱਛਾ ਹੋਵੇ ਜਾਂ ਜਦੋਂ ਕਿਸੇ ਦੀ ਜਾਨ ਖਤਰੇ ਵਿਚ ਹੈ।

ਖੰਡ-31 : ਮਾਸ ਅਹਾਰ ਦਾ ਸੇਵਨ ਬਲੀ ਲਈ ਕੀਤਾ ਗਿਆ ਹੋਵੇ ਅਤੇ ਇਹ ਦੇਵਤੇ ਵਲੋਂ ਪ੍ਰਵਾਨਿਤ ਕਾਨੂੰਨ ਹੈ, ਪਰ ਜਿਦ ਨਾਲ ਸਮਾਗਮ ਦੌਰਾਨ ਵਤੀਰਾ ਦਿਖਾਉਣਾ ਤਾਂ ਰਾਖਸ਼ਾਂ ਵਾਲਾ ਕਰਮ ਹੈ।

ਖੰਡ-32 : ਜੋ ਕੋਈ ਮਾਸ ਖਾਂਦਾ ਹੈ ਤਾਂ ਉਹ ਦੇਵਤੇ ਦਾ ਸਤਿਕਾਰ ਕਰਦਾ ਹੈ ਤੇ ਕੋਈ ਪਾਪ ਨਹੀਂ ਕਰਦਾ, ਭਾਵੇਂ ਉਸ ਨੇ ਇਹ ਮਾਸ ਖਰੀਦਿਆ ਹੋਵੇ ਜਾਂ ਆਪ ਮਾਰਿਆ ਹੋਵੇ ਜਾਂ ਕਿਸੇ ਵਲੋਂ ਤੋਹਫਾ ਮਿਲਿਆ ਹੋਵੇ।

ਖੰਡ–39 : ਨਿਰੰਕਾਰ ਨੇ ਆਪ ਹੀ ਬਲੀ ਕਰਨ ਲਈ ਜਾਨਵਰਾਂ ਨੂੰ ਪੈਦਾ ਕੀਤਾ ਹੈ ਅਤੇ ਬਲੀ ਕਰਨ ਨਾਲ ਸੰਸਾਰ ਦਾ ਭਲਾ ਹੁੰਦਾ ਹੈ। ਇਸ ਲਈ ਜਾਨਵਰਾਂ ਨੂੰ ਬਲੀ ਕਰਨ ਦੇ ਮਨੋਰਥ ਨਾਲ ਕਤਲ ਕਰਨਾ, ਆਮ ਤੌਰ ਉੱਤੇ ਮਾਰਨਾ ਨਹੀਂ ਕਿਹਾ ਜਾ ਸਕਦਾ ਹੈ।

ਖੰਡ–40 : ਜੜ੍ਹੀਆਂ ਬੂਟੀਆਂ, ਦਰੱਖਤ, ਪਸ਼ੂ ਪੰਛੀ ਤੇ ਜਾਨਵਰ ਜੋ ਬਲੀ ਦੇ ਮੰਤਵ ਨਾਲ ਮਾਰੇ ਜਾਂਦੇ ਹਨ, ਉਹਨਾਂ ਨੂੰ ਦੁਬਾਰਾ ਉੱਚੇ ਥਾਈਂ ਜਨਮ ਮਿਲਦਾ ਹੈ। (ਇੱਥੇ ਆਵਾਗਵਣ ਸਿਧਾਂਤ ਨੂੰ ਮੰਨਣ ਦੀ ਪੁਸ਼ਟੀ ਹੁੰਦੀ ਹੈ)

ਖੰਡ–42 : ਜੋ ਵਿਅਕਤੀ ਵੇਦਾਂ ਦੇ ਅਰਥ ਭਾਵ ਸਮਝਦਾ ਹੈ ਅਤੇ ਦੇਵਤੇ ਨੂੰ ਭੇਂਟ ਕਰਨ ਲਈ ਬਲੀ ਕਰਨ ਦੇ ਮਨੋਰਥ ਨਾਲ ਜਾਨਵਰ ਮਾਰਦਾ ਹੈ ਤਾਂ ਉਹ ਜਾਨਵਰ ਤੇ ਆਪਣਾ ਦੋਨਾਂ ਦਾ ਭਲਾ ਕਰਦਾ ਹੈ।

*(ਉਹੀ ਪੰਨਾ 186–187)*

## ਟਿੱਪਣੀ

*ਮਨੂੰਸਿਮਰਤੀ ਸ਼ਾਸ਼ਤਰ ਵਿਚ ਕਿਤੇ ਵੀ ਨਹੀਂ ਲਿਖਿਆ ਹੋਇਆ ਕਿ ਗਊ ਪਵਿੱਤਰ ਜਾਨਵਰ ਹੈ ਜਾਂ ਗਊ ਮਾਸ ਨਹੀਂ ਖਾਣਾ, ਸਗੋਂ ਹਰ ਤਰ੍ਹਾਂ ਦੇ ਮਾਸ ਨੂੰ ਖਾਣ ਦੀ ਖੁੱਲ੍ਹ ਹੈ। ਦੇਵਤਿਆਂ ਨੂੰ ਭੇਂਟ ਕਰਨ ਲਈ ਜਾਨਵਰਾਂ ਨੂੰ ਕਤਲ ਕਰਨਾ ਜਾਇਜ਼ ਮੰਨਿਆ ਗਿਆ ਹੈ।*

ਅਸੀਂ ਪੂਰੀ ਤਰ੍ਹਾਂ ਰਾਜਾ ਅਸ਼ੋਕ ਵੱਲੋਂ ਸ਼ਾਹੀ ਫੁਰਮਾਨ ਅਤੇ ਜੀਵਾਂ ਦੇ ਕਤਲ ਅਤੇ ਮਾਸ ਖਾਣ ਸੰਬੰਧੀ ਬਣਾਏ ਕਾਨੂੰਨ ਜਾਂ ਨਿਯਮਾਂ ਦੀ ਘੋਖ ਕੀਤੀ ਹੈ। ਇਹੀ ਸਵਾਲ ਮੁੜ ਖੜਾ ਹੁੰਦਾ ਹੈ ਕਿ ਕੀ ਰਾਜਾ ਅਸ਼ੋਕ ਨੇ ਗਊ ਦੇ ਕਤਲ ਦੀ ਮਨਾਹੀ ਕੀਤੀ ਸੀ ?[1] ਪ੍ਰੋਫੈਸਰ ਵਿਨਸਿੰਟ ਸਮਿੱਥ ਦਾ ਵਿਚਾਰ ਹੈ ਕਿ ਰਾਜਾ ਅਸ਼ੋਕ ਨੇ ਗਊ ਹੱਤਿਆ ਦੀ ਮਨਾਹੀ ਨਹੀਂ ਕੀਤੀ। ਉਹ ਅੱਗੇ ਆਖਦੇ ਹਨ ਕਿ ਜਦੋਂ ਰਾਜੇ ਅਸ਼ੋਕ ਨੇ ਗਊ ਮਾਰਨ ਵਿਰੁਧ ਕੋਈ ਕਾਨੂੰਨ ਪਾਸ ਨਹੀਂ ਕੀਤਾ ਤਾਂ ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਗਊ ਮਾਰਨਾ ਕੋਈ ਜ਼ੁਰਮ ਨਹੀਂ ਸੀ। ਦੂਜੇ ਪਾਸੇ ਇਸਦੇ ਉਲਟ [2]ਪ੍ਰੋਫੈਸਰ

---

1. *(ਪ੍ਰੋਫੈਸਰ ਵਿਨਸਿੰਟ ਅਰਥਰ ਸਮਿੱਥ (1843–1920)*
   *(ਭਾਰਤ ਦੇ ਸੰਬੰਧ ਵਿਚ ਖੋਜੀ ਵਿਦਵਾਨ ਤੇ ਕਲਾ ਇਤਿਹਾਸਕਾਰ ਸੀ)*
   *ਸਰੋਤ : "Beef, Brahmins and Broken men." p. 187-188*
2. *ਪ੍ਰੋਫੈਸਰ ਰਾਧਾਕੁਮੁੱਦ ਮੁਕਰਜੀ (1884=1963)*
   *ਭਾਰਤੀ ਇਤਿਹਾਸਕਾਰ) ਸਰੋਤ : ਉਹੀ ਪੰਨਾ 187–188*

ਰਾਧਾਕਾਮੁੱਦ ਮੁਕਰਜੀ ਆਖਦੇ ਹਨ ਕਿ ਰਾਜਾ ਅਸ਼ੋਕ ਨੇ ਗਊ ਹੱਤਿਆ ਦੀ ਮਨਾਹੀ ਕੀਤੀ ਸੀ। ਇਹਨਾਂ ਨੇ ਅਸ਼ੋਕ ਦੇ ਸਤੰਭ ਨੰਬਰ 5 ਨੂੰ ਪੜ੍ਹਕੇ ਅਨੁਮਾਨ ਲਗਾਇਆ ਹੈ ਕਿ ਜਦੋਂ ਉੱਥੇ ਲਿਖਿਆ ਹੋਇਆ ਹੈ ਕਿ ਚਾਰ ਪੈਰਾਂ ਵਾਲੇ ਜਾਨਵਰਾਂ ਨੂੰ ਛੋਟ ਦਿੱਤੀ ਗਈ ਹੈ। ਪਰ ਇੱਥੇ ਉਹਨਾਂ ਚਾਰ ਪੈਰਾਂ ਵਾਲੇ ਜਾਨਵਰਾਂ ਦੀ ਗੱਲ ਕੀਤੀ ਹੈ, ਜਿਹਨਾਂ ਦੀ ਨਾ ਵਰਤੋਂ ਹੁੰਦੀ ਹੈ ਅਤੇ ਨਾ ਹੀ ਖਾਧੇ ਜਾਂਦੇ ਹਨ। ਅਸ਼ੋਕ ਨੇ ਸਮੂਹ ਮਨੁੱਖਾਂ ਅਤੇ ਜਾਨਵਰਾਂ ਦੀ ਪਾਵਨਤਾ ਦੀ ਗੱਲ ਕਹੀ ਹੈ, ਉਸ ਦਾ ਕਹਿਣਾ ਸੀ ਕਿ ਬਲੀ ਦੇਣ ਦੀ ਪ੍ਰਥਾ ਦੀ ਲਗਾਤਾਰਤਾ ਰੱਖਣ ਵਿਚ ਪਸ਼ੂਆਂ ਦੀ ਬਲੀ ਦੇਣੀ ਠੀਕ ਨਹੀਂ ਅਤੇ ਬੇਲੋੜੀ ਹੈ।

ਜਿੱਥੋਂ ਤੱਕ ਮਨੂੰ ਵਲੋਂ ਲਿਖੇ ਸ਼ਾਸ਼ਤਰ ਵਿਚ ਨਿਯਮਾਂ ਦੀ ਘੋਖ ਕਰਦੇ ਹਾਂ, ਉਸ ਵਲੋਂ ਵੀ ਗਊ ਹੱਤਿਆ ਦੇ ਵਿਰੁਧ ਕੁਝ ਨਹੀਂ ਕਿਹਾ ਗਿਆ। ਹੁਣ ਸਵਾਲ ਉਤਪੰਨ ਹੁੰਦਾ ਹੈ ਕਿ ਗੈਰ-ਬ੍ਰਾਹਮਣਾਂ ਨੇ ਗਊ ਮਾਸ ਖਾਣਾ ਕਿਉਂ ਛੱਡਿਆ? ਇਸ ਬਾਰੇ ਕਿਆਸ ਅਰਾਈ ਹੈ ਕਿ ਉਹਨਾਂ ਨੇ ਬ੍ਰਾਹਮਣਾਂ ਦੀ ਰੀਸ ਹੀ ਕੀਤੀ ਅਤੇ ਉਹਨਾਂ ਨੇ ਵੀ ਗਊ ਮਾਸ ਖਾਣਾ ਛੱਡ ਦਿੱਤਾ। ਬ੍ਰਾਹਮਣਾਂ ਨੇ ਗਊ ਦੀ ਪੂਜਾ ਕਰਨ ਦਾ ਬਹੁਤ ਪ੍ਰਚਾਰ ਕੀਤਾ ਅਤੇ ਗਊ ਮਾਸ ਖਾਣਾ ਛੱਡ ਦਿੱਤਾ ਅਤੇ ਸ਼ਾਕਾਹਾਰੀ ਬਣ ਗਏ। ਇਹ ਸਭ ਕੁਝ ਬੁੱਧ ਧਰਮ ਤੇ ਕਾਬੂ ਪਾਉਣ ਦੇ ਮਨੋਰਥ ਨਾਲ ਕੀਤਾ ਗਿਆ ਸੀ। ਪਹਿਲਾਂ ਦੇਖ ਚੁੱਕੇ ਹਾਂ ਕਿ ਰਾਜੇ ਅਸ਼ੋਕ ਨੇ ਗਊ ਮਾਰਨ ਨੂੰ ਅਪਰਾਧ ਨਹੀਂ ਮੰਨਿਆ, ਭਾਵੇਂ ਬਹੁਤ ਲੋਕ ਉਸ ਪਾਸੋਂ ਆਸ ਰੱਖਦੇ ਸਨ ਕਿ ਉਹ ਗਊ ਹੱਤਿਆ ਵਿਰੁਧ ਕਾਨੂੰਨ ਬਣਾਵੇ।

ਬੁਧ ਧਰਮ ਜਾਨਵਰਾਂ ਦੀ ਬਲੀ ਦੇਣ ਦੇ ਵਿਰੁਧ ਸੀ, ਪਰ ਉਹਨਾਂ ਦਾ ਗਊ ਪ੍ਰਤੀ ਕੋਈ ਵਿਸ਼ੇਸ਼ ਪਿਆਰ ਨਹੀਂ ਸੀ ਅਤੇ ਗਊ ਵੀ ਉਹਨਾਂ ਲਈ ਇਕ ਪਸ਼ੂ ਹੀ ਸੀ। ਪਰ ਹੈਰਾਨੀ ਇਸ ਗੱਲ ਦੀ ਹੈ ਕਿ ਗੁਪਤਾ ਰਾਜਿਆਂ ਵਲੋਂ ਗਊ ਹੱਤਿਆ ਨੂੰ ਮਹਾਂ ਅਤੇ ਵੱਡਾ ਪਾਪ ਮੰਨਿਆ ਗਿਆ ਅਤੇ ਗਊ ਹੱਤਿਆ ਦੇ ਅਪਰਾਧੀ ਨੂੰ ਮੌਤ ਦੀ ਸਜ਼ਾ ਮਿੱਥੀ ਗਈ। ਇਹ ਗੁਪਤੇ ਰਾਜੇ ਹਿੰਦੂ ਧਰਮ ਦੇ ਰੱਖਿਅਕ ਬਣੇ ਅਤੇ ਉਹਨਾਂ ਨੇ ਬਲੀ ਦੌਰਾਨ ਗਊ ਮਾਰਨ 'ਤੇ ਰੋਕ ਲਗਾ ਦਿੱਤੀ।

[3]ਮਿਸਟਰ ਡੀ. ਆਰ. ਭੰਡਾਰਕਰ ਅਨੁਸਾਰ, ਪੰਜਵੀਂ ਸਦੀ (ਏ. ਡੀ.) ਦੇ ਮੁੱਢ

---

*3. ਪ੍ਰੋਫੈਸਰ ਦੇਵਦੱਤਾ ਰਾਮ ਕਰਿਸ਼ਨਾ ਭੰਡਾਰਕਰ (1875-1950) (ਇਹ ਕੋਲਕਤਾ ਵਿਚ ਪ੍ਰੋਫੈਸਰ ਸਨ) ਸਰੋਤ : "Beef, Brahmins and Broken men." p. 221-222 by B.R. Amebdkar*

ਵਿਚ ਇਕ ਅਬਦਲ ਸ਼ਿਲਾਲੇਖ ਉਕਰਿਆ ਹੋਇਆ ਸਬੂਤ ਤੌਰ ਉੱਤੇ ਮਿਲਦਾ ਹੈ ਕਿ ਗਊ ਨੂੰ ਮਾਰਨਾ, ਇਤਨਾ ਵੱਡਾ ਅਪਰਾਧ ਹੈ ਜਿਵੇਂ ਇਕ ਬ੍ਰਾਹਮਣ ਨੂੰ ਕਤਲ ਕਰਨ ਦਾ। ਇਸ ਤਾਂਬੇ ਦੀ ਪਲੇਟ ਉੱਤੇ 465 ਏ. ਡੀ. ਲਿਖਿਆ ਹੋਇਆ ਹੈ ਅਤੇ ਇਹ ਗੁਪਤਾ ਸ਼ਾਹੀ ਖਾਨਦਾਨ ਦੇ ਰਾਜਾ ਸਕੰਦ ਗੁਪਤਾ ਦਾ ਸਮਾਂ ਹੈ। ਇਸ ਦੇ ਹੇਠ ਇਕ ਪੰਗਤੀ ਲਿਖੀ ਹੋਈ ਹੈ, "ਜੋ ਵਿਅਕਤੀ ਇਸ ਲਿਖੇ ਨਿਯਮ ਨੂੰ ਤੋੜੇਗਾ, ਉਹ ਗਊ ਮਾਰਨ ਵਾਲਾ ਅਪਰਾਧੀ ਬਣ ਜਾਵੇਗਾ, ਜਿਵੇਂ ਉਸ ਨੇ ਕਿਸੇ ਅਧਿਆਤਮਕ ਬ੍ਰਾਹਮਣ ਦੀ ਹੱਤਿਆ ਕੀਤੀ ਹੈ। ਇਸ ਤੋਂ ਮੁੱਢਲੇ ਦਸਤਾਵੇਜ਼ ਅਨੁਸਾਰ ਸਕੰਦ ਗੁਪਤਾ ਦੇ ਬਾਬੇ, ਚੰਦਰਗੁਪਤ 11, ਦੇ ਰਾਜ ਵਿਚ ਗਊ ਹੱਤਿਆ ਨੂੰ ਬ੍ਰਹਮ ਹੱਤਿਆ ਦੇ ਬਰਾਬਰ ਮੰਨਿਆ ਗਿਆ ਹੈ।"

ਇਸ ਸ਼ਿਲਾਲੇਖ ਉੱਤੇ, ਗੁਪਤਾ ਤਾਰੀਖ਼ 93 ਲਿਖੀ ਹੋਈ ਹੈ, ਜੋ 412 ਏ. ਡੀ. ਦੇ ਆਸ ਪਾਸ ਬਣਦੀ ਹੈ। ਇਹ ਬੁਧ ਧਰਮ ਦੇ ਸਤੂਪ (ਯਾਦਗਾਰੀ ਗੁੰਬਦ) ਮੱਧਿਆ ਪ੍ਰਦੇਸ਼ ਦੇ ਸਾਂਚੀ ਦੇ ਜੰਗਲੇ ਉਪਰ ਉਕਰਿਆ ਹੋਇਆ ਹੈ। (ਇਹ ਸੰਦੇਸ਼ ਜਾਂ ਹੁਕਮ ਹਿੰਦੂ ਧਰਮ ਦਾ ਸੀ, ਪਰ ਇਸ ਨੂੰ ਬੁੱਧ ਧਰਮ ਦੇ ਸਤੂਪ ਉਪਰ ਕਿਉਂ ਲਿਖਿਆ ਗਿਆ ?)

ਇੱਥੇ ਲਿਖਿਆ ਹੋਇਆ ਹੈ ਕਿ ਇਹ ਉਪਕਾਰ ਚੰਦਰਗੁਪਤ ਦੇ ਅਹਿਲਕਾਰ ਵਲੋਂ ਕੀਤਾ ਗਿਆ ਹੈ, (ਤਾੜਨਾ ਵੀ ਕੀਤੀ ਹੋਈ ਹੈ) ਕਿ ਜੋ ਇਸ ਫੈਸਲੇ ਦਾ ਵਿਰੋਧ ਕਰੇਗਾ ਤਾਂ ਉਹ ਗਊ ਹੱਤਿਆ ਜਾਂ ਬ੍ਰਾਹਮਣ ਦੀ ਹੱਤਿਆ ਕਰਨ ਦਾ ਦੋਸ਼ੀ ਬਣ ਜਾਵੇਗਾ ਅਤੇ ਉਸ ਦਾ ਇਹ ਦੋਸ਼ ਪੰਜ ਅੰਤਾਰੀਕਾ ਕਰਮਾਂ ਦਾ ਭਾਗੀ ਬਣ ਜਾਵੇਗਾ, ਭਾਵ ਉਹ ਸਿੱਧਾ ਨਰਕਾਂ ਨੂੰ ਜਾਵੇਗਾ।"

ਇਸ ਉਪਰੋਕਤ ਲਿਖਤ ਦੀ ਭਾਵਨਾ ਇਹੀ ਜਾਪਦੀ ਹੈ ਕਿ ਭਾਵੇਂ ਕੋਈ ਬੋਧੀ ਹੈ ਜਾਂ ਬ੍ਰਾਹਮਣ, ਉਸ ਨੂੰ ਇਕ ਪ੍ਰਕਾਰ ਦੀ ਧਮਕੀ ਹੈ ਕਿ ਅਜਿਹਾ ਜ਼ੁਰਮ ਬਹੁਤ ਵੱਡਾ ਹੈ। ਅੰਤਾਰੀਕਾ ਕਰਮ, ਧਰਮ ਸ਼ਾਸ਼ਤਰ ਅਨੁਸਾਰ ਪੰਜ ਮਹਾਂਪਾਤਕਾਂ ਦੇ ਬਰਾਬਰ ਹੈ। ਇਸ ਵਿਚ ਅਪਰਾਧ ਹਨ, ਬ੍ਰਾਹਮਣ ਦਾ ਕਤਲ, ਸ਼ਰਾਬ ਦਾ ਸੇਵਨ, ਚੋਰੀ, ਕਿਸੇ ਪੁਜਾਰੀ ਦੀ ਪਤਨੀ ਨਾਲ ਸੰਬੰਧ ਬਣਾਉਣੇ ਅਤੇ ਕਿਸੇ ਨਾਲ ਮਿਲਵਰਤਣ ਰੱਖਣਾ ਜੋ ਇਹਨਾਂ ਅਪਰਾਧਾਂ ਨੂੰ ਕਰਨ ਵਾਲਾ ਹੈ। ਬ੍ਰਾਹਮਣ ਇਹਨਾਂ ਮਹਾਂ-ਪਾਪਾਂ ਦੁਆਰਾ ਧਮਕੀ ਦਿੰਦਾ ਹੈ ਕਿ ਗਊ ਹੱਤਿਆ ਕਰਨੀ ਅਤੇ ਬ੍ਰਾਹਮਣ ਦਾ ਕਤਲ ਕਰਨ ਦੇ ਨਤੀਜੇ ਭੈੜੇ ਹਨ। ਇਸ ਤੋਂ ਬਾਅਦ ਕਲਮ ਦੀ ਤਾਕਤ ਨਾਲ ਇਹਨਾਂ ਮਹਾਂਪਾਤੀਕਾ ਨੂੰ ਸਾਰੀਆਂ ਸਿਮ੍ਰਤੀਆਂ ਵਿਚ ਸ਼ਾਮਲ ਕਰ ਦਿੱਤਾ

ਗਿਆ। ਇੱਥੋਂ ਗਊ ਦੀ ਮਹਾਨਤਾ ਤੇ ਪਵਿੱਤਰਤਾ ਨੂੰ ਪ੍ਰਚਾਰਿਆ ਗਿਆ।

ਬੁਧ ਧਰਮ ਅਨੁਸਾਰ ਪਸ਼ੂਆਂ ਦਾ ਜੀਵਨ ਮਨੁੱਖਾਂ ਦੇ ਮੁਕਾਬਲੇ ਘਟੀਆ ਹੈ, ਫਿਰ ਵੀ ਬੁੱਧ ਧਰਮ ਨੇ ਜੀਵ ਹੱਤਿਆ ਨੂੰ ਰੋਕਣ ਲਈ ਪ੍ਰਚਾਰ ਕੀਤਾ। ਜਦੋਂ ਕਦੀ ਵੀ ਮੌਕਾ ਬਣਿਆ ਤਾਂ ਮਹਾਤਮਾ ਬੁਧ ਨੇ ਪਸ਼ੂਆਂ ਦੀ ਬਲੀ ਜਾਂ ਕੁਰਬਾਨੀ ਨੂੰ ਰੋਕਿਆ। ਅਨੇਕਾਂ ਵਾਰ, ਜਦੋਂ ਵੀ ਕਿਸੇ ਬ੍ਰਾਹਮਣਾਂ ਵਲੋਂ ਧਾਰਮਿਕ ਸਮਾਗਮ ਜਾਂ ਰਸਮ ਸਮੇਂ ਪਸ਼ੂਆਂ ਦੀ ਬਲੀ ਦੇਣ ਦੀ ਤਿਆਰੀ ਹੁੰਦੀ ਤਾਂ ਮਹਾਤਮਾ ਬੁਧ ਦੇ ਕਹਿਣ ’ਤੇ ਬਲੀ ਦੀ ਰਸਮ ਰੋਕ ਦਿੱਤੀ ਜਾਂਦੀ ਸੀ। ਦੂਸਰਾ ਬੁਧ ਜੀ ਦਾ ਸਾਰੇ ਦੇਸ ਵਿਚ ਸਤਿਕਾਰ ਸੀ ਅਤੇ ਜੇਕਰ ਉਹਨਾਂ ਵਲੋਂ ਕੋਈ ਗੱਲ ਕਹੀ ਜਾਂਦੀ ਤਾਂ ਵੱਡੇ-ਵੱਡੇ ਪ੍ਰੋਹਤ ਤੇ ਰਾਜੇ ਵੀ ਮੰਨ ਜਾਂਦੇ ਹਨ।

ਭਾਵੇਂ ਮਹਾਤਮਾ ਬੁਧ ਪਸ਼ੂਆਂ ਦੀ ਕੁਰਬਾਨੀ ਦੇ ਵਿਰੁਧ ਸਨ, ਪਰ ਫਿਰ ਵੀ ਮਾਸ ਖੁਰਾਕ ਦਾ ਮਹੱਤਵਪੂਰਨ ਅੰਸ਼ ਕਬੂਲਿਆ ਗਿਆ। ਇਹ ਵੀ ਮੰਨਿਆ ਜਾਂਦਾ ਹੈ ਕਿ ਮਹਾਤਮਾ ਬੁਧ ਅਤੇ ਉਸ ਦੇ ਚੇਲੇ ਮਾਸ ਅਹਾਰ ਦਾ ਸੇਵਨ ਕਰਦੇ ਸਨ। ਫਿਰ ਇਹ ਮੁਸ਼ਕਲ ਪ੍ਰਸ਼ਨ ਹੈ ਕਿ ਹਿੰਦੂ ਰਾਜਿਆਂ ਵਲੋਂ ਅੱਗੇ ਹੋ ਕੇ ਗਊ ਦੀ ਹੱਤਿਆ ਵਿਰੁਧ ਕਾਨੂੰਨ ਕਿਉਂ ਬਣਾਇਆ ਗਿਆ ਅਤੇ ਇਹ ਕਾਨੂੰਨ ਮਨੂੰ ਦੇ ਕਾਨੂੰਨਾਂ ਦੇ ਉਲਟ ਸੀ। ਇਸ ਦਾ ਉਤਰ ਇਹੀ ਹੋ ਸਕਦਾ ਹੈ ਕਿ ਬ੍ਰਾਹਮਣਾਂ ਨੂੰ ਵੈਦਿਕ ਰੀਤੀ ਦੇ ਸਭ ਨਿਯਮ, ਬੋਧੀ ਭਿਖਸ਼ੂਆਂ ਦੀ ਸਰਦਾਰੀ ਤੇ ਪ੍ਰਭਾਵ ਨੂੰ ਖਤਮ ਕਰਨ ਲਈ ਭੰਗ ਕਰਨੇ ਪੈਣੇ ਸਨ। ਜੇ ਇਸ ਮੁਲਾਂਕਣ ਅਨੁਸਾਰ ਇਹੀ ਮੁੱਖ ਕਾਰਨ ਸੀ ਤਾਂ ਗਊ ਨੂੰ ਪਵਿੱਤਰਤਾ ਦਾ ਦਰਜਾ, ਬੁਧ ਧਰਮ ਅਤੇ ਬ੍ਰਾਹਮਣਵਾਦ ਦੇ ਆਪਸੀ ਟਕਰਾਓ ਦੇ ਸਿੱਟੇ ਵਜੋਂ ਮਿਲਿਆ। ਗਊ ਦੇ ਮਾਸ ਦੀ ਮਨਾਹੀ, ਸਭ ਤਰ੍ਹਾਂ ਦੇ ਮਾਸ ਖਾਣ ਦੀ ਪਰੰਪਰਾ ਤੋਂ ਲਾਂਭੇ ਹੋ ਕੇ ਸ਼ਾਕਾਹਾਰੀ ਹੋਣ ਦਾ ਪ੍ਰਚਾਰ ਕਰਨਾ ਆਦਿ ਇਕ ਤਰ੍ਹਾਂ ਦੇ ਉਪਾਅ ਸਨ, ਜਿਹਨਾਂ ਨਾਲ ਬ੍ਰਾਹਮਣ ਨੇ ਆਪਣੀ ਸਰਦਾਰੀ ਨੂੰ ਮੁੜ ਬਹਾਲ ਕੀਤਾ।

ਮੇਰਾ ਆਪਣਾ ਖਿਆਲ ਹੈ ਕਿ ਸਾਨੂੰ ਮਨੁੱਖਤਾ ਦੇ ਭਲੇ ਲਈ ਸੰਘਰਸ਼ ਕਰਨ ਦੀ ਲੋੜ ਹੈ। ਜਿਵੇਂ ਸਵਾਮੀ ਵਿਵੇਕਾਨੰਦ ਜੀ ਆਖਦੇ ਹਨ “ਜਿਸ ਮਨੁੱਖ ਅੰਦਰ ਕਦੀ ਕਿਸੇ ਪ੍ਰਤੀ ਈਰਖਾ ਨਾ ਉਪਜੇ, ਦੁਸ਼ਮਣਾਂ ਦੀ ਤਰੱਕੀ ’ਤੇ ਵੀ ਖੁਸ਼ ਹੋਵੇ, ਉਹ ਇਨਸਾਨ ਭਗਤ ਹੈ, ਯੋਗੀ ਹੈ, ਭਾਵੇਂ ਉਹ ਨਿਤ ਸੂਰ ਦਾ ਮਾਸ ਖਾਵੇ।”

ਡਾਕਟਰ ਸੁਰਿੰਦਰ ਅਜਨਾਤ ਆਖਦੇ ਹਨ, “ਕਿ ਮਾਸਾਹਾਰ ਜਾਂ ਸ਼ਾਕਾਹਾਰ ਹੋਣਾ ਵਿਅਕਤੀ ਦੀ ਨਿੱਜੀ ਪਸੰਦ ਹੈ, ਜਿਸ ਦਾ ਧਰਮ ਜਾਂ ਅਧਰਮ ਨਾਲ ਕੋਈ

ਸੰਬੰਧ ਨਹੀਂ।" ਜੇ ਅਸੀਂ ਆਪਣੀ ਉਦਾਰ ਤੇ ਸਹਿਨਸ਼ੀਲਤਾ ਵਾਲੀ ਨੀਤੀ ਅਪਨਾ ਕੇ ਹੰਕਾਰ ਤੇ ਹੈਂਕੜਪੁਣੇ ਨੂੰ ਤਿਆਗ ਕੇ ਸਰਬੱਤ ਦੇ ਭਲੇ ਨੂੰ ਆਪਣੇ ਜੀਵਨ ਦਾ ਮਨੋਰਥ ਬਣਾਵਾਂਗੇ ਤਾਂ ਅਸੀਂ ਭਾਰਤ ਦੇ ਲੋਕਾਂ ਦੇ ਚੰਗੇ ਭਵਿੱਖ ਲਈ ਸੋਚ ਸਕਾਂਗੇ।

## ਮੋਦੀ ਸਰਕਾਰ ਤੇ ਗਊ ਮਾਸ ਦੀ ਬਰਾਮਦ

ਸਾਲ 2014-15 ਭਾਰਤ ਤੋਂ 14, 75, 540 ਮੈਟਰਿਕ ਟਨ ਬੀਫ਼ (ਗਊ ਮਾਸ) ਬਰਾਮਦ ਕੀਤਾ ਗਿਆ, ਇਹ 10 ਸਾਲਾਂ ਵਿਚ ਸਭ ਤੋਂ ਵੱਧ ਹੋਇਆ ਹੈ। ਕੁਝ ਸਮੇਂ ਲਈ ਇਸ ਦੀ ਬਰਾਮਦੀ ਘਟੀ, ਜਿਸ ਦਾ ਕਾਰਨ, ਭਾਰਤ ਅੰਦਰ ਗਊ ਮਾਸ ਦੀ ਵਰਤੋਂ ਤੇ ਵਿਰੋਧ ਹੋਏ, ਹਿੰਦੂ ਕੱਟੜਪੰਥੀਆਂ ਵਲੋਂ ਬੇਗੁਨਾਹ ਲੋਕ ਮਾਰੇ ਗਏ। ਖ਼ਬਰਾਂ ਅਨੁਸਾਰ ਭਾਰਤ ਦੁਨੀਆਂ ਵਿਚ ਸਭ ਤੋਂ ਵੱਧ ਗਊ ਮਾਸ ਬਾਹਰਲੇ ਦੇਸਾਂ ਨੂੰ ਵੇਚਦਾ ਹੈ। ਹੈਰਾਨੀਜਨਕ ਗੱਲਾਂ ਹਨ ਕਿ ਭਾਰਤ ਦੇ 29 ਸੂਬਿਆਂ ਵਿਚੋਂ 20 ਸੂਬਿਆਂ ਵਿਚ ਗਊ ਨੂੰ ਕਤਲ ਕਰਨਾ ਅਪਰਾਧ ਹੈ।

## ਭਾਰਤ ਦੇ ਬੁੱਚੜਖਾਨੇ ਤੇ ਇਹਨਾਂ ਦੇ ਮਾਲਕ

ਆਮ ਸਾਧਾਰਨ ਵਿਅਕਤੀ ਕਿਆਸ ਕਰੇਗਾ ਕਿ ਹਿੰਦੂ ਤਾਂ ਗਊ ਹੱਤਿਆ ਦੇ ਵਿਰੋਧੀ ਹਨ ਅਤੇ ਉਹ ਹੈਨ ਵੀ ਸ਼ਾਕਾਹਾਰੀ ਤਾਂ ਫਿਰ ਗ਼ੈਰ-ਹਿੰਦੂ ਹੀ ਹੋਣਗੇ, ਜੋ ਇਹਨਾਂ ਬੁੱਚੜਖਾਨਿਆਂ ਨੂੰ ਚਲਾਉਂਦੇ ਹਨ ?

**ਆਨ ਕਬੀਰ ਐਕਸਪੋਰਟ**-ਇਹ ਭਾਰਤ ਵਿਚ ਸਭ ਤੋਂ ਵੱਡੀ ਕੰਪਨੀ ਹੈ ਜੋ ਵਿਦੇਸ਼ਾਂ ਨੂੰ ਗਊ ਮਾਸ ਬਰਾਮਦ ਕਰਦੀ ਹੈ। ਇਹ ਤੇਲੰਗਨਾ ਸੂਬੇ ਅੰਦਰ, 400 ਏਕੜ ਵਿਚ ਪਲਾਂਟ ਹੈ ਅਤੇ ਇਸ ਬੁੱਚੜਖਾਨੇ ਦਾ ਮਾਲਕ ਸਤੀਸ਼ ਸਭਰਵਾਲ ਹੈ। 2019-20 ਦੌਰਾਨ ਇਸ ਨੇ 650 ਕਰੋੜ ਮੁਦਰਾ ਕਮਾਈ ਹੈ।

**ਅਲ ਨੂਰ ਐਕਸਪੋਰਟ**-ਇਸ ਕੰਪਨੀ ਦਾ ਮਾਲਕ ਸੁਨੀਲ ਸੂਦ ਹੈ ਅਤੇ ਉਹ ਵੀ ਹਿੰਦੂ ਹੈ। ਪਰ ਬਦਨਾਮ ਮੁਸਲਮਾਨਾਂ ਨੂੰ ਕੀਤਾ ਜਾਂਦਾ ਹੈ ਕਿ ਉਹ ਗਊ ਹੱਤਿਆਰੇ ਹਨ। ਇਹ ਕੰਪਨੀ ਦਾ ਪਲਾਂਟ ਯੂ. ਪੀ. ਵਿਚ ਹੈ, ਜਿੱਥੇ ਯੋਗੀ ਅਦਿਤਿਆਨਾਥ ਮੁੱਖ ਮੰਤਰੀ ਹੈ।

**ਏਓਬੀ ਐਕਸਪੋਰਟਸ**-ਇਹ ਕੰਪਨੀ ਵੀ ਯੂ. ਪੀ. ਵਿਚ ਸਥਿਤ ਹੈ ਅਤੇ ਇਸ ਕੰਪਨੀ ਦਾ ਮਾਲਕ ਓ. ਪੀ. ਅਰੋੜਾ ਹੈ।

**ਸਟੈਂਡਰਡ ਫਰੋਜ਼ਨ ਫੂਡਜ਼ ਐਕਸਪੋਰਟ**-ਇਸ ਕੰਪਨੀ ਦਾ ਮਾਲਕ ਕਮਲ

ਵਰਮਾ ਹੈ ਅਤੇ ਇਹ ਬੁੱਚੜਖਾਨਾ ਵੀ ਯੂ. ਪੀ. ਸੂਬੇ ਵਿਚ ਸਥਿਤ ਹੈ।

**ਮਹਾਂਰਾਸ਼ਟਰਾ ਫੂਡ ਪ੍ਰੋਸੈਸਿੰਗ ਐਂਡ ਕੋਲਡ ਸਟੋਰਿਜ਼**–ਇਸ ਦੀ ਮਾਲਕੀ ਵਿਚ ਸਨੀ ਖੱਟੜ ਭਾਈਵਾਲ ਹੈ ਅਤੇ ਇਹ ਬੁੱਚੜਖਾਨਾ ਸਤਾਰਾ ਜ਼ਿਲ੍ਹੇ ਵਿਚ ਮਹਾਂਰਾਸ਼ਟਰਾ ਸੂਬੇ ਵਿਚ ਹੈ।

## ਸਚਿਆਰ ਵਿਅਕਤੀ ਤੇ ਉਦਾਰਵਾਦੀ ਦ੍ਰਿਸ਼ਟੀਕੋਣ

ਸ਼ਾਇਦ ਇਸ ਬਾਰੇ ਮੈਂ ਲਿਖ ਚੁੱਕਾ ਹਾਂ ਕਿ ਅਜੋਕੇ ਸਮੇਂ ਭਾਰਤ ਅੰਦਰ ਇਕ ਵਿਅਕਤੀ ਵੀ ਅਜਿਹਾ ਨਹੀਂ ਦਿਸਦਾ, ਜੋ ਸਚਿਆਰ, ਨਿਰਪੱਖ ਤੇ ਮਨੁੱਖਤਾ ਦੀ ਭਲੇ ਲਈ ਸੋਚਣ ਵਾਲਾ ਹੋਵੇ। ਕਈ ਵਿਅਕਤੀ ਧਰਮੀ ਅਤੇ ਅਧਿਆਤਮਕ ਹੋਣ ਦਾ ਢੌਂਗ ਕਰਕੇ ਕਰੋੜਾਂ ਅਰਬਾਂ ਦੀ ਜਾਇਦਾਦ ਬਣਾ ਚੁੱਕੇ ਹਨ। ਉਹਨਾਂ ਦੇ ਚਰਨਾਂ ਵਿਚ ਵੱਡੇ ਵੱਡੇ ਕੱਦਾਂ ਵਾਲੇ ਰਾਜਨੀਤਕ ਬੰਦੇ ਬੈਠ ਕੇ ਧਰਮੀ ਹੋਣ ਦਾ ਪਾਖੰਡ ਕਰਦੇ ਹਨ ਅਤੇ ਅਸਲ ਮਨੋਰਥ ਅਗਿਆਨਤਾ ਵੱਸ ਲੋਕਾਂ ਦੀਆਂ ਵੋਟਾਂ ਬਟੋਰਨੀਆਂ ਹੁੰਦੀਆਂ ਹਨ। ਹੈਰਾਨੀ ਇਸ ਗੱਲ ਦੀ ਹੈ ਕਿ ਮਹਾਨ ਤੇ ਪ੍ਰਸਿੱਧ ਡੇਰੇਦਾਰ, ਜਿਹਨਾਂ ਦੇ ਚਰਨਾਂ ਵਿਚ ਦੇਸ ਦੇ ਮੰਤਰੀ ਤੇ ਪਾਰਟੀ ਨੇਤਾ ਬੈਠਦੇ ਸਨ, ਉਹੀ ਡੇਰੇਦਾਰ ਬਲਾਤਕਾਰੀ ਅਤੇ ਕਤਲ ਦੇ ਦੋਸ਼ਾਂ ਵਿਚ ਜੇਲ੍ਹਾਂ ਦੀ ਹਵਾ ਖਾਹ ਰਹੇ ਹਨ।

ਇੱਥੇ ਮੈਂ ਇਕ ਸੱਚੇ ਦੇਸ਼ ਭਗਤ ਦੀ ਸਹਿਨਸ਼ੀਲਤਾ ਤੇ ਉਦਾਰ ਨੀਤੀ ਬਾਰੇ ਜ਼ਿਕਰ ਕਰਾਂਗਾ। "ਹਿੰਦੋਸਤਾਨ ਸੋਸ਼ਲਿਸਟ ਰਿਪਬਲੀਕਨ ਆਰਮੀ" ਦੇ ਮੈਂਬਰਾਂ ਅੰਦਰ ਵਿਸ਼ੇਸ਼ ਤੌਰ ਉੱਤੇ ਇਕ ਦ੍ਰਿਸ਼ਟੀਕੋਣ ਅਪਣਾਇਆ ਹੋਇਆ ਸੀ। ਕਾਕੋਰੀ ਕੇਸ ਵਿਚ ਲੰਬੀ ਕੈਦ ਕਟਣ ਵਾਲੇ ਮਹਾਨ ਕ੍ਰਾਂਤੀਕਾਰੀ ਲੇਖਕ ਨੇ ਲਿਖਿਆ ਹੈ ਕਿ ਕ੍ਰਾਤੀਕਾਰੀ ਲੋਕਾਂ ਪਾਸ ਪੈਸੇ ਦੀ ਬਹੁਤ ਥੁੜ ਸੀ। ਉਹ ਰੋਜ਼ ਇਕ ਮਿੱਟੀ ਦੇ ਠੀਕਰੇ ਵਿਚ ਮੱਸਰਾਂ ਦੀ ਦਾਲ ਬਣਾ ਲੈਂਦੇ ਸਨ। ਪਰ ਕਈ ਵਾਰੀ ਕਈ ਸਾਥੀ ਰੋਜ਼ ਮਸਰਾਂ ਦੀ ਦਾਲ ਖਾਹ ਖਾਹ ਕੇ ਅੱਕੇ ਪਏ ਸਨ। ਫਿਰ ਸਲਾਹ ਨਾਲ ਦਾਲ ਵਿਚ ਮਾਸ ਵੀ ਪਾ ਲੈਂਦੇ ਸਨ। ਚੰਦਰ ਸ਼ੇਖਰ ਅਜ਼ਾਦ, ਬ੍ਰਾਹਮਣ ਸਨ, ਜੋ ਬਨਾਰਸ ਪੜ੍ਹਦੇ ਪੜ੍ਹਦੇ ਦੇਸ਼ ਦੀ ਅਜ਼ਾਦੀ ਲਈ ਕੁੱਦ ਪਏ। ਉਹਨਾਂ ਨੂੰ ਜਦੋਂ ਦਾਲ ਦਿੱਤੀ ਜਾਂਦੀ ਸੀ ਤਾਂ ਕਈ ਵਾਰ ਉਹਨਾਂ ਦੀ ਕੌਲੀ ਵਿਚ ਇਕ ਅੱਧਾ ਮਾਸ ਦਾ ਟੁੱਕੜਾ ਡਿੱਗ ਪੈਂਦਾ। ਉਹ ਚੁੱਪ-ਚਾਪ ਮਾਸ ਦੇ ਟੁਕੜੇ ਨੂੰ ਕੱਢ ਕੇ ਬਾਹਰ ਰੱਖ ਦਿੰਦੇ ਤੇ ਦਾਲ ਨਾਲ ਰੋਟੀ ਖਾਹ ਲੈਂਦੇ।

▲ ▲ ▲

# ਇਸਲਾਮ ਤੇ ਹਲਾਲ

ਕੁਰਾਨ, ਮੁਸਲਮਾਨਾਂ ਦਾ ਧਰਮ ਗ੍ਰੰਥ, ਜੋ ਕੁਰਾਨ ਦੀ ਲਿਖਤ ਅਨੁਸਾਰ ਖ਼ੁਦਾ ਵਲੋਂ ਹਜ਼ਰਤ ਮੁਹੰਮਦ ਨੂੰ ਪ੍ਰਾਪਤ ਹੋਇਆ, ਕੁਰਾਨ ਆਦਰ ਬੋਧਕ ਮਜੀਦ, ਸ਼ਰੀਫ਼ ਆਦਿ ਸ਼ਬਦ ਲਾਏ ਜਾਂਦੇ ਹਨ। ਕੁਰਾਨ, ਇਸ ਲਈ ਅੱਲ੍ਹਾ ਦਾ ਸ਼ਬਦ, ਮੁਸਲਮਾਨਾਂ ਲਈ ਹੈ। ਕੁਰਾਨ, ਅਰਬੀ ਬੋਲੀ ਵਿਚ ਪ੍ਰਗਟ ਹੋਇਆ ਹੈ। ਮੁਸਲਮਾਨਾਂ ਅੰਦਰ ਦੋ ਮੁੱਖ ਫਿਰਕੇ ਮੰਨੇ ਜਾਂਦੇ ਹਨ–(1) ਸੁੰਨੀ (2) ਸ਼ੀਆ

ਪਰ ਜਿੱਥੋਂ ਤੱਕ ਮਾਸ ਖਾਣ ਦੇ ਨਿਯਮ ਦੇ ਸਬੰਧ ਵਿਚ ਹੈ, ਉੱਥੇ ਕੋਈ ਅੰਤਰ ਨਹੀਂ।

## ਹਲਾਲ

### SURAT-AL-BAGARA

He has only forbidden to you carrrion, the flesh of swine and that which has been dedicated to other than Allah. But whoever is forced (by necessity neither desiring nor transgression, there is no sin upon him. Indeed, Allah is Forgiving and Merciful. (2:173)

ਉਸਨੇ ਤੁਹਾਨੂੰ ਮੁਰਦਾਰ ਖਾਣ ਦੀ ਮਨਾਹੀ ਕੀਤੀ ਹੈ, ਸੂਰ ਦੇ ਮਾਸ ਦੀ ਅਤੇ ਉਹ ਭੋਜਨ ਜੋ ਅੱਲਾ ਤੋਂ ਬਿਨ੍ਹਾਂ ਕਿਸੇ ਹੋਰ ਨੂੰ ਸਮਰਪਿਤ ਕੀਤਾ ਹੋਵੇ। ਜੇ ਕੋਈ ਵੀ ਲੋੜ ਲਈ ਪ੍ਰਵਾਨ ਕੀਤਾ ਜਾਵੇ, ਨਾ ਹੀ ਉਸ ਪ੍ਰਤੀ ਇੱਛਾ ਅਤੇ ਨਾ ਹੀ ਅਵੱਗਿਆ ਹੋਈ ਹੋਵੇ, ਉਸ ਉੱਪਰ ਕੋਈ ਅਪਰਾਧ ਨਾ ਹੋਵੇ। ਯਕੀਨੀ ਤੌਰ ਤੇ ਅੱਲਾਹ ਦਿਆਲੂ ਅਤੇ ਮਿਹਰਬਾਨ ਹੈ।

ਇਹ ਬਚਨ ਸਰਲ ਅਤੇ ਸਪੱਸ਼ਟ ਹਨ। ਮੁਸਲਮਾਨਾਂ ਅਤੇ ਯਹੂਦੀਆਂ ਅੰਦਰ ਸੂਰ ਦੇ ਮਾਸ ਨੂੰ ਖਾਣ ਦੀ ਮਨਾਹੀ ਹੈ, ਕਿਉਂਕਿ ਉਹ ਸਮਝਦੇ ਹਨ ਕਿ ਸੂਰ ਸਾਫ ਨਹੀਂ ਹੁੰਦਾ ਅਤੇ ਉਹ ਗੰਦਗੀ ਖਾਂਦਾ ਹੈ। (ਇਹ ਪੁਰਾਤਨ ਸਮੇਂ ਠੀਕ ਸੀ, ਜਦੋਂ ਸੂਰ ਸੜਕਾਂ ’ਤੇ ਤੁਰੇ ਫਿਰਦੇ ਗੰਦਗੀ ਤੇ ਪਲਦੇ ਸਨ, ਪਰ ਅਜੋਕੇ ਸਮੇਂ ਸੂਰਾਂ ਨੂੰ

ਪਾਲਣ ਲਈ ਵੱਡੇ-ਵੱਡੇ ਫਾਰਮ ਬਣਾਏ ਹੁੰਦੇ ਹਨ ਤੇ ਉਹਨਾਂ ਨੂੰ ਸਾਫ਼ ਖ਼ੁਰਾਕ ਦਿੱਤੀ ਜਾਂਦੀ ਹੈ)

ਅਰਬੀ ਦਾ ਇਕ ਸ਼ਬਦ ਮ-ਈਟਾ' ਹੈ, ਜਿਸ ਦੇ ਅਰਥ ਮੁਰਦਾਰ ਹਨ ਭਾਵ ਕੋਈ ਜਾਨਵਰ ਜਾਂ ਜੀਵ ਮਰਿਆ ਹੋਵੇ ਜਾਂ ਉਹ ਕਿਸੇ ਦੁਰਘਟਨਾ ਨਾਲ ਜਾਂ ਕੁਦਰਤੀ ਮਰਿਆ ਹੋਵੇ ਅਤੇ ਜੋ ਮਾਸ ਨਿਰਧਾਰਤ ਵਿਧੀ ਨਾਲ ਨਾ ਬਣਾਇਆ ਹੋਵੇ, ਖਾਣ ਯੋਗ ਨਹੀਂ।

ਇਸਲਾਮ ਅੰਦਰ ਹਲਾਲ ਮਾਸ ਤਿਆਰ ਕਰਨ ਦੀ ਵਿਧੀ ਨੂੰ ਡਾਬੀਬਾ (dabiba) ਆਖਿਆ ਜਾਂਦਾ ਹੈ। ਇਸ ਵਿੱਚ ਜਾਨਵਰ ਦੀ ਘੰਡੀ, ਸ਼ਾਹ ਵਾਲੀ ਨਾੜੀ ਤੇ ਦਿਮਾਗ ਨੂੰ ਖ਼ੂਨ ਪਹੁੰਚਾਉਣ ਵਾਲੀ ਨਾੜੀ ਨੂੰ ਕੱਟਿਆ ਜਾਂਦਾ ਹੈ ਅਤੇ ਜਾਨਵਰ ਵਿਚੋਂ ਖ਼ੂਨ ਨਿਚੋੜਿਆ ਜਾਂਦਾ ਹੈ। ਜੇਕਰ ਹਲਾਲ ਤੋਂ ਪਹਿਲਾਂ ਕੋਈ ਪਸ਼ੂ ਜਾਂ ਜਾਨਵਰ ਨੂੰ ਬੇ-ਸੁਰਤ ਕੀਤਾ ਗਿਆ ਹੋਵੇ ਤਾਂ ਅਜੇਹਾ ਮਾਸ ਮੁਰਦਾਰ ਸਮਝਿਆ ਜਾਂਦਾ ਹੈ, ਕਿਉਂਕਿ ਉਹ ਤਾਂ ਹਲਾਲ ਹੋਣ ਤੋਂ ਪਹਿਲਾਂ ਹੀ ਮਰਿਆ ਹੋਇਆ ਸੀ। ਜੇ ਪੰਛੀ ਦੀ ਗਰਦਨ ਪਹਿਲਾਂ ਹੀ ਟੁੱਟੀ ਹੋਵੇ ਤਾਂ ਵੀ ਉਹ ਹਲਾਲ ਨਹੀਂ ਹੋ ਸਕਦਾ।

ਹਲਾਲ ਕਰਨ ਦੀ ਵਿਧੀ ਸਮੇਂ ਬੁੱਚੜ ਵਲੋਂ ਉੱਚੀ ਸੁਰ ਵਿਚ "ਬਿਸਮਿਲ੍ਹਾ ਅਰ-ਰਹਿਮਾਨ ਅਰ-ਰਹੀਮ" ਅੱਲ੍ਹਾ ਦਿਆਲੂ ਦੇ ਨਾਮ। ਜਿੱਥੇ ਅਜਿਹਾ ਨਾ ਕੀਤਾ ਗਿਆ ਹੋਵੇ ਜਾਂ ਕਿਸੇ ਹੋਰ ਦੇਵਤੇ ਦੇ ਨਾਮ ਦੀ ਅਰਾਧਨਾ ਕੀਤੀ ਹੋਵੇ ਤਾਂ ਅਜੇਹੇ ਮਾਸ ਖਾਣ ਦੀ ਮਨਾਹੀ ਹੈ।

ਮੱਛੀ ਅਤੇ ਸਮੁੰਦਰ ਵਿਚ ਪਲੇ ਜੀਵਾਂ ਲਈ ਖਾਣ ਦੀ ਕੋਈ ਪਾਬੰਦੀ ਨਹੀਂ। ਮੁਸਲਮਾਨਾ ਦੇ ਖਾਣ ਯੋਗ ਵਸਤੂਆਂ ਨੂੰ ਹਲਾਲ ਆਖਿਆ ਜਾਂਦਾ ਹੈ ਅਤੇ ਹਲਾਲ ਦਾ ਅਰਥ ਖਾਣਯੋਗ ਹੈ।

ਇਸਲਾਮ ਅੰਦਰ ਸ਼ਰਾਬ ਦੀ ਵਰਤੋਂ ਦੀ ਮਨਾਹੀ ਹੈ। ਇਸ ਦਾ ਉਲੇਖ ਕੁਰਾਨ ਅੰਦਰ ਕਈ ਥਾਂਵਾਂ ਉੱਤੇ ਕੀਤਾ ਹੋਇਆ ਹੈ।

ਹਲਾਲ ਮਾਸ ਇਕ ਵਿਸ਼ੇਸ਼ ਤਰੀਕੇ ਨਾਲ ਤਿਆਰ ਕੀਤਾ ਜਾਂਦਾ ਹੈ ਅਤੇ ਇਸ ਤਰੀਕੇ 'ਜ਼ਬੀਹ' ਕਰਨਾ ਆਖਿਆ ਜਾਂਦਾ ਹੈ। ਇਸ ਨੂੰ ਕਰਨ ਲਈ ਕੁਝ ਵਿਸ਼ੇਸ਼ ਹਦਾਇਤਾਂ ਦਾ ਪਾਲਣ ਕਰਨਾ ਜ਼ਰੂਰੀ ਹੁੰਦਾ ਹੈ।

1. ਜਾਨਵਰ ਨੂੰ ਵੱਢਣ ਸਮੇਂ ਅੱਲ੍ਹਾ ਦਾ ਨਾਮ ਉਚਾਰਨਾ ਹੁੰਦਾ ਹੈ।
2. ਵੱਢਣ ਵਾਲਾ ਹਥਿਆਰ ਬਹੁਤ ਤਿੱਖਾ ਹੋਣਾ ਜ਼ਰੂਰੀ ਹੈ ਤਾਂ ਜੋ

ਨਿਰਦਈਪੁਣੇ ਦੇ ਕਤਲ ਤੋਂ ਸੰਕੋਚ ਕੀਤਾ ਜਾਵੇ, ਜਾਨਵਰ ਨੂੰ ਗਲੇ ਤੋਂ ਕੱਟਿਆ ਜਾਵੇ।

3. ਜਿਸ ਜਾਨਵਰ ਨੂੰ ਹਲਾਲ ਕਰਨਾ ਹੈ, ਉਹ ਜਾਨਵਰ ਬੇਹੋਸ਼ੀ ਵਿਚ ਨਾ ਹੋਵੇ।
4. ਜਾਨਵਰ ਨੂੰ ਪੁੱਠਾ ਟੰਗਿਆ ਹੋਵੇ ਅਤੇ ਉਸ ਦਾ ਖ਼ੂਨ ਵਹਿਣ ਦਿੱਤਾ ਜਾਵੇ। ਖ਼ੂਨ ਦਾ ਪ੍ਰਯੋਗ ਹਲਾਲ ਨਹੀਂ ਹੈ।
5. ਹਲਾਲ ਕਰਨ ਦੀ ਵਿਧੀ ਮੁਸਲਮਾਨ ਦੇ ਹੱਥੀਂ ਹੋਣੀ ਜ਼ਰੂਰੀ ਹੈ ਜਾਂ ਇਹ ਵਿਧੀ ਇਸਾਈ ਅਤੇ ਯਹੂਦੀ ਦੁਆਰਾ ਵੀ ਕੀਤੀ ਜਾ ਸਕਦੀ ਹੈ। ਕਾਫੀ ਮੁਸਲਮਾਨ ਯਹੂਦੀਆਂ ਦੇ ਕੋਸ਼ਰ ਮਾਸ ਨੂੰ ਖਾਣਾ ਪ੍ਰਵਾਨ ਕਰਦੇ ਹਨ।
6. ਜਿਸ ਜਾਨਵਰ ਨੂੰ ਹਲਾਲ ਕਰਨਾ ਹੈ, ਉਸ ਨੂੰ ਪਹਿਲਾਂ ਕੁਦਰਤੀ ਖ਼ੁਰਾਕ ਖਾਣ ਨੂੰ ਦਿੱਤੀ ਜਾਵੇ ਅਤੇ ਕੋਈ ਅਜਿਹੀ ਖੁਰਾਕ ਨਾ ਦਿੱਤੀ ਜਾਵੇ, ਜਿਸ ਵਿਚ ਕਿਸੇ ਹੋਰ ਮਾਸ ਦੇ ਤੱਤ ਮਿਲੇ ਹੋਣ।

## ਹਲਾਲ ਸਪਲਾਮੈਂਟਸ

ਖੁਰਾਕ ਨੂੰ ਸੰਤੁਲਤ ਕਰਨ ਲਈ ਡਾਕਟਰਾਂ ਵਲੋਂ ਵਿਸ਼ੇਸ਼ ਸਪਲਾਮੈਂਟਸ (ਸੰਪੂਰਨ ਕਰਨਾ) ਖਾਣ ਲਈ ਸਲਾਹ ਦਿੱਤੀ ਜਾਂਦੀ ਹੈ। ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ ਕਿ ਬਹੁਤ ਸਪਲਾਮੈਂਟ ਅੰਦਰ ਜਾਨਵਰਾਂ ਦੀ ਚਰਬੀ ਮਿਲਾਈ ਹੁੰਦੀ ਹੈ। ਜਿਵੇਂ ਕੁਝ ਸਮਾਂ ਪਹਿਲਾਂ ਯੋਗੀ ਰਾਮਦੇਵ ਉੱਤੇ ਦੋਸ਼ ਲੱਗਿਆ ਸੀ ਕਿ ਉਸ ਦੀ ਹਰ ਦਵਾਈ ਵਿਚ ਜਾਨਵਰਾਂ ਦੀ ਚਰਬੀ ਪਾਈ ਹੁੰਦੀ ਹੈ। ਹੋ ਸਕਦਾ ਕਈ ਕੰਪਨੀਆਂ ਵਾਲੇ ਆਪਣੇ ਉਤਪਾਦਨ ਨੂੰ ਵੇਚਣ ਲਈ ਵਰਤੀ ਜਾਂਦੀ ਸਮੱਗਰੀ ਦੇ ਨਾਮ ਜ਼ਾਹਿਰ ਨਾ ਕਰਦੇ ਹੋਣ ਜਾਂ ਕਈ ਵਾਰ ਚਰਬੀ ਲਈ ਔਖੇ ਅਤੇ ਅਪ੍ਰਚਲਿਤ ਸ਼ਬਦ ਵਰਤਦੇ ਹੋਣ, ਪਰ ਅਸਲੀਅਤ ਇਹ ਹੈ ਕਿ ਬਹੁਤ ਦਵਾਈਆਂ ਅਤੇ ਸਪਲਾਮੈਂਟ ਵਿਚ ਮਾਸ ਜਾਂ ਚਰਬੀ ਦੇ ਅੰਸ਼ ਮਿਲਾਏ ਹੁੰਦੇ ਹਨ। ਮੁਸਲਮਾਨ ਸਿਰਫ ਹਲਾਲ ਮਾਸ ਹੀ ਖਾਂਦੇ ਹਨ ਤੇ ਯਹੂਦੀ ਸਿਰਫ ਕੋਸ਼ਰ ਮਾਸ ਹੀ ਖਾਹ ਸਕਦੇ ਹਨ। ਸੋ ਆਪਣੀ ਆਪਣੀ ਮਨੌਤ ਤੇ ਮਰਿਯਾਦਾ ਅਨੁਸਾਰ ਮੁਸਲਮਾਨਾਂ ਨੇ ਹਲਾਲ ਸਪਲਾਮੈਂਟਸ ਬਣਾ ਲਏ ਤੇ ਯਹੂਦੀਆਂ ਨੇ ਕੋਸ਼ਰ ਸਪਲਾਮੈਂਟਸ ਬਣਾ ਲਏ ਹਨ।

ਮੋਟੇ ਤੌਰ ਤੇ ਵਿਟਾਮਿਨਜ਼ ਏ. ਡੀ. ਈ. ਅਤੇ ਕੇ. ਵਿਚ ਜਾਨਵਰਾਂ ਦੀ ਚਰਬੀ

ਹੁੰਦੀ ਹੈ। ਇਹ ਇਸ ਲਈ ਹੈ ਕਿ ਮੰਨਿਆ ਜਾਂਦਾ ਹੈ ਕਿ ਜਾਨਵਰਾਂ ਦੀ ਚਰਬੀ, ਤੇਲ ਤੇ ਸਬਜ਼ੀਆਂ ਦੀ ਫੈਟ ਤੋਂ ਵਧੇਰੇ ਚੰਗੀ ਹੁੰਦੀ ਹੈ।

ਸਿਹਤ ਸੰਬੰਧੀ ਮਾਹਿਰਾਂ ਅਨੁਸਾਰ 7 ਤਰ੍ਹਾਂ ਦੇ ਅੰਸ਼ ਹਨ, ਜੋ ਸਬਜ਼ੀਆਂ ਆਦਿ ਰਾਹੀਂ ਨਹੀਂ ਮਿਲ ਸਕਦੇ।

ਵਿਟਾਮਿਨ ਬੀ-12

ਕਰੀਟੀਨ

ਕੈਰਨੋਸੀਨ

ਵਿਟਾਮਿਨ ਡੀ-3

ਡੀ. ਐਚ. ਏ.

ਹੈਮੀ ਆਇਰਨ

ਟੌਰੀਨ

▲ ▲ ▲

# ਜੈਨ ਧਰਮ

ਮਹਾਂਵੀਰ ਨੇ ਛੇਵੀਂ ਸਦੀ ਵਿਚ ਜੈਨ ਧਰਮ ਅੰਦਰ ਨਵੀਆਂ ਪਰੰਪਰਾਵਾਂ ਸਥਾਪਤ ਕੀਤੀਆਂ। ਅਹਿੰਸਾ ਦਾ ਸਿਧਾਂਤ ਪਹਿਲਾਂ ਹੀ ਸਥਾਪਤ ਹੋ ਚੁੱਕਾ ਸੀ, ਪਰ ਜੈਨ ਧਰਮ ਦੇ ਮੁੱਖੀ ਸੁਧਾਰਕਾਂ ਨੇ ਬੁੱਧ ਧਰਮ ਤੇ ਵੈਦਿਕ ਧਰਮ ਦੇ ਅਨੁਯਾਈਆਂ ਦੀ ਨੁਕਤਾਚੀਨੀ ਕੀਤੀ ਕਿ ਉਹ ਅਹਿੰਸਾ ਦੇ ਸਿਧਾਂਤ ਦੀ ਪੂਰੀ ਤਰ੍ਹਾਂ ਪਾਲਣਾ ਨਹੀਂ ਕਰਦੇ। ਵਿਸ਼ੇਸ਼ ਕਰਕੇ ਉਹਨਾਂ ਨੇ ਵੈਦਿਕ ਪਰੰਪਰਾ ਅੰਦਰ ਪਸ਼ੂਆਂ ਦੀ ਬਲੀ ਦੇਣ ਦਾ ਵਿਰੋਧ ਕੀਤਾ ਅਤੇ ਨਾਲ ਹੀ ਸ਼ਿਕਾਰ ਕਰਨ ਅਤੇ ਮਾਸ ਖਾਣ ਦੀ ਰੀਤੀ ਨੂੰ ਨਿੰਦਿਆ। ਇਹ ਵੀ ਇਕ ਤਰ੍ਹਾਂ ਨਾਲ ਮੰਨਿਆ ਜਾਂਦਾ ਹੈ ਕਿ ਤਾਮਿਲ ਸਾਹਿਤ ਤ੍ਰਿਕੁਰਾਲ ਦੇ ਬਚਨ, ਜਿਸ ਨੂੰ ਜੈਨ ਧਰਮ ਦੇ ਵਿਚਾਰ ਹੀ ਸਮਝਿਆ ਜਾਂਦਾ ਹੈ ਕਿ

> *"ਜੇ ਵਿਸ਼ਵ ਅੰਦਰ ਮਾਸ ਨੂੰ ਨਾ ਖਰੀਦਿਆ ਜਾਵੇ ਤੇ ਨਾ ਹੀ ਖਾਧਾ ਜਾਵੇ ਤਾਂ ਕੋਈ ਵੀ ਪਸ਼ੂ ਨਾ ਮਾਰਿਆ ਜਾਵੇਗਾ ਤੇ ਨਾ ਹੀ ਮਾਸ ਦੀ ਵਿਕਰੀ ਹੋਵੇਗੀ।"*

(ਕੁਰਾਲ 256)

ਕੁਝ ਬ੍ਰਾਹਮਣ, ਕਸ਼ਮੀਰੀ ਪੰਡਿਤ, ਬੰਗਾਲੀ ਬ੍ਰਾਹਮਣ ਅਤੇ ਸਰਸਵਤ ਬ੍ਰਾਹਮਣਾਂ ਅੰਦਰ ਮਾਸ ਖਾਣ ਦੀ ਪਰੰਪਰਾ ਸੀ, ਪਰ ਜੈਨ ਧਰਮ ਦੇ ਅਹਿੰਸਾ ਸਿਧਾਂਤਾਂ ਦੇ ਪ੍ਰਭਾਵ ਕਾਰਨ ਰਾਜਸਥਾਨ, ਗੁਜਰਾਤ, ਕਰਨਾਟਕਾ ਅਤੇ ਤਾਮਿਲਨਾਡੂ ਦੇ ਬ੍ਰਾਹਮਣ ਸ਼ਾਕਾਹਾਰੀ ਬਣ ਗਏ। ਬਾਲ ਗੰਗਾਧਰ ਤਿਲਕ ਅਨੁਸਾਰ ਅਸਲ ਵਿਚ ਜੈਨ ਧਰਮ ਹੀ ਅਹਿੰਸਾ ਸਿਧਾਂਤ ਦਾ ਮੋਢੀ ਹੈ।

## ਜੈਨ ਧਰਮ ਦਾ ਅਹਾਰ ਸੰਬੰਧੀ ਨਿਯਮ

ਜੈਨ ਧਰਮ ਦੇ ਅਨੁਯਾਈ ਪੂਰੀ ਤਰ੍ਹਾਂ ਸ਼ਾਕਾਹਾਰੀ ਹਨ, ਉਹ ਕਿਸੇ ਪ੍ਰਕਾਰ ਦੇ ਜਾਨਵਰ ਦਾ ਮਾਸ ਦਾ ਸੇਵਨ ਨਹੀਂ ਕਰਦੇ, ਸਗੋਂ ਧਰਤੀ ਹੇਠ ਉਗਾਈਆਂ ਜਾਂਦੀਆਂ ਸਬਜ਼ੀਆਂ ਜਿਵੇਂ ਆਲੂ, ਲੱਸਣ, ਗਾਜਰ ਤੇ ਪਿਆਜ਼ ਆਦਿ ਦੀ ਵਰਤੋਂ ਵੀ ਨਹੀਂ ਕਰਦੇ। ਜਿੱਥੋਂ ਤੱਕ ਮਾਸ ਅਹਾਰ ਦੇ ਵਿਰੋਧ ਦਾ ਸਬੰਧ ਹੈ, ਉਸ ਦਾ

ਆਧਾਰ ਅਹਿੰਸਾ ਹੈ ਭਾਵ ਕਿਸੇ ਜੀਵ ਨੂੰ ਕਸ਼ਟ ਨਹੀਂ ਦੇਣਾ। ਇਹ ਅਹਿੰਸਾ ਦੀ ਸੋਚ ਹਿੰਦੂ ਸਮਾਜ ਅੰਦਰ ਵੱਖ-ਵੱਖ ਰੂਪਾਂ ਵਿਚ ਮਿਲਦੀ ਹੈ। ਜੈਨੀ ਧਰਮ ਦਾ ਨਾਅਰਾ 'ਅਹਿੰਸਾ ਪਰਮੋ ਧਰਮਾ' ਆਮ ਜੈਨੀ ਮੰਦਰਾਂ ਉਤੇ ਉਕਰਿਆ ਹੁੰਦਾ ਹੈ। ਭਾਵੇਂ ਹਿੰਦੂ ਧਰਮ ਦੇ ਕਈ ਹੋਰ ਸੰਪਰਦਾਵਾਂ ਜੀਵਾਂ ਦੀ ਹੱਤਿਆ ਦੇ ਵਿਰੁਧ ਹਨ ਤੇ ਸ਼ਾਕਾਹਾਰੀ ਭੋਜਨ ਦੀ ਮਹਾਨਤਾ ਨੂੰ ਸਵੀਕਾਰਦੇ ਹਨ, ਪਰ ਜੈਨੀ ਅਹਿੰਸਾ ਦੀ ਵਿਚਾਰਧਾਰਾ ਨੂੰ ਪੂਰਨ-ਰੂਪ ਵਿਚ ਮੰਨਦੇ ਹਨ।

ਜੇਕਰ ਕਿਸੇ ਸਬਜ਼ੀ ਉੱਤੇ ਕੋਈ ਜੀਵ (ਕੀਟਾਣੂੰ) ਵੀ ਮਰਿਆ ਦੇਖ ਲੈਣ ਤਾਂ ਉਹ ਉਸ ਸਬਜ਼ੀ ਦੀ ਵਰਤੋਂ ਨਹੀਂ ਕਰਦੇ। ਕੁਝ ਜੈਨ ਵਿਦਵਾਨ ਵੀਗਨਇਜ਼ਮ ਦੇ ਹੱਕ ਵਿਚ ਹਨ, ਜਿਸ ਵਿਚ ਦੁੱਧ ਦਹੀਂ ਦੇ ਪ੍ਰਯੋਗ ਦੀ ਮਨਾਹੀ ਹੁੰਦੀ ਹੈ।

ਜੈਨ ਧਰਮ ਦੇ ਇਕ ਪੁਸਤਕ ਅੰਦਰ ਅੰਕਤ ਹੈ ਕਿ ਕੋਈ ਗ੍ਰਹਿਸਥੀ ਵਿਅਕਤੀ ਇਹਨਾਂ ਚਾਰ ਚੀਜ਼ਾਂ ਤੋਂ ਦੂਰ ਰਹੇ ਸ਼ਰਾਬ, ਮਾਸ, ਘਿਓ ਅਤੇ ਸ਼ਹਿਦ ਅਤੇ ਪੰਜ ਪ੍ਰਕਾਰ ਦੇ ਫਲਾਂ ਤੋਂ ਵੀ ਪਰਹੇਜ਼ ਕਰੇ ਜੋ ਅੰਜ਼ੀਰ ਦੇ ਵਰਗ ਵਿਚ ਆਉਂਦੇ ਹਨ।

ਜੈਨੀ ਜਦੋਂ ਬਾਹਰ ਜਾਂਦੇ ਹਨ ਅਤੇ ਉਹ ਛੋਟੇ ਤੋਂ ਛੋਟੇ ਕੀਟਾਣੂੰ ਨੂੰ ਵੀ ਤਕਲੀਫ ਨਹੀਂ ਦੇਣਾ ਚਾਹੁੰਦੇ ਅਤੇ ਕਈ ਵਾਰ ਉਹ ਹੱਥਾਂ ਵਿਚ ਨਰਮ ਚੌਰਾਂ ਵਾਂਗ ਰਸਤੇ ਸਾਫ ਕਰਨ ਲਈ ਝਾੜੂ ਫੜਦੇ ਹਨ। ਕੁਝ ਜੈਨੀ ਆਪਣੇ ਮੂੰਹ ਵੀ ਕੱਜ ਕੇ ਰੱਖਦੇ ਹਨ ਕਿ ਗਰਮ ਹਵਾੜ ਨਾਲ ਅਣ-ਦਿਸਦੇ ਜੀਵ ਨਾ ਮਰਨ। ਪਰੰਪਰਾਵਾਦੀ ਜੈਨੀ ਤਾਂ ਪਾਣੀ ਵੀ ਪੁਣ ਕੇ ਪੀਂਦੇ ਹਨ ਕਿ ਕਿਤੇ ਨਿੱਕੇ ਜੀਵ ਪਾਣੀ ਸਮੇਤ ਨਾ ਪੀਤੇ ਜਾਣ। ਇਸ ਤੋਂ ਇਲਾਵਾ ਜੈਨੀ ਲੋਕਾਂ ਵਲੋਂ ਬਨਸਪਤੀ ਦੇ ਪੌਦਿਆਂ ਨੂੰ ਵੀ ਸੁਰੱਖਿਅਤ ਰੱਖਿਆ ਜਾਂਦਾ ਹੈ।

ਉਹ ਧਰਤੀ ਵਿਚੋਂ ਪੈਦਾ ਕੀਤੀਆਂ ਸਬਜ਼ੀਆਂ ਨੂੰ ਨਹੀਂ ਖਾਂਦੇ ਅਤੇ ਉਹ ਸਮਝਦੇ ਹਨ ਕਿ ਇਹ ਸਬਜ਼ੀਆਂ ਜਦੋਂ ਪੁੱਟੀਆਂ ਜਾਂਦੀਆਂ ਹਨ ਤਾਂ ਇਹਨਾਂ ਨਾਲ ਧਰਤੀ ਦੇ ਕਈ ਜੀਵ ਜ਼ਰੂਰ ਮਰ ਜਾਂਦੇ ਹਨ।

ਮਸ਼ਰੂਮ ਜਾਂ ਇਸ ਵਾਂਗੂੰ ਆਪਣੇ ਆਪ ਉਪਜੀ ਅਤੇ ਖ਼ਮੀਰ ਖਾਣ ਦੀ ਮਨਾਹੀ ਹੈ, ਕਿਉਂਕਿ ਇਹ ਗ਼ੈਰ-ਕੁਦਰਤੀ ਵਾਤਾਵਰਣ ਵਿਚ ਪੈਦਾ ਹੁੰਦੀਆਂ ਹਨ।

ਸ਼ਹਿਦ ਖਾਣ ਦੀ ਮਨਾਹੀ ਹੈ, ਉਹ ਮੰਨਦੇ ਹਨ ਕਿ ਸ਼ਹਿਦ ਬਨਾਉਣ ਲਈ ਮੱਖੀਆਂ ਨਾਲ ਧੱਕਾ ਕੀਤਾ ਜਾਂਦਾ ਹੈ।

ਜੈਨ ਦੇ ਧਾਰਮਿਕ ਨਿਯਮਾਂ ਅਨੁਸਾਰ ਕਿ ਕੋਈ ਪਰਵਾਰਿਕ ਆਦਮੀ ਰਾਤ ਵੇਲੇ ਖਾਣਾ ਨਾ ਬਣਾਵੇ ਅਤੇ ਨਾ ਹੀ ਰਾਤ ਨੂੰ ਖਾਵੇ।

*"ਅਸੀਂ ਸੂਰਜ ਦੀ ਰੋਸ਼ਨੀ ਤੋਂ ਵਗੈਰ ਕਿਵੇਂ ਭੋਜਣ ਖਾਹ ਸਕਦੇ ਹਾਂ। ਹਾਲਾਂ ਕਿ ਲਾਲਟੈਨ ਜਾਂ ਲੈਂਪ ਜਗਾਇਆ ਜਾ ਸਕਦਾ ਹੈ, ਪਰ ਨਿੱਕੇ ਨਿੱਕੇ ਜੀਵਾਂ ਦੀ ਹਿੰਸਾ ਤੋਂ ਸੰਕੋਚ ਕਰੋ ਤਾਂ ਜੋ ਉਹ ਤੁਹਾਡੇ ਖਾਣੇ ਵਿਚ ਨਾ ਡਿੱਗ ਪੈਣ।"*

ਕੱਟੜ ਜੈਨੀ ਤਾਂ ਰਾਤ ਦੇ ਬੇਹੇ ਭੋਜਣ ਨੂੰ ਖਾਣ ਤੋਂ ਸੰਕੋਚ ਕਰਦੇ ਹਨ, ਕਿਉਂਕਿ ਇਹਨਾਂ ਵਿਚ ਬੈਕਟੀਰੀਆ ਤੇ ਜ਼ੀਸਟ ਪੈਦਾ ਹੋ ਜਾਂਦੇ ਹਨ, ਜਦੋਂ ਕਿ ਤਾਜ਼ੇ ਬਣੇ ਭੋਜਣ ਵਿਚ ਅਜੇਹਾ ਨਹੀਂ ਹੁੰਦਾ।

ਜੈਨੀ ਲੋਕ ਖ਼ਮੀਰ ਜਾਂ ਜਾਗ ਲਗਾ ਕੇ ਤਿਆਰ ਕੀਤੇ ਭੋਜਨ ਦਾ ਵੀ ਸੇਵਨ ਨਹੀਂ ਕਰਦੇ, ਜਿਵੇਂ ਸ਼ਰਾਬ ਆਦਿ ਕਿਉਂਕਿ ਖ਼ਮੀਰ ਬਨਾਉਣ ਸਮੇਂ ਆਦ੍ਰਿਸ਼ਟ ਜੀਵ ਮਰ ਜਾਂਦੇ ਹਨ।

*"ਸ਼ਰਾਬ ਦਾ ਸੇਵਨ ਕਰਨ ਨਾਲ ਵਿਅਕਤੀ ਦੀ ਮਾਨਸਿਕ ਸਥਿਤੀ ਵਿਚ ਪਰਿਵਰਤਣ ਹੁੰਦਾ ਹੈ ਅਤੇ ਉਹ ਦੁਖ ਤਕਲੀਫ਼ ਨੂੰ ਭੁੱਲ ਜਾਂਦਾ ਹੈ ਅਤੇ ਜੋ ਰਹਿਮ ਦਿਲ ਨਹੀਂ ਹੁੰਦਾ, ਉਸ ਵੱਲੋਂ ਹਿੰਸਾ ਹੋਣਾ ਸੁਭਾਵਿਕ ਹੈ।"*

ਕੁਝ ਬ੍ਰਾਹਮਣ ਕਸ਼ਮੀਰੀ ਪੰਡਤ, ਬੰਗਾਲੀ ਬ੍ਰਾਹਮਣ ਅਤੇ ਸਰਸਵਤੀ ਬ੍ਰਾਹਮਣਾਂ ਅੰਦਰ ਮਾਸ ਖਾਣ ਦੀ ਪਰੰਪਰਾ ਸੀ। ਫਿਰ ਵੀ ਜੈਨ ਧਰਮ ਦੇ ਪ੍ਰਭਾਵ ਕਾਰਨ ਕਰਨਾਟਕਾ ਅਤੇ ਤਾਮਿਲਨਾਡੂ ਦੇ ਬ੍ਰਾਹਮਣ ਪੂਰੇ ਸ਼ਾਕਾਹਾਰੀ ਸਨ। ਬਾਲ ਗੰਗਾਧਰ ਤਿਲਕ ਅਨੁਸਾਰ ਜੈਨ ਧਰਮ ਹੀ ਅਹਿੰਸਾ ਸਿਧਾਂਤ ਦਾ ਮੋਢੀ ਹੈ। ਉਹਨਾਂ ਨੇ ਇੱਕ ਪੱਤਰ ਵਿਚ ਲਿਖਿਆ ਹੈ–

*"ਪੁਰਾਤਨ ਕਾਲ ਵਿਚ ਅਣਗਿਣਤ ਜਾਨਵਰਾਂ ਨੂੰ ਬਲੀ ਦੇ ਨਾਮ ਹੇਠ ਕਤਲ ਕੀਤਾ ਜਾਂਦਾ ਸੀ ਅਤੇ ਇਸ ਤੱਥ ਦੀ ਗਵਾਹੀ ਕਾਫੀ ਕਾਵਿਕ ਲਿਖਤਾਂ ਰਾਹੀਂ ਮਿਲਦੀ ਹੈ, ਜਿਵੇਂ ਮੇਘਦੂਤਾ ਵਿਚ। ਪਰ ਇਸ ਬਲੀ ਦੇਣ ਦੀ ਪਰੰਪਰਾ ਦਾ ਖਾਤਮਾ ਕਰਨ ਦਾ ਸੇਹਰਾ ਜੈਨ ਧਰਮ ਨੂੰ ਜਾਂਦਾ ਹੈ।"*

(ਬੰਬੇ ਸਮਾਚਾਰ ਮੁੰਬਈ 10 ਦਸੰਬਰ 1904)

▲ ▲ ▲

# ਬੁੱਧ ਧਰਮ

## ਧਾਮਾ-ਪਦਾ (Dhammapada)

ਬੁੱਧ ਧਰਮ ਦੇ ਧਾਮਾ-ਪਦਾ ਅਨੁਸਾਰ,

*"ਜੋ ਇਨਸਾਨ ਮੌਜ-ਮੇਲੇ ਵਾਲੀ ਜ਼ਿੰਦਗੀ ਜੀਉ ਰਿਹਾ ਹੈ, ਉਸ ਦੀ ਆਤਮਾ ਇਕਸੁਰਤਾ ਭਾਵ ਟਿਕਾਉ ਵਿਚ ਨਹੀਂ ਹੈ, ਜੋ ਢੁੱਕਵੀਂ ਖ਼ੁਰਾਕ ਨਹੀਂ ਖਾਂਦਾ, ਉਸ ਪਾਸ ਨੈਤਿਕਤਾ ਦਾ ਗੁਣ ਨਹੀਂ ਹੋ ਸਕਦਾ। ਅਜਿਹੇ ਵਿਅਕਤੀ ਅੰਦਰ ਭੈੜੀ ਬਿਰਤੀ ਭਾਰੂ ਹੁੰਦੀ ਹੈ ਅਤੇ ਸੁਆਰਥੀ ਹੋ ਕੇ ਲੋਭ-ਲਾਲਚ ਵਲ ਝੁਕਾਅ ਰੱਖਣ ਕਰਕੇ ਉਹ ਇਕ ਉਸ ਦਰੱਖਤ ਵਾਂਗ ਬਣ ਜਾਵੇਗਾ, ਜਿਹੜਾ ਵਾ ਦੇ ਬੁੱਲ੍ਹੇ ਨਾਲ ਹਿੱਲ ਜਾਂਦਾ ਹੈ।"*

## ਬੁੱਧ ਧਰਮ ਦੇ ਅੰਦਰ ਖਾਣ-ਪੀਣ ਸੰਬੰਧੀ ਵਿਸ਼ੇਸ਼ ਨਿਯਮ ਨਹੀਂ ਹਨ

ਗੌਤਮ ਬੁੱਧ ਦੇ ਕਾਲ ਸਮੇਂ ਬੋਧੀ ਮੌਂਕਸ਼ ਨੂੰ ਖਾਣ ਪੀਣ ਪ੍ਰਤੀ ਖੁੱਲ੍ਹ ਹੁੰਦੀ ਸੀ ਕਿ ਜੋ ਕੁਝ ਲੋਕ ਉਹਨਾਂ ਦੇ ਚਿੱਪੀ (ਕਟੋਰੇ) ਵਿਚ ਭਿਖਿਆ ਪਾ ਦਿੰਦੇ ਭਾਵੇਂ ਮਾਸ ਹੋਵੇ ਜਾਂ ਬੇਹੀ ਰੋਟੀ ਆਦਿ ਉਹ ਖਾਹ ਲੈਂਦੇ ਸਨ।

ਬੁੱਧ ਧਰਮ ਦੇ 'ਮਹਾਯਾਨਾ ਸੰਪਰਦਾ' ਦੇ ਪੈਰੋਕਾਰ ਮਾਸ, ਮੱਛੀ ਅਤੇ ਅੰਡੇ ਖਾਂਦੇ ਹਨ। ਬੁੱਧ ਧਰਮ ਦੇ ਚੀਨ ਅਤੇ ਵੀਤਨਾਮ ਦੇ ਪੈਰੋਕਾਰ, ਉਹ ਪੰਜ ਵਸਤੂਆਂ ਦਾ ਸੇਵਨ ਨਹੀਂ ਕਰਦੇ, ਤਿੱਖੇ ਮਸਾਲੇ ਜਿਵੇਂ ਲਸਣ, ਪਿਆਜ਼ ਅਤੇ ਹਰੇ ਪਿਆਜ਼ ਵਰਗੀ ਸਬਜ਼ੀ, ਕਿਉਂਕਿ ਇਹਨਾਂ ਦੇ ਸੇਵਨ ਕਰਨ ਨਾਲ ਕਾਮੁਕ ਇੱਛਾ ਅਤੇ ਗੁੱਸਾ ਉਤਪੰਨ ਹੁੰਦਾ ਹੈ।

ਤਿੱਬਤ ਦੇ ਬੋਧੀ ਕਦੀ ਵੀ ਮੱਛੀ ਨਹੀਂ ਖਾਣਗੇ ਅਤੇ ਆਮ ਕਰਕੇ ਮੁਰਗਾ-ਮੁਰਗੀ ਦਾ ਮਾਸ ਅਤੇ ਕਿਸੇ ਵੀ ਪ੍ਰਕਾਰ ਦੇ ਪੰਛੀ ਦੇ ਮਾਸ ਤੋਂ ਦੂਰ ਰਹਿਣਗੇ। ਮੁੱਖ ਕਾਰਨ ਇਹੀ ਹੈ ਕਿ ਉਹ ਸਮਝਦੇ ਹਨ ਕਿ ਸਭ ਤਰ੍ਹਾਂ ਦੇ ਮਾਸ ਵੱਖ-ਵੱਖ ਤਰ੍ਹਾਂ ਦੇ ਭੈੜੇ ਅਸਰ ਪਾਉਂਦੇ ਹਨ। ਜਿਵੇਂ ਮੱਛੀ ਖਾਣ ਨਾਲ ਤੁਹਾਡੇ ਅੰਦਰ ਧੱਕਾ ਕਰਨ ਦੀ ਭਾਵਨਾ ਉਤਪੰਨ ਹੁੰਦੀ ਹੈ, ਲਾਲ ਮਾਸ ਦੀ ਵਰਤੋਂ ਨਾਲ ਅਗਿਆਨਤਾ

ਵਿਚ ਵਾਧਾ ਹੁੰਦਾ ਹੈ। ਇਹ ਆਮ ਧਾਰਨਾ ਵੀ ਹੈ ਕਿ ਲਾਲ ਮਾਸ ਦੀ ਵਰਤੋਂ ਕਰਨੀ ਯੋਗ ਹੈ, ਕਿਉਂ ਇਹ ਵੱਡ-ਅਕਾਰੀ ਜਾਨਵਰ ਨੂੰ ਮਾਰ ਕੇ ਮਿਲਦਾ ਹੈ ਅਤੇ ਇਕ ਵੱਡੇ ਜਾਨਵਰ ਦੀ ਜਾਨ ਨਾਲ ਬਹੁਤ ਲੋਕਾਂ ਦੀ ਖ਼ੁਰਾਕ ਬਣ ਜਾਂਦੀ ਹੈ ਅਤੇ ਜ਼ਿਆਦਾ ਜ਼ਿੰਦਗੀਆਂ ਨਹੀਂ ਗੁਆਚਦੀਆਂ। ਦੂਜੇ ਪਾਸੇ ਮੱਛੀ ਖਾਣ ਲਈ ਬਹੁਤ ਮੱਛੀਆਂ ਦੀ ਜਾਨ ਲਈ ਜਾਂਦੀ ਹੈ, ਫਿਰ ਭੁੱਖ ਤੋਂ ਤ੍ਰਿਪਤੀ ਹੋ ਸਕਦੀ ਹੈ।

ਪ੍ਰੋਫੈਸਰ ਵੈਂਡੀ ਡੋਨੀਜ਼ਰ ਨੇ ਇਕ ਵਾਪਰੀ ਘਟਨਾ ਬਾਰੇ ਲਿਖਿਆ ਕਿ 2006 ਦੀਆਂ ਗਰਮੀਆਂ ਵਿਚ ਉਸ ਨੂੰ ਤਿੱਬਤ ਵਿਚ ਇਕ ਬੋਧੀ ਮਿਲਿਆ ਉਸ ਨੇ ਕਿਹਾ ਕਿ ਨੈਤਿਕਤਾ ਦੇ ਆਧਾਰ ਉੱਤੇ ਉਹ ਤਿੱਬਤੀ ਗਊ ਖਾ ਸਕਦਾ ਹੈ ਪਰ ਮੱਛੀ ਨਹੀਂ। ਇਸ ਨਾਲ ਜ਼ਿਆਦਾ ਜੀਵਾਂ ਦੀ ਹੱਤਿਆ ਨਹੀਂ ਹੁੰਦੀ ਅਤੇ ਵੱਡੇ ਜਾਨਵਰ ਨਾਲ ਬਹੁਤ ਲੋਕਾਂ ਦਾ ਅਹਾਰ ਬਣ ਜਾਂਦਾ ਹੈ, ਜਦ ਕਿ ਛੋਟੇ ਜੀਵਾਂ ਨੂੰ ਜ਼ਿਆਦਾ ਗਿਣਤੀ ਵਿਚ ਮਾਰਨਾ ਪਵੇਗਾ।"

(ਦਾ ਹਿੰਦੂਇਜ਼ਮ ਪੰਨਾ 10)

## ਕੀ ਬੁਧ ਧਰਮ ਸ਼ਾਕਾਹਾਰੀ ਹੈ?

ਪਹਿਲਾ ਉਪਦੇਸ਼ ਦਾ ਇਹੀ ਭਾਵ ਲਿਆ ਜਾਂਦਾ ਹੈ ਕਿ ਕਿਸੇ ਨੂੰ ਦੁੱਖ ਨਾ ਦੇਵੋ, ਇਸ ਕਰਕੇ ਬਹੁਤ ਬੋਧੀ ਪੈਰੋਕਾਰਾਂ ਨੇ ਇਸ ਉਪਦੇਸ਼ ਦੇ ਆਧਾਰ ਉੱਤੇ ਸ਼ਾਕਾਹਾਰੀ ਹੋਣ ਨੂੰ ਤਰਜੀਹ ਦਿੱਤੀ। ਇਕ ਬੁੱਧ ਧਰਮ ਦਾ ਮੁੱਢਲਾ ਸਿਧਾਂਤ ਇਹ ਵੀ ਹੈ ਕਿ ਉਹਨਾਂ ਦਾ ਮੰਨਣਾ ਹੈ ਕਿ ਜਾਨਵਰ ਵੀ ਮਨੁੱਖਾਂ ਵਾਂਗ ਦੁਬਾਰਾ ਜਨਮ ਲੈ ਸਕਦੇ ਹਨ। ਇਸ ਕਰਕੇ ਹੀ ਬੁੱਧ ਧਰਮ ਦੇ ਅਨੁਯਾਈ ਜਾਨਵਰਾਂ ਨੂੰ ਨਹੀਂ ਮਾਰਦੇ ਅਤੇ ਬਹੁਤ ਮਾਸ-ਮੱਛੀ ਦਾ ਵੀ ਸੇਵਨ ਨਹੀਂ ਕਰਦੇ, ਕਿਉਂਕਿ ਉਹ ਸਮਝਦੇ ਹਨ ਕਿ ਇਹ ਬੁਰਾ ਕਰਮ ਹੈ। ਬੁੱਧ ਧਰਮ ਅਤੇ ਜੈਨ ਧਰਮ ਦੋ ਮੁੱਖ ਧਰਮ ਹਨ ਜੋ ਅਹਿੰਸਾ ਨੂੰ ਵੱਧ ਮਹੱਤਵ ਦਿੰਦੇ ਹਨ। ਇਸ ਕਰਕੇ ਇਹ ਨਹੀਂ ਮੰਨਿਆ ਜਾ ਸਕਦਾ ਕਿ ਬੁੱਧ ਧਰਮ ਦਾ ਸ਼ਾਕਾਹਾਰੀ ਨਾਲ ਕੋਈ ਵਿਸ਼ੇਸ਼ ਸੰਬੰਧ ਜੁੜਦਾ ਹੈ।

('ਮੈਗੂਮੀ ਹਿਰੋਟਾ" ਇੰਗਲੈਂਡ)

ਇਕਸੁਰਤਾ, ਦਿਆ (ਰਹਿਮਦਿਲੀ), ਜ਼ਬਤ ਅਤੇ ਕਿਸੇ ਨੂੰ ਦੁੱਖ ਨਾ ਦੇਣਾ, ਬੁੱਧ ਧਰਮ ਦੇ ਨੈਤਿਕ ਨਿਯਮਾਂ ਦਾ ਹਿੱਸਾ ਹਨ। ਜਦੋਂ ਮਹਾਤਮਾ ਬੁੱਧ ਉਪਦੇਸ਼ ਕਰਦੇ ਸਨ ਕਿ ਕਿਸੇ ਨੂੰ ਦੁੱਖ ਨਾ ਦੇਵੋ, ਇਹ ਸਿਰਫ ਮਨੁੱਖਾਂ ਤੱਕ ਹੀ ਸੀਮਤ ਨਹੀਂ ਸੀ, ਇਸ ਤੋਂ ਭਾਵ ਸਮੂਹ ਜੀਵ-ਜੰਤੂਆਂ ਤੋਂ ਸੀ, ਸਗੋਂ ਪੌਦੇ ਵੀ ਇਸ ਸ਼੍ਰੇਣੀ

ਵਿਚ ਆ ਜਾਂਦੇ ਹਨ।

ਬੁੱਧ ਧਰਮ ਦਾ ਅਸਲ ਉਪਦੇਸ਼ ਇਹ ਸੀ ਕਿ ਮਨੁੱਖ ਨੂੰ ਆਪਣੀਆਂ ਖ਼ਾਹਿਸ਼ਾਂ ’ਤੇ ਕਾਬੂ ਪਾਉਣਾ ਚਾਹੀਦਾ ਹੈ। ਬੁੱਧ ਧਰਮ ਦੀ ਸਥਾਪਨਾ ਦੇ ਮੁੱਢਲੇ ਸਮੇਂ ਵਿਚ ਮਾਸ ਅਹਾਰ ਦੀ ਮਨਾਹੀ ਨਹੀਂ ਸੀ ਅਤੇ ਹੁਣ ਵੀ ਅਨੇਕਾਂ ਫਿਰਕਿਆਂ ਵਿਚ ਮਾਸ ਖਾਧਾ ਜਾਂਦਾ ਹੈ। ਬੋਧੀ ਪੈਰੋਕਾਰਾਂ ਨੂੰ ਕਈ ਤਰ੍ਹਾਂ ਦੇ ਕਾਰੋਬਾਰ ਕਰਨ ਤੋਂ ਵੀ ਵਰਜਿਆ ਜਾਂਦਾ ਸੀ। ਜਿਵੇਂ ਉਹਨਾਂ ਵਿਚੋਂ ਮਾਸ ਦਾ ਵਿਉਪਾਰ ਸੀ। ਬੋਧੀ ਭਿਖਸ਼ੂਆਂ ਨੂੰ ਹਦਾਇਤ ਸੀ ਕਿ ਉਹਨਾਂ ਨੇ ਕੋਈ ਅਜਿਹਾ ਕਰਮ ਨਹੀਂ ਕਰਨਾ, ਜੋ ਉਹਨਾਂ ਦੇ ਨੈਤਿਕ ਨਿਯਮਾਂ ਦੇ ਉਲਟ ਸੀ। ਪਰ ਜਦੋਂ ਕੋਈ ਭਿਖਸ਼ੂ ਨੂੰ ਉਸ ਦੀ ਚਿਪੀ ਵਿਚ ਕੋਈ ਖਾਣ ਪੀਣ ਵਾਲੀ ਵਸਤੂ ਭੇਟ ਕਰਦਾ ਤਾਂ ਉਹ ਖਿੜੇ ਮੱਥੇ ਪਰਵਾਣ ਕਰ ਲੈਂਦੇ, ਭੇਟਾ ਦੇ ਤੌਰ ਤੇ ਜੇਕਰ ਮਾਸ ਵੀ ਮਿਲਦਾ ਤਾਂ ਇਨਕਾਰ ਨਹੀਂ ਕਰਦੇ ਸਨ।

ਬੁੱਧ ਧਰਮ ਦੇ ਦੇਸ-ਵਿਦੇਸ਼ਾਂ ਵਿਚ ਫੈਲ ਜਾਣ ਤੇ ਲੋੜ ਮਹਿਸੂਸ ਕੀਤੀ ਗਈ ਕਿ ਕੋਈ ਵਿਸ਼ੇਸ਼ ਨਿਯਮਾਂ ਦਾ ਚਿੱਠਾ ਤਿਆਰ ਕੀਤਾ ਜਾਵੇ।

ਇਹ ਬੁਧ ਧਰਮ ਦੀ ਭਿਖਸ਼ੂਆਂ ਸੰਬੰਧੀ ਨਿਯਮਾਵਲੀ ਤਿਆਰ ਹੋਈ (ਵਿਨੈ ਪਿਤੀਕਾ) ਅਨੁਸਾਰ ਵਿਸ਼ੇਸ਼ ਕਿਸਮਾਂ ਦੇ ਜਾਨਵਰਾਂ ਦੇ ਮਾਸ ਖਾਣ ਜਾਂ ਖਾਣ ਦੀ ਮਨਾਹੀ ਬਾਰੇ ਉਲੇਖ ਕੀਤਾ ਗਿਆ ਹੈ।

## ਹੇਠ ਲਿਖੇ ਮਾਸ ਨੂੰ ਖਾਣ ਦੀ ਮਨਾਹੀ ਹੈ

ਮਨੁੱਖਾਂ ਦਾ ਮਾਸ, ਹਾਥੀਆਂ, ਘੋੜੇ, ਕੁੱਤਿਆਂ, ਸੱਪਾਂ, ਸ਼ੇਰਾਂ, ਚੀਤਾ, ਰਿੱਛ, ਬਾਘ ਆਦਿ।

## ਖਾਣ ਦੀ ਖੁੱਲ੍ਹ

ਮਾਸ ਜਾਂ ਮੱਛੀ ਕੱਚੇ ਨੂੰ ਖਾਣ ਦੀ ਮਨਾਹੀ ਹੈ। ਜੇ ਭਿਖਸ਼ੂ ਨੂੰ ਪਤਾ ਲੱਗੇ ਕਿ ਮਾਸ-ਮੱਛੀ ਵਿਸ਼ੇਸ਼ ਕਰਕੇ ਉਸ ਦੇ ਲਈ ਬਣਾਇਆ ਗਿਆ ਹੈ ਤਾਂ ਖਾਣ ਯੋਗ ਨਹੀਂ। ਇਹ ਇਤਿਹਾਸਕ ਤੌਰ ਤੇ ਸਿੱਧ ਹੁੰਦਾ ਹੈ ਕਿ ਮਹਾਤਮਾ ਬੁੱਧ ਨੇ ਮਾਸ ਖਾਣ ਦੀ ਮਨਾਹੀ ਨਹੀਂ ਕੀਤੀ ਗਈ। ਇਹ ਵੀ ਠੀਕ ਹੈ ਕਿ ਮਹਾਤਮਾ ਬੁੱਧ ਦੀ ਮੌਤ ਸੂਰ ਦੇ ਮਾਸ ਖਾਣ ਕਾਰਨ ਹੋਈ, ਕਿਉਂਕਿ ਮਾਸ ਠੀਕ ਤਰ੍ਹਾਂ ਨਾਲ ਨਹੀਂ ਬਣਾਇਆ ਗਿਆ ਸੀ।

ਮਹਾਯਾਨ ਸੰਪਰਦਾ ਦੇ ਬੋਧੀ, ਇਸ ਮਾਸ ਖਾਣ ਦੀ ਪਰੰਪਰਾ ਦੇ ਵਿਰੋਧੀ ਹਨ, ਉਹ ਆਖਦੇ ਹਨ ਕਿ ਮਾਸ ਖਾਣ ਨਾਲ ਦਿਆ ਤੇ ਰਹਿਮ ਦੇ ਨਿਯਮਾਂ ਨਾਲ ਟਕਰਾਉ ਹੁੰਦਾ ਹੈ। ਜਦੋਂ ਸਾਰੇ ਜੀਵਾਂ ਨੂੰ ਦੁੱਖ ਨਾ ਦੇਣ ਦਾ ਸਿਧਾਂਤ ਹਾਵੀ ਹੋਵੇ ਤਾਂ ਸਵਾਲ ਹੀ ਉਤਪੰਨ ਨਹੀਂ ਹੁੰਦਾ ਕਿ ਮਾਸ ਖਾਣ ਦੀ ਖੁੱਲ੍ਹ ਦਿੱਤੀ ਜਾਵੇ।

ਤੱਤਸਾਰ ਇਹੀ ਹੈ ਕਿ ਬੁੱਧ ਧਰਮ ਦੇ ਖਾਣ ਸੰਬੰਧੀ ਨਿਯਮਾਂ ਵਿਚ ਇਕਸਾਰਤਾ ਨਹੀਂ ਹੈ। ਵੱਖ-ਵੱਖ ਸਭਿਆਚਾਰਾਂ ਦੇ ਪਿਛੋਕੜ ਵਾਲੇ ਲੋਕਾਂ ਨੇ ਬੁੱਧ ਧਰਮ ਕਬੂਲਿਆ। ਕਈ ਵਾਰ ਖਾਣ ਸੰਬੰਧੀ ਨਿਯਮਾਂ ਵਿਚ ਤਬਦੀਲੀ ਕਰਨੀ ਸੌਖੀ ਨਹੀਂ ਹੁੰਦੀ, ਜਿਵੇਂ ਸਾਨੂੰ ਪਤਾ ਹੈ ਕਿ ਚੀਨ, ਜਪਾਨ ਤੇ ਥਾਈ ਲੋਕਾਂ ਨੇ ਵੱਧ ਗਿਣਤੀ ਵਿਚ ਬੁੱਧ ਧਰਮ ਅਪਨਾਇਆ ਸੀ, ਪਰ ਇਹਨਾਂ ਲੋਕਾਂ ਵਿਚ ਮਾਸ-ਮੱਛੀ ਖਾਣ ਦੀ ਰਵਾਇਤ ਬਹੁਤ ਹਾਵੀ ਹੈ ਤੇ ਉਹਨਾਂ ਤੋਂ ਮੁਕਤੀ ਪਾਉਣੀ ਸੌਖੀ ਨਹੀਂ।

▲ ▲ ▲

# ਯਹੂਦੀ ਧਰਮ ਅੰਦਰ ਕੋਸ਼ਰ ਮਾਸ

ਮੈਂ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਕੁਝ ਸਾਲਾਂ ਤੋਂ ਹੀ ਮੈਨੂੰ ਕੋਸ਼ਰ ਬਾਰੇ ਜਾਣਕਾਰੀ ਪ੍ਰਾਪਤ ਹੋਈ। ਪਹਿਲਾਂ ਏਨਾ ਹੀ ਜਾਣਦੇ ਸਾਂ ਕਿ ਮੁਸਲਮਾਨ ਸਿਰਫ 'ਹਲਾਲ' ਮਾਸ ਦਾ ਹੀ ਸੇਵਨ ਕਰ ਸਕਦੇ ਹਨ ਅਤੇ ਸਿੱਖਾਂ ਲਈ 'ਝਟਕਾ' ਮਾਸ ਦਾ ਸੇਵਨ ਕਰਨ ਦੀ ਆਗਿਆ ਹੈ। ਪੰਜਾਬ ਵਿਚ ਆਮ ਦੇਖਦੇ ਸਾਂ ਕਿ ਜਿੱਥੇ ਝਟਕਾ ਮਾਸ ਦੀਆਂ ਦੁਕਾਨਾਂ ਹੁੰਦੀਆਂ ਸਨ, ਉੱਥੇ ਹੀ ਹਲਾਲ ਮਾਸ ਵਾਲੀਆਂ ਵੱਖਰੀਆਂ ਦੁਕਾਨਾਂ ਹੁੰਦੀਆਂ ਸਨ। ਸਾਰੇ ਸੰਸਾਰ ਅੰਦਰ ਇਹੀ ਰਵਾਇਤ ਹੈ ਕਿ ਮੁਸਲਮਾਨ ਲੋਕਾਂ ਲਈ ਹਲਾਲ ਮਾਸ ਦੀਆਂ ਦੁਕਾਨਾਂ ਹਨ ਅਤੇ ਪੰਜਾਬੀ ਤੇ ਸਿੱਖ ਵੱਖਰੀਆਂ ਥਾਵਾਂ ਤੋਂ ਮਾਸ ਖਰੀਦਦੇ ਹਨ। ਵੱਡੇ-ਵੱਡੇ ਸਟੋਰਾਂ ਅੰਦਰ ਫਰੀਜ਼ ਕੀਤੇ ਮਾਸ ਵੀ ਉਪਲਬੱਧ ਹੁੰਦੇ ਹਨ ਅਤੇ ਉਹਨਾਂ ਉੱਤੇ ਲਿਖਿਆ ਹੁੰਦਾ ਹੈ, ਹਲਾਲ ਜਾਂ ਕੋਸ਼ਰ, ਜਿਹਨਾਂ ਨੂੰ ਮੁਸਲਮਾਨ ਤੇ ਯਹੂਦੀ ਲੋਕ ਖਰੀਦਦੇ ਹਨ। ਮੇਰੀ ਬੇਟੀ ਦੀਆਂ ਦੋ ਸਹੇਲੀਆਂ ਹਨ ਇਕ ਯਹੂਦੀ ਹੈ ਤੇ ਦੂਸਰੀ ਮੁਸਲਮਾਨ। ਇਕੇਰਾਂ ਮੈਂ ਉਹਨਾਂ ਪਾਸੋਂ ਪੁੱਛਿਆ ਕਿ ਜਦੋਂ ਉਹ ਬਾਹਰ ਖਾਣਾ ਖਾਣ ਲਈ ਜਾਂਦੇ ਹਨ ਤਾਂ ਕੀ ਉਹ ਮਾਸ ਖੁਰਾਕ ਬਾਰੇ ਪੁੱਛ-ਗਿੱਛ ਕਰਦੇ ਹਨ ? ਉਹਨਾਂ ਦਾ ਉੱਤਰ ਸੀ ਕਿ ਉਹ ਪਹਿਲਾਂ ਪੁੱਛ-ਗਿੱਛ ਕਰਦੇ ਹਨ। ਮੁਸਲਿਮ ਦਾ ਉਤਰ ਸੀ ਕਿ "ਪੁੱਛ ਲਈਦਾ ਹੈ, ਜੇ ਹਲਾਲ ਨਹੀਂ ਮਿਲਦਾ ਤਾਂ ਵੀ ਬਿਸਮਿਲਾ ਕਹਿ ਕੇ ਛੱਕ ਲਈਦਾ ਹੈ।" ਦੂਜੇ ਪਾਸੇ ਯਹੂਦੀ ਲੜਕੀ ਨੇ ਆਪਣੀ ਭਾਵਨਾ ਉਜਾਗਰ ਕੀਤੀ ਕਿ ਉਹ ਬਿਨਾਂ ਕੋਸ਼ਰ ਮਾਸ, ਕਿਸੇ ਹੋਰ ਮਾਸ ਨੂੰ ਨਹੀਂ ਖਾਹ ਸਕਦੀ।

ਮੈਨੂੰ ਇਸ ਸੰਬੰਧ ਵਿਚ ਹੋਰ ਖੋਜ ਕਰਨ ਦੀ ਉਤਸੁਕਤਾ ਹੋਈ। ਮੈਂ ਆਪਣੀ ਨਿੱਜੀ ਲਾਇਬਰੇਰੀ ਲਈ ਕੁਝ ਪੁਸਤਕਾਂ ਖਰੀਦੀਆਂ। ਜਦੋਂ ਯਹੂਦੀ ਲੋਕਾਂ ਦੇ ਕੋਸ਼ਰ ਬਾਰੇ ਪੜ੍ਹਿਆ ਤਾਂ ਹੈਰਾਨ ਸਾਂ ਕਿ ਧਰਮਾਂ ਤੇ ਸਭਿਆਚਾਰਾਂ ਅੰਦਰ ਮਾਸ ਖਾਣ ਸਬੰਧੀ ਵੱਖ-ਵੱਖ ਮਨੌਤਾਂ ਹਨ। ਇਸ ਦੇ ਨਾਲ ਹੀ ਅਨੇਕਾਂ ਪ੍ਰਕਾਰ ਦੇ ਵਹਿਮ ਤੇ ਭਰਮ ਵੀ ਹਨ। ਇਹ ਵੀ ਪਤਾ ਲੱਗਾ ਕਿ ਮੁਸਲਮਾਨ ਕਈ ਵਾਰ ਯਹੂਦੀਆਂ ਦੇ ਕੋਸ਼ਰ ਮਾਸ ਦਾ ਸੇਵਨ ਕਰ ਲੈਂਦੇ ਹਨ, ਪਰ ਯਹੂਦੀ ਲੋਕ ਆਪਣੇ ਖਾਣ ਸੰਬੰਧੀ

ਨਿਯਮਾਂ ਦੀ ਪਾਲਣਾ ਕਰਨ ਵਿਚ ਕੁਝ ਕੱਟੜ ਹਨ। ਉਹ ਕੋਸ਼ਰ ਮਾਸ ਤੋਂ ਬਗੈਰ ਹੋਰ ਮਾਸ ਦਾ ਸੇਵਨ ਨਹੀਂ ਕਰਦੇ। ਕਈ ਕੱਟੜ ਯਹੂਦੀ ਪਰਿਵਾਰ ਕਿਸੇ ਗ਼ੈਰ-ਯਹੂਦੀ ਦੇ ਰਾਹੀਂ ਮਾਸ ਵੀ ਨਹੀਂ ਮੰਗਵਾਉਂਦੇ। ਇਹ ਕੱਟੜਤਾ ਮਾਸ ਅਹਾਰ ਤੱਕ ਸੀਮਤ ਨਹੀਂ, ਇਹ ਲੋਕ ਤਾਂ ਦਵਾਈਆਂ ਜਾਂ ਸਪਲਾਮੈਂਟਸ ਖਰੀਦਣ ਸਮੇਂ ਪੁੱਛ-ਗਿੱਛ ਕਰਦੇ ਹਨ ਕਿ ਕਿਤੇ ਇਹਨਾਂ ਅੰਦਰ ਅਣ-ਕੋਸ਼ਰ ਤੱਤ ਨਾ ਮਿਲਾਏ ਹੋਣ।

## ਧਰਮ ਦੀ ਵਿਲੱਖਣਤਾ

ਜੇ ਮੰਨਿਆ ਜਾਵੇ ਤਾਂ ਯਹੂਦੀਆਂ ਦੀ ਵਿਲੱਖਣਤਾ ਕਿਵੇਂ ਹੈ, ਇਸ ਦਾ ਉੱਤਰ ਇਹ ਹੈ ਕਿ ਮੁੱਖ ਤੌਰ ’ਤੇ ਯਹੂਦੀ ਲੋਕਾਂ ਦੇ ਖ਼ੁਰਾਕ ਸੰਬੰਧੀ ਨਿਯਮ ਹੀ ਉਹਨਾਂ ਨੂੰ ਹੋਰ ਧਰਮਾਂ ਨਾਲੋਂ ਨਿਖੇੜਦੇ ਹਨ। ਯਹੂਦੀਆਂ ਲਈ ਕਈ ਪ੍ਰਕਾਰ ਦੇ ਅਹਾਰ ਵਿਵਰਜਿਤ ਹਨ ਅਤੇ ਜਾਨਵਰਾਂ ਨੂੰ ਵੀ ਵੱਢਣ ਲਈ ਇਕ ਵਿਸ਼ੇਸ਼ ਵਿਧੀ ਨਿਰਧਾਰਤ ਕੀਤੀ ਹੋਈ ਹੈ। ਕਈ ਵਾਰ ਖਾਣ ਵਾਲੀਆਂ ਵਸਤੂਆਂ ਨੂੰ ਕਿਸੇ ਹੋਰ ਖਾਣ ਵਾਲੀਆਂ ਵਸਤੂਆਂ ਨਾਲ ਇਕੋ ਸਮੇਂ ਖਾਣ ਦੀ ਮਨਾਹੀ ਹੈ। ਯਹੂਦੀ ਧਰਮ ਦੇ ਪੈਰੋਕਾਰਾਂ ਨੂੰ ਆਮ ਰੈਸਟੋਰੈਂਟਾਂ ਵਿਚ ਖਾਣਾ ਖਾਣ ਦੀ ਖੁੱਲ੍ਹ ਨਹੀਂ ਹੁੰਦੀ। ਉਹ ਮੂਰਤੀਪੂਜ (ਬੁੱਤ ਪੂਜਾ) ਜਾਂ ਗ਼ੈਰ ਯਹੂਦੀ ਦੇ ਘਰਾਂ ਵਿਚ ਜਾ ਕੇ ਖਾਣ ਤੋਂ ਸੰਕੋਚ ਕਰਦੇ ਹਨ।

ਇਕ ਯਹੂਦੀ ਨੇ ਖਾਣ ਸੰਬੰਧੀ ਪਰਹੇਜ਼ ਕਰਨ ਸੰਬੰਧੀ ਸ਼ੈਕਸਪੀਅਰ ਦੇ “ਮਰਚੈਂਟ ਆਫ ਵੀਨਸ” ਡਰਾਮਾ ਅੰਦਰ ਇਕ ਡਾਇਆਲੋਗ ਦੀ ਉਦਾਹਰਣ ਦਿੱਤੀ ਹੈ-

> *“ਮੈਂ ਤੇਰੇ ਨਾਲ ਖ਼ਰੀਦੋ-ਫਰੋਖਤ ਕਰ ਸਕਦਾ ਹਾਂ, ਤੇਰੇ ਨਾਲ ਤੁਰ ਸਕਦਾ ਹਾਂ...ਪਰ ਮੈਂ ਤੇਰੇ ਨਾਲ ਬੈਠ ਕੇ ਖਾਹ ਪੀ ਨਹੀਂ ਸਕਦਾ ਅਤੇ ਨਾ ਹੀ ਤੇਰੇ ਨਾਲ ਪ੍ਰਾਰਥਨਾ ਕਰ ਸਕਦਾ ਹਾਂ।”*

(ਐਕਟ 1, ਸੀਨ)

## ਕੋਸ਼ਰ ਮਾਸ

ਯਹੂਦੀ ਨੂੰ ਸਿਰਫ ਕੋਸ਼ਰ ਮਾਸ ਖਾਣ ਦੀ ਆਗਿਆ ਹੈ। ਕੋਸ਼ਰ ਮਾਸ ਜਾਂ ਖ਼ੁਰਾਕ ਉਸ ਨੂੰ ਕਿਹਾ ਜਾ ਸਕਦਾ ਹੈ, ਜਿਸ ਨੂੰ ‘ਕੈਸ਼ਰੁਥ’ ਦੇ ਨਿਯਮਾਂ ਅਨੁਸਾਰ ਤਿਆਰ ਕੀਤਾ ਜਾਵੇ। ਜਿਹੜੀ ਖ਼ੁਰਾਕ ‘ਹਾਲਾਖੁਰ’ ਅਨੁਸਾਰ ਖਾਣ ਯੋਗ ਹੋਵੇ, ਉਸ ਨੂੰ

ਅੰਗਰੇਜ਼ੀ ਭਾਸ਼ਾ ਵਿਚ ਕੋਸ਼ਰ ਆਖਿਆ ਜਾਂਦਾ ਹੈ ਅਤੇ 'ਕੋਸ਼ਰ' ਹੀਬਰੂ ਬੋਲੀ ਦਾ ਉਲਥਾਇਆ ਰੂਪ ਹੈ, ਜਿਸ ਦਾ ਭਾਵ ਯੋਗ ਜਾਂ ਠੀਕ ਹੈ। ਯਹੂਦੀਆਂ ਦੀ 'ਬਿਬਲੀਕਲ' ਮੁਤਾਬਕ ਖਾਣ-ਪੀਣ ਦੇ ਨਿਯਮਾਂ ਅਨੁਸਾਰ ਸੂਰ, ਖ਼ਰਗੋਸ਼, ਇੱਲ, ਉੱਲੂ, ਕੀੜੇ-ਮਕੌੜੇ ਜਾਂ ਸੱਪ ਆਦਿ ਕੋਸ਼ਰ ਨਹੀਂ ਹੋ ਸਕਦੇ।

ਜੇ ਦੂਜੀਆਂ ਨਸਲਾਂ ਦੇ ਜਾਨਵਰਾਂ ਨੂੰ ਨਿਰਧਾਰਤ ਨਿਯਮਾਂ ਅਨੁਸਾਰ ਮਾਰਿਆ ਜਾਵੇ, ਤਦ ਹੀ ਕੋਸ਼ਰ ਖੁਰਾਕ ਮੰਨਿਆ ਜਾ ਸਕਦਾ ਹੈ ਅਤੇ ਯਹੂਦੀ ਧਰਮ ਦੇ ਲੋਕਾਂ ਨੂੰ ਸਿਰਫ ਕੋਸ਼ਰ ਖਾਣ ਦੀ ਆਗਿਆ ਹੈ। ਕੋਸ਼ਰ ਖ਼ੁਰਾਕ ਦੇ ਨਾਲ ਕਦੀ ਵੀ ਦੁੱਧ ਤੋਂ ਬਣੀਆਂ ਵਸਤੂਆਂ ਨਹੀਂ ਖਾਧੀਆਂ ਜਾ ਸਕਦੀਆਂ। ਯਹੂਦੀਆਂ ਦੇ ਖਾਣ ਨਿਯਮਾਂ ਅਨੁਸਾਰ ਸਮੂਹ ਫਲ ਤੇ ਸਬਜ਼ੀਆਂ ਕੋਸ਼ਰ ਹਨ।

ਯਹੂਦੀਆਂ ਲਈ ਵਿਸ਼ੇਸ਼ ਜਾਨਵਰਾਂ ਨੂੰ ਖਾਣ ਦੀ ਆਗਿਆ ਹੈ, ਜਿਵੇਂ ਪਸ਼ੂ ਦਾ ਖ਼ੁਰ ਫੱਟਿਆ ਹੋਵੇ ਅਤੇ ਉਹ ਜੁਗਾਲੀ ਕਰਦਾ ਹੋਣਾ ਚਾਹੀਦਾ ਹੈ। ਸੂਰ ਦੇ ਮਾਸ ਨੂੰ ਖਾਣ ਦੀ ਮਨਾਹੀ ਹੈ, ਖ਼ਰਗੋਸ਼ ਨੂੰ ਵੀ ਖਾਣ ਦੀ ਮਨਾਹੀ ਹੈ। ਊਠ ਦੇ ਮਾਸ ਨੂੰ ਇਸ ਕਰਕੇ ਖਾਣ ਦੀ ਮਨਾਹੀ ਹੈ ਕਿ ਉਸ ਦਾ ਪੈਰ ਪੱਧਰਾ ਗੱਦਾ ਜਿਹਾ ਹੁੰਦਾ ਹੈ। ਇਸ ਲਈ ਜਿਹੜੇ ਜਾਨਵਰਾਂ ਦਾ ਮਾਸ ਖਾਣ ਦੀ ਆਗਿਆ ਹੈ, ਉਹ ਹਨ, ਬਲਦ, ਭੇਡ, ਬੱਕਰੀ ਅਤੇ ਹਿਰਣ। ਪੰਛੀਆਂ ਦੇ ਸੰਬੰਧ ਵਿਚ ਕੋਈ ਨਿਯਮ ਨਿਰਧਾਰਤ ਨਹੀਂ ਹਨ ਪਰ ਬਿਬਲੀਕਲ ਦੇ ਅੰਦਰ ਦਿੱਤੀ ਸੂਚੀ ਅਨੁਸਾਰ ਜੋ ਪੰਛੀ ਕਿਸੇ ਹੋਰ ਪੰਛੀ ਦਾ ਸ਼ਿਕਾਰ ਬਣ ਜਾਂਦੇ ਹਨ, ਉਹਨਾਂ ਕਿਸਮਾਂ ਦੇ ਪੰਛੀਆਂ ਦੇ ਮਾਸ ਖਾਣ ਦੀ ਮਨਾਹੀ ਹੈ। ਯਹੂਦੀਆਂ ਦਾ ਕੋਸ਼ਰ ਅਤੇ ਮੁਸਲਮਾਨਾਂ ਦੇ ਹਲਾਲ ਮਾਸ ਤਿਆਰ ਕਰਨ ਦੀ ਵਿਧੀ ਵਿਚ ਕੋਈ ਜ਼ਿਆਦਾ ਅੰਤਰ ਨਹੀਂ ਹੈ। ਕੋਸ਼ਰ ਅਨੁਸਾਰ ਵੱਧ ਤੋਂ ਵੱਧ ਜਤਨ ਕੀਤਾ ਜਾਂਦਾ ਹੈ ਕਿ ਜਾਨਵਰ ਦੇ ਅੰਦਰੋਂ ਖ਼ੂਨ ਪੂਰੀ ਤਰ੍ਹਾਂ ਕੱਢਿਆ ਜਾਵੇ। ਜਾਨਵਰ ਨੂੰ ਕੱਟਣ ਵਾਲਾ ਹਥਿਆਰ ਪੂਰੀ ਤਰ੍ਹਾਂ ਤਿੱਖਾ ਕੀਤਾ ਹੋਵੇ। ਜਾਨਵਰ ਨੂੰ ਥੱਲੇ ਵੱਲ ਨੂੰ ਪੁੱਠਾ ਲਟਕਾ ਕੇ, ਉਸ ਦੇ ਗਲੇ ਨੂੰ ਚੀਰਿਆ ਜਾਵੇ, ਫਿਰ ਉਸ ਦੇ ਸਰੀਰ ਵਿਚੋਂ ਖ਼ੂਨ ਨਿਚੋੜਿਆ ਜਾਵੇ। ਜਾਨਵਰ ਨੂੰ ਵੱਢਣ ਪਿਛੋਂ, ਉਸ ਦੇ ਮੁਰਦਾ ਸਰੀਰ ਦੀ ਪੂਰੀ ਛਾਣ-ਬੀਨ ਕੀਤੀ ਜਾਂਦੀ ਹੈ ਕਿ ਕਿਤੇ ਉਸ ਦੇ ਸਰੀਰ ਦੇ ਅੰਦਰ ਕੋਈ ਜਖ਼ਮ ਜਾਂ ਬੀਮਾਰੀ ਤਾਂ ਨਹੀਂ ਹੈ, ਜੇਕਰ ਕੋਈ ਅਜਿਹੀ ਗੱਲ ਸਾਬਤ ਹੁੰਦੀ ਹੈ ਤਾਂ ਅਜਿਹਾ ਮਾਸ ਖਾਣ ਦੀ ਮਨਾਹੀ ਕੀਤੀ ਜਾਂਦੀ ਹੈ। ਇਸ ਬਾਰੇ ਆਮ ਚਰਚਾ ਤੇ ਵਿਵਾਦ ਹੁੰਦਾ ਹੈ ਕਿ ਯਹੂਦੀਆਂ ਦਾ ਜਾਨਵਰ ਨੂੰ ਵੱਢਣ ਦੀ ਵਿਧੀ ਦੁੱਖ-ਤਕਲੀਫ ਤੋਂ ਰਹਿਤ ਹੁੰਦੀ ਹੈ। ਇਹ ਸੋਚ

ਪਹਿਲੇ ਸਮੇਂ ਹੁੰਦੀ ਸੀ। ਅਜੋਕੇ ਸਮੇਂ ਜੀਵ-ਹਿਤੈਸ਼ੀ ਅਧਿਕਾਰੀਆਂ ਦਾ ਖ਼ਿਆਲ ਹੈ ਕਿ ਜਾਨਵਰ ਨੂੰ ਪਹਿਲਾਂ ਬੇਹੋਸ਼ ਕਰਨਾ ਠੀਕ ਵਿਧੀ ਹੈ। ਪਰ ਦੁੱਖ ਇਸ ਗੱਲ ਦਾ ਹੈ ਕਿ ਯਹੂਦੀ ਕਾਨੂੰਨ ਅਨੁਸਾਰ ਜਾਨਵਰ ਨੂੰ ਵੱਢਣ ਤੋਂ ਪਹਿਲਾਂ ਬੇਹੋਸ਼ ਨਹੀਂ ਕੀਤਾ ਜਾ ਸਕਦਾ। ਜੇਕਰ ਅਜਿਹਾ ਕੀਤਾ ਜਾਵੇ ਤਾਂ ਅਜਿਹੇ ਜਾਨਵਰ ਦੇ ਮਾਸ ਨੂੰ ਭਿੱਟਿਆ (ਮਾੜਾ) ਸਮਝਿਆ ਜਾਵੇਗਾ ਤੇ ਖਾਣ ਤੋਂ ਮਨਾਹੀ ਹੋਵੇਗੀ।

ਮੱਛੀ ਦੇ ਸੰਬੰਧ ਵਿਚ ਕੋਈ ਵਿਸ਼ੇਸ਼ ਨਿਯਮ ਨਹੀਂ ਹਨ। ਯਹੂਦੀਆਂ ਦੀ ਟੋਰ੍ਹਾ ਦੀ ਪੰਜਵੀਂ ਪੁਸਤਕ ਅਨੁਸਾਰ ਪਾਣੀ ਵਿਚ ਰਹਿਣ ਵਾਲੇ ਸਾਰੇ ਜੀਵ ਖਾਧੇ ਜਾ ਸਕਦੇ ਹਨ, ਜੇਕਰ ਉਹਨਾਂ ਦੇ ਸਰੀਰ ਉੱਤੇ ਪਤਲੇ ਖੰਭ ਹੋਣ। ਜੇ ਉਹਨਾਂ ਦੇ ਸਰੀਰ ਉੱਪਰ ਖੰਭ ਨਹੀਂ ਤਾਂ ਖਾਣ ਯੋਗ ਨਹੀਂ ਅਤੇ ਫਿਰ ਉਹ ਸਾਫ਼ ਨਹੀਂ ਮੰਨੇ ਜਾਂਦੇ।

ਯਹੂਦੀ ਲਈ ਮੱਛੀ ਦੇ ਪੇਟ ਅੰਦਰ ਜੋ ਅੰਡੇ ਹੁੰਦੇ ਹਨ ਅਤੇ ਮਨਾਹੀ ਕੀਤੇ ਪੰਛੀਆਂ ਦੇ ਅੰਡਿਆਂ ਨੂੰ ਪੂਰੀ ਤਰ੍ਹਾ ਖਾਣ ਤੋਂ ਮਨਾਹੀ ਹੈ।

ਖਾਣ ਸੰਬੰਧੀ ਨਿਯਮਾਂ ਅੰਦਰ ਇਕ ਵਿਸ਼ੇਸ਼ ਹਦਾਇਤ ਕੀਤੀ ਹੋਈ ਹੈ ਕਿ ਮਾਸ ਖਾਣ ਵੇਲੇ ਦੁੱਧ ਤੋਂ ਬਣੀਆਂ ਚੀਜ਼ਾਂ ਦਾ ਸੇਵਨ ਨਾ ਕੀਤਾ ਜਾਵੇ। ਮੌਜੂਦਾ ਸਮੇਂ ਖਾਣ ਸੰਬੰਧੀ ਨਿਯਮਾਂ ਅੰਦਰ ਤਬਦੀਲੀਆਂ ਵੀ ਵੇਖੀਆਂ ਜਾ ਸਕਦੀਆਂ ਹਨ ਪਰ ਪਰੰਪਰਾਗਤ ਪੈਰੋਕਾਰ ਮੁੱਢ ਤੋਂ ਸਥਾਪਤ ਨਿਯਮਾਂ ਨੂੰ ਮੰਨਣ ਦੇ ਹੱਕ ਵਿਚ ਹਨ।

1888 ਵਿਚ ਯਹੂਦੀਆਂ ਦੇ ਸੁਧਾਰ ਲਹਿਰ ਵੱਲੋਂ ਪਿਟਸਬਰਗ (ਯੂ. ਐਸ. ਏ.) ਦੇ ਅਸਥਾਨ ਤੇ ਹੇਠ ਲਿਖਿਆ ਮਤਾ ਪਾਸ ਕੀਤਾ ਗਿਆ ਸੀ-

> *"ਅਸੀਂ ਮੰਨਦੇ ਹਾਂ ਕਿ ਮੋਜ਼ੈਕ ਅਤੇ ਰਾਬਾਈਨਿਕ ਖ਼ੁਰਾਕ ਪ੍ਰਤੀ, ਪੁਜਾਰੀ ਦੀ ਇਮਾਨਦਾਰੀ ਅਤੇ ਪਹਿਰਾਵੇ ਦੇ ਨਿਯਮਾਂ ਦਾ ਮੁੱਢ ਸਦੀਆਂ ਤੋਂ ਸਥਾਪਤ ਹਨ ਅਤੇ ਹੁਣ ਇਹ ਵਿਚਾਰ ਸਾਡੇ ਮੌਜੂਦਾ ਸੋਚ ਲਈ ਓਪਰੇ ਜਾਪਦੇ ਹਨ। ਇਹਨਾਂ ਨਿਯਮਾਂ ਦੀ ਲੜੀ ਸਾਡੇ ਮੌਜੂਦਾ ਯਹੂਦੀਆਂ ਅਤੇ ਪੁਜਾਰੀਵਾਦ ਦੀ ਅਧਿਆਤਮਕਤਾ ਅਤੇ ਉਹਨਾਂ ਦੀ ਮਨੋਸਥਿਤੀ ਨੂੰ ਸਮੇਂ ਦੇ ਹਾਣੀ ਬਨਾਉਣ ਦੀ ਥਾਂ ਅਢੁੱਕਵੀਂ ਜਾਪਦੀ ਹੈ।"*

(ਜੈਕੋਬਜ਼ 1999; 127-128)

ਪਰ ਇਹਨਾਂ ਨਿਯਮਾਂ ਤੋਂ ਉਪਰ ਨੈਤਿਕ ਉਪਦੇਸ਼ ਹਨ। ਕਈਆਂ ਦੀ ਸੋਚ ਅਨੁਸਾਰ 'ਕੈਸ਼ਰੁੱਥ' ਨਿਯਮ ਕੋਈ ਅਰਥ ਨਹੀਂ ਰੱਖਦੇ। ਇਹਨਾਂ ਤੋਂ ਇਲਾਵਾ ਸਾਡੇ

ਲਈ ਜੋ ਹੀਬਰੂ ਬਾਈਬਲ ਅਤੇ ਰਾਬਾਈਨਿਕ ਰਵਾਇਤਾਂ ਅੰਦਰ ਧਾਰਮਿਕ ਨਿਯਮ ਜ਼ਿਆਦਾ ਮਹੱਤਵਪੂਰਨ ਹਨ।

## ਕੋਸ਼ਰ ਸੰਬੰਧੀ ਨਿਯਮਾਂ ਦੀ ਮਨੌਤ

1. ਇਹਨਾਂ ਨਿਯਮਾਂ ਦੀ ਪਾਲਣਾ ਉਸੇ ਰੂਪ ਵਿਚ ਕੀਤੀ ਜਾਂਦੀ ਹੈ, ਜਿਵੇਂ ਯਹੂਦੀ ਧਰਮ ਦੀਆਂ ਹੋਰ ਰਹੁ-ਰੀਤਾਂ ਮੰਨੀਆਂ ਜਾਂਦੀਆਂ ਹਨ। ਇਸ ਨਾਲ ਯਹੂਦੀ ਧਰਮ ਦੀ ਵਿਲੱਖਣਤਾ ਸਥਾਈ ਬਣੀ ਰਹਿੰਦੀ ਹੈ। ਇਸ ਨਾਲ ਉਹਨਾਂ ਅੰਦਰ ਜੀਵਨ ਦੇ ਉੱਚ-ਉਦੇਸ਼ਾਂ ਦੀ ਪੂਰਤੀ ਲਈ ਪ੍ਰੇਰਣਾ ਮਿਲਦੀ ਹੈ।
2. ਕੈਸ਼ਰੁੱਥ, ਇਕ ਨੈਤਿਕ ਸ਼ਕਤੀ ਹੈ। ਇਸ ਦੇ ਸਿਧਾਂਤਾਂ ਨਾਲ ਆਪਣੇ ਅੰਦਰ ਸਵੈ-ਜ਼ਬਤ ਲਈ ਸਿਖਿਆ ਮਿਲਦੀ ਹੈ।
3. ਕੈਸ਼ਰੁੱਥ, ਯਹੂਦੀਆਂ ਲਈ ਅਤਿ ਮਹੱਤਵਪੂਰਨ ਥੰਮ੍ਹ ਹੈ, ਜਿਸ ਨਾਲ ਜੀਵਨ ਅੰਦਰ ਪਰਪੱਕਤਾ ਮਿਲਦੀ ਹੈ। ਧਾਰਮਿਕ ਰਹੁ-ਰੀਤਾਂ ਦੁਆਰਾ ਵਿਅਕਤੀ ਜਾਣ ਸਕਦਾ ਹੈ ਕਿ ਉਸ ਨੇ ਕੀ ਕਰਨਾ ਹੈ ਅਤੇ ਕੀ ਨਹੀਂ ਕਰਨਾ। ਇਹਨਾਂ ਰਹੁ-ਰੀਤਾਂ ਦੁਆਰਾ ਉਹ ਸੁਚੇਤ ਹੁੰਦਾ ਹੈ ਕਿ ਉਹ ਯਹੂਦੀ ਹੈ ਅਤੇ ਉਸ ਨੇ ਪੱਕਾ ਤੇ ਸਚਿਆਰ ਯਹੂਦੀ ਬਣਨਾ ਹੈ। ਉਸ ਨੂੰ ਇਹ ਲੋੜ ਨਹੀਂ ਪੈਣੀ ਕਿ ਉਹ ਨਸ਼ੇ ਦਾ ਪ੍ਰਯੋਗ ਕਰੇ ਜਾਂ ਆਪਣੇ ਸਰੀਰ ਅੰਦਰ ਗਲਤ ਤਰਲ ਪਦਾਰਥ ਪਾ ਕੇ ਜ਼ਿੰਦਗੀ ਦੇ ਅਸਲ ਮਾਰਗ ਨੂੰ ਜਾਣੇ। ਉਸ ਨੂੰ ਕੁਦਰਤੀ ਖ਼ੁਰਾਕ ਦਾ ਸੇਵਨ ਕਰਨ ਨਾਲ, ਕੈਸ਼ਰੁੱਥ ਦੇ ਖਾਣ-ਪੀਣ ਦੇ ਨਿਯਮਾਂ ਪ੍ਰਤੀ ਸ਼ਰਧਾ ਵਧੇਗੀ।
4. ਕੈਸ਼ਰੁੱਥ ਦੀਆਂ ਰਵਾਇਤਾਂ ਉਸ ਨੂੰ ਖ਼ੁਰਾਕ ਸੰਬੰਧੀ ਸੇਧ ਦੇਣਗੀਆਂ, ਨਾ ਕਿ ਕੋਈ ਨਸ਼ੇ ਉਸ ਨੂੰ ਪ੍ਰੇਰਣਗੇ ਕਿ ਰੱਬ ਇੱਕ ਮਹਾਨ ਹੈ ਅਤੇ ਉਸ ਦੀ ਸਿਰਜੀ ਕੁਦਰਤ ਵੀ ਮਹਾਨ ਹੈ।
5. ਕੈਸ਼ਰੁੱਥ ਨਿਯਮ ਦੱਸਦੇ ਹਨ "ਕਿਹੜੀ ਵਸਤੂ ਖਾਣ ਯੋਗ ਹੈ ਅਤੇ ਕਿਸ ਦੀ ਮਨਾਹੀ ਹੈ। ਇਹ ਮਾਸ ਖਾ ਕੇ ਅਨੰਦ ਆਵੇਗਾ, ਪਰ ਹੋਰ ਦੂਸਰੇ ਮਾਸ ਨੂੰ ਛੱਡ ਦੇਣਾ ਹੈ।" ਕੁਝ ਭੋਜਣ ਖਾਣ ਲਈ ਸ਼ੁੱਧ ਹਨ ਅਤੇ ਕੁਝ ਨਹੀਂ। ਇਸ ਲਈ ਕੈਸ਼ਰੁੱਥ ਆਪਣੇ ਚੰਗੇ ਜੀਵਨ ਨੂੰ ਅਰੰਭ ਕਰਨ ਲਈ ਆਧਾਰ ਹੈ, ਜਿਸ ਨਾਲ ਪਰਵਾਰਿਕ ਸੰਬੰਧੀ ਬੰਦਸ਼ਾਂ ਦੀ ਜਾਣਕਾਰੀ ਦੇ ਨਾਲ, ਉਸ ਸਮੇਂ ਹੀ ਜੀਵਨ ਨੂੰ ਅਨੰਦਮਈ ਹੋਣ ਲਈ

ਸੁਖਚੈਨ ਦੀ ਆਗਿਆ ਵੀ ਦਿੰਦਾ ਹੈ।

6. ਕੈਸ਼ਰੁੱਥ ਨਿਯਮਾਂ ਦੀ ਪਾਲਣਾ ਕਰਨ ਨਾਲ ਤੁਹਾਡੇ ਅੰਦਰ ਦਿਆਲੂਪੁਣੇ ਅਤੇ ਰਹਿਮ ਦੀ ਭਾਵਨਾ ਪੈਦਾ ਹੁੰਦੀ ਹੈ। ਰਾਬਾਈਨਿਕ (ਧਰਮ ਸ਼ਾਸ਼ਤਰ) ਅਨੁਸਾਰ ਕਿਹਾ ਗਿਆ ਹੈ ਕਿ ਦੁੱਧ ਅਤੇ ਮਾਸ ਦੀ ਵਰਤੋਂ ਇਕ ਸਮੇਂ ਨਾ ਕੀਤੀ ਜਾਵੇ। ਇਹ ਉਸ ਆਦੇਸ਼ ਦੇ ਆਧਾਰ 'ਤੇ ਹੈ ਕਿ "ਬੱਚੇ ਨੂੰ ਆਪਣੀ ਮਾਂ ਦੇ ਦੁੱਧ ਨਾਲ ਨਾ ਪਕਾਇਆ ਜਾਵੇ।"

ਟੋਰ੍ਹਾ ਵਲੋਂ ਗਊ ਅਤੇ ਉਸ ਦੇ ਵੱਛੇ ਨੂੰ ਇਕੋ ਦਿਨ ਵੱਢਣ ਦੀ ਮਨਾਹੀ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਜਦੋਂ ਆਲ੍ਹਣੇ ਵਿਚੋਂ ਅੰਡੇ ਚੁੱਕਣੇ ਹੋਣ ਤਾਂ ਪੰਛੀ ਨੂੰ ਉਸ ਤੋਂ ਪਹਿਲਾਂ ਕੱਢ ਦਿੱਤਾ ਜਾਵੇ ਜਾਂ ਉਡਾ ਦਿੱਤਾ ਜਾਵੇ।

## ਕੋਸ਼ਰ ਖੁਰਾਕ ਸੰਬੰਧੀ ਪ੍ਰਸਨ-ਉੱਤਰ

**ਪ੍ਰਸ਼ਨ-'ਕੈਸ਼ਰੁੱਥ' ਨਿਯਮਾਂ ਨੂੰ ਮੰਨਣ ਲਈ ਕੀ ਤਰਕ ਹੈ?**

**ਉੱਤਰ**-ਇਹ ਮੰਨਿਆ ਜਾਂਦਾ ਹੈ ਕਿ 'ਟੋਰ੍ਹਾ' ਅੰਦਰ ਦੋ ਤਰ੍ਹਾਂ ਦੇ ਨਿਯਮ ਹਨ, ਇਕ ਤਾਂ 'ਦੀਨ' ਤੇ ਦੂਸਰੇ ਨੂੰ ਚੋਕ ਆਖਿਆ ਜਾਂਦਾ ਹੈ। ਅਸਲ ਤੱਤ ਤਾਂ ਇਹੀ ਹੈ ਕਿ ਇਹ ਕੋਸ਼ਰ ਨਿਯਮ, ਧਰਮ ਦੇ ਮੋਢੀਆਂ ਵਲੋਂ ਸਥਾਪਤ ਹੋਏ ਹਨ ਅਤੇ ਹਰ ਯਹੂਦੀ ਨੂੰ ਇਹਨਾਂ ਨਿਯਮਾਂ ਨੂੰ ਬਤੌਰ ਹੁਕਮ ਮੰਨਣਾ ਚਾਹੀਦਾ ਹੈ।

**ਪ੍ਰਸ਼ਨ-ਕੀ ਟੂਨਾ ਮੱਛੀ ਨੂੰ ਬਤੌਰ ਕੋਸ਼ਰ ਪ੍ਰਵਾਨ ਕੀਤਾ ਦਾ ਸਕਦਾ ਹੈ? ਕੋਈ ਸਮਾਂ ਸੀ, ਜਦੋਂ ਟੂਨਾ ਮੱਛੀ ਨੂੰ ਕੋਸ਼ਰ ਨਹੀਂ ਮੰਨਿਆ ਜਾਂਦਾ ਸੀ।**

**ਉੱਤਰ**-ਹਾਂ, ਇਹ ਸੱਚ ਹੈ ਕਿ ਕੁਝ ਸਮਾਂ ਪਹਿਲਾਂ ਟੂਨਾ ਮੱਛੀ 'ਕੋਸ਼ਰ' ਖ਼ੁਰਾਕ ਨਹੀਂ ਸੀ, ਪਰ ਹੁਣ ਇਸ ਨੂੰ ਕੋਸ਼ਰ ਮੰਨਿਆ ਜਾਂਦਾ ਹੈ।

**ਪ੍ਰਸ਼ਨ-ਯਹੂਦੀ ਲੋਕ ਗਊ ਦੀ ਪੁੱਠ ਦਾ ਮਾਸ ਕਿਉਂ ਨਹੀਂ ਖਾਂਦੇ?**

**ਉੱਤਰ**-ਕੈਸ਼ਰੁੱਥ ਦੇ ਨਿਯਮਾਂ ਅਨੁਸਾਰ ਕੁੱਲ੍ਹੇ ਦੀ ਰੀੜ ਦਾ ਮਾਸ ਖਾਣ ਦੀ ਮਨਾਹੀ ਹੈ। ਇਹ ਰੀੜ ਦੀ ਹੱਡੀ ਜਾਨਵਰ ਦੇ ਵਿਚਕਾਰ ਦੀ ਹੁੰਦੀ ਹੇਠਾਂ ਆਉਂਦੀ ਹੈ। ਕਈ ਥਾਈਂ ਇਸ ਨੂੰ ਖਾਧਾ ਜਾਂਦਾ ਹੈ ਅਤੇ ਕਈ ਥਾਈਂ ਇਹ ਨਹੀਂ ਖਾਧਾ ਜਾਂਦਾ।

**ਪ੍ਰਸ਼ਨ-ਕੀ ਕਾਰਨ ਹੈ ਕਿ ਬੁੱਚੜਖਾਨਿਆਂ ਵਿਚ ਕਿਡਨੀਆਂ ਨਹੀਂ ਮਿਲਦੀਆਂ?**

**ਉੱਤਰ**–ਇਹ ਜਾਨਵਰ ਦੇ ਸਰੀਰ ਦੇ ਹੇਠਲੇ ਭਾਗ ਵਿਚ ਹੁੰਦੀਆਂ ਹਨ ਅਤੇ ਇਹਨਾਂ ਨੂੰ ਜਾਨਵਰ ਦੇ ਹੇਠਲੇ ਹਿੱਸੇ ਸਮੇਤ ਗ਼ੈਰ–ਯਹੂਦੀਆਂ ਨੂੰ ਵੇਚ ਦਿੱਤਾ ਜਾਂਦਾ ਹੈ।

**ਪ੍ਰਸ਼ਨ–ਬਹੁਤ ਯਹੂਦੀ ਮਾਸ ਖਾਣ ਤੋਂ ਛੇ ਘੰਟੇ ਦਾ ਫਰਕ ਰੱਖ ਕੇ ਦੁਧ ਦਾ ਜਾਂ ਦੁੱਧ ਦੀਆਂ ਚੀਜ਼ਾਂ ਦਾ ਸੇਵਨ ਕਰਦੇ ਹਨ?**

**ਉੱਤਰ**–ਇਹ ਸਥਾਪਤ ਨਿਯਮ ਹਨ ਕਿ ਯਹੂਦੀ ਲੋਕ ਮਾਸ ਦੇ ਸੇਵਨ ਸਮੇਂ ਦੁੱਧ ਦਾ ਪ੍ਰਯੋਗ ਨਹੀਂ ਕਰਦੇ।

**ਪ੍ਰਸ਼ਨ–ਕੀ ਲਿਵਰ (ਜਿਗਰ) ਕੋਸ਼ਰ ਖ਼ੁਰਾਕ ਹੈ ਜਾਂ ਨਹੀਂ?**

**ਉੱਤਰ**–ਇਹ ਮੰਨਿਆ ਜਾਂਦਾ ਹੈ ਕਿ ਜਿਗਰ ਦੇ ਅੰਦਰ ਖ਼ੂਨ ਦੀ ਮਾਤਰਾ ਰਹਿ ਜਾਂਦੀ ਹੈ, ਕਿਉਂਕਿ ਜਿਗਰ ਰਾਹੀਂ ਹੀ ਖ਼ੂਨ ਜਾਂਦਾ ਹੈ। ਇਸ ਲਈ ਜਿਗਰ ਕੋਸ਼ਰ ਨਹੀਂ ਹੈ।

**ਪ੍ਰਸ਼ਨ–ਕੀ ਮਾਸ ਲਈ ਪ੍ਰਯੋਗ ਕੀਤੇ ਬਰਤਣ ਤੇ ਦੁੱਧ ਲਈ ਵਰਤੇ ਹੋਏ ਭਾਂਡੇ, ਇਕੋ ਡਿਸ਼ਵਾਸ਼ਰ ਵਿਚ ਧੋਤੇ ਜਾ ਸਕਦੇ ਹਨ?**

**ਉੱਤਰ**–ਮਾਸ ਵਾਲੇ ਬਰਤਨ ਤੇ ਦੁੱਧ ਦੀਆਂ ਵਸਤੂਆਂ ਲਈ ਪ੍ਰਯੋਗ ਕੀਤੇ ਬਰਤਨ ਇਕੱਠੇ ਨਹੀਂ ਧੋਣੇ ਚਾਹੀਦੇ। ਇਸ ਤੋਂ ਇਲਾਵਾ ਦੋਨਾਂ ਤਰ੍ਹਾਂ ਦੇ ਬਰਤਨਾਂ ਨੂੰ ਇਕੋ ਹੀ ਸਿੰਕ ਵਿਚ ਨਹੀਂ ਧੋਣਾ ਚਾਹੀਦਾ।

**ਪ੍ਰਸ਼ਨ–ਇਹ ਕਿਉਂ ਜ਼ਰੂਰੀ ਹੈ ਕਿ ਕੱਪੜੇ ਜਾਂ ਬਰਤਨ ਧੋਣ ਵਾਲੇ ਸਾਥਣ ਨੂੰ ਰਾਥਾਈਨਿਕ ਮਨਜ਼ੂਰੀ ਦੀ ਲੋੜ ਹੈ ਕਿ ਉਹ ਕੋਸ਼ਰ ਹਨ ਜਾਂ ਨਹੀਂ?**

**ਉੱਤਰ**–ਸਾਬਣ ਅਤੇ ਪਾਉਡਰਾਂ ਵਿਚ ਜਾਨਵਰਾਂ ਦੀ ਚਰਬੀ ਮਿਲਾਈ ਹੁੰਦੀ ਹੈ। ਇਸ ਲਈ ਯਕੀਨੀ ਬਣਾਇਆ ਜਾਵੇ ਕਿ ਇਹ ਸਾਬਨ ਕੋਸ਼ਰ ਹੋਣ।

**ਪ੍ਰਸ਼ਨ–ਕੀ ਸਾਰੇ ਬਣੇ ਉਤਪਾਦਨਾਂ ਲਈ ਰਾਬਾਈ ਦੀ ਨਿਗਰਾਨੀ ਜ਼ਰੂਰੀ ਹੈ?**

**ਉੱਤਰ**–ਨਹੀਂ, ਕੁਦਰਤੀ ਵਸਤੂਆਂ, ਜਿਵੇਂ ਲੂਣ, ਖੰਡ, ਕੌਫੀ, ਚਾਹ ਆਦਿ ਲਈ ਰਾਬਾਈ ਦੀ ਨਿਗਰਾਨੀ ਜਾਂ ਮਨਜ਼ੂਰੀ ਦੀ ਲੋੜ ਨਹੀਂ।

**ਪ੍ਰਸ਼ਨ–ਕੀ ਕੱਚ ਦੇ ਬਰਤਨ ਖਾਣ ਲਈ ਠੀਕ ਹਨ?**

**ਉੱਤਰ**–ਕੱਚ ਦੇ ਬਰਤਨ ਮਾਸ ਅਤੇ ਦੁੱਧ ਦੀਆਂ ਬਣੀਆਂ ਵਸਤੂਆਂ ਲਈ ਵਰਤਣਯੋਗ ਹਨ।

**ਪ੍ਰਸ਼ਨ–ਕੀ ਇਹ ਸੱਚ ਹੈ ਕਿ ਕੁਝ ਵਿਟਾਮਿਨਜ਼ (ਸਪਲਾਮੈਂਟਸ) ਕੋਸ਼ਰ**

**ਨਹੀਂ**?

**ਉੱਤਰ**–ਠੀਕ ਹੈ, ਕਿਉਂਕਿ ਕੁਝ ਸਪਲਾਮੈਂਟਸ ਨੂੰ ਬਨਾਉਣ ਸਮੇਂ ਅਣ–ਕੋਸ਼ਰ ਸੋਮਿਆਂ ਤੋਂ ਲੋੜੀਂਦੀ ਚੀਜ਼ਾਂ ਲੈ ਕੇ ਤਿਆਰ ਕੀਤੇ ਜਾਂਦੇ ਹਨ। ਉਦਾਹਰਣ ਤੌਰ ਤੇ ਵਿਟਾਮਿਨ 'ਡੀ', ਨੂੰ ਤਿਆਰ ਕਰਨ ਸਮੇਂ ਦੁੱਧ ਅਤੇ ਸ਼ਾਰਕ ਦੇ ਜਿਗਰ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਕਰਕੇ ਇਹ ਕੋਸ਼ਰ ਨਹੀਂ ਹੋ ਸਕਦਾ।

**ਪ੍ਰਸ਼ਨ–ਕੀ ਸੁੱਕਾ ਦੁੱਧ ਅਣ–ਕੋਸ਼ਰ ਹੈ**?

**ਉੱਤਰ**–ਨਹੀਂ, ਇਸ ਵਿਚ ਕੋਈ ਸ਼ੱਕ ਨਹੀਂ, ਇਹ ਕੋਸ਼ਰ ਹੀ ਹੈ।

**ਪ੍ਰਸ਼ਨ–ਆਈਸ ਕਰੀਮ ਬਾਰੇ ਦੱਸੋ, ਕੀ ਕੋਸ਼ਰ ਹੈ**?

**ਉੱਤਰ**–ਆਈਸ ਕਰੀਮ ਵਿਚ ਜੈਲਾਟੀਨ (ਸਰੇਸ਼) ਦੀ ਵਰਤੋਂ ਕੀਤੀ ਹੋ ਸਕਦੀ ਹੈ। ਇਸ ਬਾਰੇ ਜਾਣਕਾਰੀ ਆਈਸ ਕਰੀਮ ਬਨਾਉਣ ਵਾਲੇ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

**ਪ੍ਰਸ਼ਨ–ਕੀ ਅਚਾਰ (ਅੰਬ ਦਾ) ਓਲਿਵਜ ਅਤੇ ਰੈਲਿਸ਼ ਕੋਸ਼ਰ ਹਨ**?

**ਉੱਤਰ**–ਅੰਬ, ਓਲਿਵਜ਼ ਤੇ ਰੈਲਿਸ਼ ਕੋਸ਼ਰ ਹਨ।

▲ ▲ ▲

# ਇਸਾਈ ਧਰਮ ਤੇ ਮਾਸ

1. ਪੁਰਾਤਨ ਕਾਲ ਅੰਦਰ ਸਨਾਤਨੀ (ਪਰੰਪਰਾਗਤ) ਇਸਾਈ ਮਤ ਅੰਦਰ ਸਾਲ ਵਿਚ 180 ਦਿਨ ਜਾਂ ਵੱਧ ਕੁਝ ਵਿਸ਼ੇਸ਼ ਭੋਜਨਾਂ ਤੋਂ ਪਰਹੇਜ਼ ਕੀਤਾ ਜਾਂਦਾ ਸੀ। ਇਸ ਪਰੰਪਰਾ ਨੂੰ ਮੰਨਣ ਲਈ ਕੋਈ ਤਾੜਨਾ ਜਾਂ ਬੰਦਸ਼ਾਂ ਨਹੀਂ ਸਨ। ਇਹ ਸਭ ਸਵੈ-ਇੱਛਤ ਸੀ ਕਿ ਭਾਵੇਂ ਸੰਕੋਚ ਕਰੋ ਜਾਂ ਨਾ ਕਰੋ।
2. ਇਹਨਾਂ ਸਮਿਆਂ ਦੌਰਾਨ ਓਲਿਵ ਤੇਲ, ਮਾਸ, ਮੱਛੀ, ਦੁੱਧ ਅਤੇ ਦੁੱਧ ਤੋਂ ਬਣੀਆਂ ਚੀਜ਼ਾਂ ਨੂੰ, ਹਰ ਸ਼ੁੱਕਰਵਾਰ ਤੇ ਬੁੱਧਵਾਰ ਨੂੰ ਖਾਣ ਤੋਂ ਸੰਕੋਚ ਕੀਤਾ ਜਾਂਦਾ ਸੀ।
3. ਇਹ ਮੰਨਿਆ ਜਾਂਦਾ ਹੈ ਕਿ ਸਨਾਤਨੀ ਇਸਾਈ ਮਤ ਵਿਚ ਵਰਤ ਰੱਖਣ ਦੌਰਾਨ ਸ਼ਾਕਾਹਾਰੀ ਅਹਾਰ ਕਰਨ ਲਈ ਕਿਹਾ ਜਾਂਦਾ ਸੀ। ਇਸ ਵਿਚ ਸੀਫੂਡਜ਼ (ਮੱਛੀਆਂ, ਕੇਕੜੇ ਤੇ ਹੋਰ ਸਮੁੰਦਰ ਵਿਚ ਪਾਲਣ ਵਾਲੇ ਜੀਵ) ਖਾਧਾ ਜਾ ਸਕਦਾ ਸੀ ਅਤੇ ਮਾਸ ਭੋਜਣ ਨੂੰ ਖਾਣ ਤੋਂ ਸੰਕੋਚ ਕਰਨਾ ਮੁੱਖ ਮਨੋਰਥ ਸੀ।

ਇਸ ਸਨਾਤਨੀ ਮਤ ਅੰਦਰ ਵਰਤ ਰੱਖਣ ਦੀ ਪਰੰਪਰਾ ਦਾ ਇਹ ਭਾਵ ਨਹੀਂ ਕਿ ਆਪਣੇ ਸਰੀਰ ਨੂੰ ਕਾਬੂ ਰੱਖਣਾ ਹੈ, ਇੱਥੇ ਤਾਂ ਲਾਲਸਾਵਾਂ 'ਤੇ ਕਾਬੂ ਪਾਉਣਾ ਹੈ ਅਤੇ ਸਰੀਰਕ ਅਰੋਗਤਾ ਦੀ ਥਾਂ, ਸਰੀਰ ਨੂੰ ਪਵਿੱਤਰ ਬਨਾਉਣਾ ਹੈ। ਵਰਤ ਦੌਰਾਨ ਮਾਸ ਅਹਾਰ (ਭੋਜਣ) ਤੋਂ ਪਰਹੇਜ਼ ਕਰਨ ਤੋਂ ਇਹ ਭਾਵ ਹੈ ਕਿ ਆਪਣੇ ਅੰਦਰ ਅਧਿਆਮਕਤਾ ਦਾ ਵਾਧਾ ਕਰਨਾ ਅਤੇ ਮਾਸ ਪ੍ਰਤੀ ਜੀਭ ਰਸ 'ਤੇ ਕਾਬੂ ਪਾਉਣਾ ਹੈ ਅਤੇ ਸੁਆਦਾਂ ਤੋਂ ਉੱਪਰ ਉਠਣਾ ਹੈ। ਇਸ ਧਰਮ ਦੇ ਮੁੱਢਲੇ ਪੈਰੋਕਾਰਾਂ ਦੀ ਧਾਰਨਾ ਸੀ ਕਿ ਵਰਤ ਦੌਰਾਨ ਮਾਸ ਅਹਾਰ ਤੋਂ ਪਰਹੇਜ਼ ਕਰਨ ਨਾਲ ਮਨੁੱਖ ਅੰਦਰ ਮੌਜ ਮੇਲਾ ਕਰਨ ਦੀਆਂ ਖਾਹਿਸ਼ਾਂ ਅਤੇ ਕਾਮ-ਵਾਸ਼ਨਾਵਾਂ ਘੱਟ ਉਪਜਦੀਆਂ ਹਨ।

ਹੋਲੀ ਬਾਈਬਲ ਤੇ ਸਨਾਤਨੀ ਇਸਾਈ ਮਤ ਦੀ ਪਰੰਪਰਾਵਾਦੀ ਸੋਚ ਸੀ

ਕਿ ਬਹੁ–ਭਾਂਤੀ ਭੋਜਣ ਦਾ ਸੇਵਨ ਕਰਨ ਵਾਲੇ ਅੰਦਰ ਕਾਮਿਕ ਰੁਚੀਆਂ ਭਾਰੂ ਹੋ ਜਾਂਦੀਆਂ ਹਨ।

## ਟਿੱਪਣੀ

"ਵਿਗਿਆਨਕ ਦ੍ਰਿਸ਼ਟੀਕੋਣ ਤੋਂ ਇਸ ਵਿਚ ਕੋਈ ਸੱਚਾਈ ਨਹੀਂ।"

ਮਹਾਨ ਸੇਂਦ ਬੇਜ਼ਿਲ ਅਨੁਸਾਰ,

*"ਜ਼ਿਆਦਾ ਖੁਰਾਕ ਤੇ ਚਰਬੀ ਵਾਲੇ ਆਹਾਰਾਂ ਦਾ ਸੇਵਨ ਕਰਨ ਨਾਲ ਚਿੜਚਿੜਾਪਨ ਵੱਧ ਜਾਂਦਾ ਹੈ ਅਤੇ ਇਕ ਗੂੜੇ ਧੂੰਏਂ ਜਾਂ ਬੱਦਲ ਵਾਂਗ ਮਨ ਨੂੰ ਪਵਿੱਤਰ ਆਤਮਾ ਤੋਂ ਲਾਂਭੇ ਕਰ ਦਿੰਦਾ ਹੈ। ਜੇਕਰ ਤੁਸੀਂ ਮਨ ਕਰਕੇ ਤੱਕੜੇ ਹੋਣਾ ਹੈ ਤਾਂ ਵਰਤ ਰੱਖਣਾ ਅਤੇ ਮਾਸ ਅਹਾਰ ਤੋਂ ਸੰਕੋਚ ਕਰਨਾ ਹੈ।"*

ਇਸ ਕਰਕੇ ਇਸਾਈ ਚਰਚਾਂ ਵਲੋਂ ਆਪਣੇ ਪੈਰੋਕਾਰਾਂ ਨੂੰ ਵੱਧ ਮਾਸ ਅਹਾਰ ਦੇ ਸੇਵਨ ਤੋਂ ਪਰਹੇਜ਼ ਕਰਨ ਲਈ ਕਿਹਾ ਜਾਂਦਾ ਸੀ।

ਰੋਮਨ ਕੈਥੋਲਿਕ ਚਰਚ ਵਲੋਂ ਕਿਹਾ ਜਾਂਦਾ ਸੀ ਸ਼ੁੱਕਰਵਾਰ ਵਾਲੇ ਦਿਨ ਮਾਸ ਨਾ ਖਾਓ। ਈਸਟਰ ਤੋਂ ਪਹਿਲਾਂ ਰੱਖੇ ਵਰਤ ਦੌਰਾਨ ਵੀ ਮਾਸ ਨਾ ਖਾਓ।

(ਰੋਮਨ ਕੈਥੋਲਿਕਸ ਵੱਲੋਂ ਬਹੁਤ ਪਰੰਪਰਾਵਾਦੀ ਵਿਸ਼ਵਾਸਾਂ ਨੂੰ ਤਿਲਾਂਜਲੀ ਦੇ ਦਿੱਤੀ ਗਈ ਹੈ)

ਐਂਗਲੀਕਨ ਚਰਚ ਵਲੋਂ ਵੀ ਸ਼ੁੱਕਰਵਾਰ ਵਾਲੇ ਦਿਨ ਮਾਸ ਅਹਾਰ ਤੋਂ ਪਰਹੇਜ਼ ਕਰਨ ਲਈ ਕਿਹਾ ਜਾਂਦਾ ਸੀ। ਮੌਜੂਦਾ ਸਮੇਂ ਇਸਾਈ ਮਤ ਵਿਚ ਭੋਜਣ ਸੰਬੰਧੀ ਕੋਈ ਬੰਦਸ਼ ਨਹੀਂ ਹੈ। ਇਹ ਵਿਅਕਤੀ 'ਤੇ ਨਿਰਭਰ ਕਰਦਾ ਹੈ ਕਿ ਉਸ ਨੇ ਸ਼ਰਾਬ ਦੀ ਵਰਤੋਂ ਕਰਨੀ ਹੈ ਜਾਂ ਨਹੀਂ, ਉਸ ਨੇ ਮਾਸ ਖਾਣਾ ਹੈ ਜਾਂ ਨਹੀਂ। ਇਸਾਈ ਕੁਝ ਤਰ੍ਹਾਂ ਦੇ ਭੋਜਨ ਨੂੰ ਛੱਡ ਵੀ ਸਕਦੇ ਹਨ। ਅਜੋਕੇ ਸਮੇਂ ਇਸਾਈਆਂ ਅੰਦਰ ਖਾਣ–ਪੀਣ ਸੰਬੰਧੀ ਕੋਈ ਨਿਰਧਾਰਤ ਨਿਯਮ ਨਹੀਂ ਹਨ। ਇਹਨਾਂ ਅੰਦਰ ਖਾਣ ਸੰਬੰਧੀ ਕੋਈ ਵਹਿਮ ਭਰਮ ਵੀ ਨਹੀਂ।

ਪ੍ਰੋਟੈਸਟੈਂਟ ਮੱਤ ਇਸਾਈਆਂ ਦਾ ਇਕ ਵੱਡਾ ਫਿਰਕਾ ਹੈ। ਤਕਰੀਬਨ ਇਕ ਬਿਲੀਅਨ ਲੋਕ ਇਸ ਧਰਮ ਦੇ ਪੈਰੋਕਾਰ ਹਨ। ਇਹ ਪੋਪ ਦੀ ਸਰਦਾਰੀ ਨੂੰ ਨਹੀਂ ਮੰਨਦੇ। ਇਸ ਸੰਪਰਦਾ ਦਾ ਮੁੱਢ 1517 ਵਿਚ ਜਰਮਨੀ ਵਿਚ ਮਾਰਟਿਨ ਲੂਥਰ ਵਲੋਂ ਰੱਖਿਆ ਗਿਆ। ਇਸ ਸੰਪਰਦਾ ਦੇ ਲੋਕਾਂ ਅੰਦਰ ਖਾਣ–ਪੀਣ ਦੇ ਸਬੰਧ ਵਿਚ

ਕੋਈ ਵਹਿਮ ਨਹੀਂ ਹਨ। ਇਹ ਲੋਕ ਵੀ ਯਹੂਦੀਆਂ ਵਾਂਗ ਸੂਰ ਦੇ ਮਾਸ ਦਾ ਸੇਵਨ ਨਹੀਂ ਕਰਦੇ, ਪਰ ਹਲਾਲ ਮਾਸ ਖਾਹ ਲੈਂਦੇ ਹਨ।

ਗੋਸਪਲ ਆਫ ਮਾਰਕ, ਭਾਵ ਇਸਾਈ ਮੱਤ ਅੰਦਰ ਇੱਕ ਸਾਖੀ ਹੈ ਕਿ ਜੀਸਸ ਦੇ ਪੈਰੋਕਾਰਾਂ ਵੱਲੋਂ ਯਹੂਦੀਆਂ ਵਲੋਂ ਨਿਰਧਾਰਤ ਖੁਰਾਕ ਸੰਬੰਧੀ ਨਿਯਮਾਂ ਦਾ ਵਿਰੋਧ ਕੀਤਾ। ਜੀਸਸ ਨੇ ਉਹਨਾਂ ਦਾ ਸਾਥ ਦਿੱਤਾ ਤੇ ਕਿਹਾ "ਬਾਹਰੀ ਤੌਰ ਤੇ ਮਨੁੱਖ ਦੂਸ਼ਿਤ ਨਹੀਂ ਹੋ ਸਕਦਾ, ਸਗੋਂ ਉਸ ਦੇ ਅੰਦਰੋਂ ਜੋ ਬਾਹਰ ਆਉਂਦਾ ਹੈ, ਉਹ ਲੋਕਾਂ ਨੂੰ ਦੂਸ਼ਿਤ ਕਰਦਾ ਹੈ।"

ਜੀਸਸ ਅਨੁਸਾਰ ਸਾਡਾ ਬਾਹਰੀ ਸੁਭਾਅ ਖੁਰਾਕ ਸੰਬੰਧੀ ਨਿਯਮਾਂ ਨਾਲੋਂ ਜ਼ਿਆਦਾ ਮਹੱਤਤਾ ਰੱਖਦਾ। ਮਾਰਕ ਅਨੁਸਾਰ ਜੀਸਸ ਵਲੋਂ ਅਜਿਹਾ ਆਖਣ ਤੋਂ ਭਾਵ ਹੈ ਕਿ ਸਾਰੇ ਤਰ੍ਹਾਂ ਦੇ ਭੋਜਨ ਵਧੀਆ ਹਨ।

▲ ▲ ▲

# ਚੀਨੀ ਲੋਕਾਂ 'ਚ ਮਾਸ ਸੰਬੰਧੀ ਮਨੌਤ

ਚੀਨੇ ਲੋਕਾਂ ਦੇ ਰੋਜ਼ਾਨਾ ਦੀ ਖ਼ੁਰਾਕ ਵਿਚ ਚਾਰ ਪ੍ਰਕਾਰ ਦੇ ਅਹਾਰ ਖਾਧੇ ਜਾਂਦੇ ਹਨ।

1. ਅਨਾਜ ਤੋਂ ਬਣੀਆਂ ਚੀਜ਼ਾਂ, ਜਿਵੇਂ ਸੇਵੀਆਂ, ਬਰੈਡ, ਚੋਲ ਆਦਿ।
2. ਸਬਜ਼ੀਆਂ
3. ਫਲ
4. ਮਾਸ

ਚੀਨੇ ਲੋਕ ਦੁੱਧ ਜਾਂ ਦੁੱਧ ਤੋਂ ਬਣੀਆਂ ਚੀਜ਼ਾਂ ਦਾ ਪ੍ਰਯੋਗ ਬਹੁਤ ਘੱਟ ਕਰਦੇ ਹਨ। ਇਸ ਦੀ ਥਾਂ ਉਹ ਸੋਇਆ ਦੁੱਧ ਅਤੇ ਟੋਫੂ ਦੀ ਵਰਤੋਂ ਕਰਦੇ ਹਨ।

ਚੀਨੀ ਲੋਕਾਂ ਦੀ ਪਰੰਪਰਾ ਅਨੁਸਾਰ ਮਾਸ ਤੇ ਮੱਛੀ ਦਾ ਅੰਸ਼ ਜ਼ਿਆਦਾ ਨਹੀਂ ਸੀ ਹੁੰਦਾ ਅਤੇ ਸਬਜ਼ੀਆਂ ਦੇ ਨਾਲ ਚੌਲ ਤੇ ਨੂਡਲਜ਼ ਦੀ ਵਰਤੋਂ ਆਮ ਹੈ। ਭੋਜਨ ਦੇ ਨਾਲ ਉਹ ਨਸ਼ੇ ਰਹਿਤ ਮਿੱਠੇ ਪਾਣੀ ਦੀ ਵਰਤੋਂ ਨਹੀਂ ਕਰਦੇ, ਸਗੋਂ ਹਰ ਸਮੇਂ ਭੋਜਨ ਦੇ ਨਾਲ ਗਰਮ ਪਾਣੀ ਜਾਂ ਦੁੱਧ ਰਹਿਤ ਚਾਹ ਦੀ ਵਰਤੋਂ ਕਰਦੇ ਹਨ। ਚੀਨੇ ਲੋਕਾਂ ਦਾ ਵਿਸ਼ਵਾਸ ਹੈ ਕਿ ਕੋਸਾ ਜਾਂ ਗਰਮ ਪਾਣੀ ਨਾਲ ਭੋਜਨ ਹਜ਼ਮ ਹੋਣ ਵਿਚ ਸਹਾਈ ਹੁੰਦਾ ਹੈ।

## ਚੀਨੀ ਲੋਕਾਂ ਵਲੋਂ ਮਾਸ ਖਾਣਾ

ਇਹ ਮੰਨਿਆ ਜਾਂਦਾ ਹੈ ਕਿ ਹੁਣ ਚੀਨੇ ਲੋਕ ਮਾਸ ਦੀ ਅਧਿਕ ਵਰਤੋਂ ਕਰਦੇ ਹਨ, ਭਾਵੇਂ ਇਹ ਮਾਤਰਾ ਯੂ. ਐਸ. ਏ. ਦੇ ਮੁਕਾਬਲੇ ਅੱਧੇ ਤੋਂ ਵੀ ਘੱਟ ਹੈ। ਜੋ ਪਰਿਵਾਰ ਆਰਥਿਕ ਤੌਰ ਤੇ ਸੌਖੇ ਹੋ ਜਾਂਦੇ ਹਨ, ਉਹ ਮਾਸ ਅਹਾਰ ਦੀ ਅਧਿਕ ਵਰਤੋਂ ਕਰਨ ਲੱਗ ਜਾਂਦੇ ਹਨ।

ਪਹਿਲਾ ਇਹ ਮੰਨਿਆ ਜਾਂਦਾ ਸੀ ਕਿ ਚੀਨ ਵਿਚ ਗਊ ਮਾਸ ਸਿਰਫ ਅਮੀਰ ਲੋਕ ਹੀ ਖਾਹ ਸਕਦੇ ਹਨ, ਪਰ ਦੇਸ ਦੀ ਸਰਬ-ਪੱਖੀ ਤਰੱਕੀ ਹੋਣ ਕਰਕੇ, ਆਮ ਲੋਕ ਵੀ ਗਊ ਮਾਸ ਖਾਣ ਯੋਗ ਹੋ ਗਏ ਹਨ। ਪਹਿਲਾਂ ਪਹਿਲਾਂ ਦੇਸ ਦੇ ਅੰਦਰ

ਖੁਰਾਕ ਸੀਮਤ ਹੀ ਮਿਲਦੀ ਸੀ ਅਤੇ ਸਾਰੀਆਂ ਵਸਤੂਆਂ ਨੂੰ ਮਹੀਨੇ ਬਾਅਦ ਵੰਡ ਅਨੁਸਾਰ ਪ੍ਰਾਪਤ ਕੀਤਾ ਜਾ ਸਕਦਾ ਸੀ।

ਇਹ ਅਨੁਮਾਨ ਲਗਾਇਆ ਗਿਆ ਹੈ ਕਿ ਆਉਂਦੇ 30 ਸਾਲਾਂ ਵਿਚ ਮਾਸ ਦੀ ਮੰਗ ਦੁੱਗਣੀ ਹੋ ਜਾਵੇਗੀ। ਚੀਨ ਦੀ ਅਬਾਦੀ ਵੀ ਭਾਰਤ ਦੀ ਅਬਾਦੀ ਦੇ ਨੇੜ-ਤੇੜ ਹੈ ਅਤੇ ਕੁਦਰਤੀ ਖੁਰਾਕ ਦੀ ਖਪਤ ਤਾਂ ਵਧੇਗੀ। ਦੂਸਰਾ, ਚੀਨੀ ਲੋਕ ਮਾਸ ਖਾਣ ਪ੍ਰਤੀ ਕੋਈ ਵਹਿਮ ਜਾਂ ਭਰਮ ਨਹੀਂ ਪਾਲਦੇ, ਉਹ ਹਰ ਪ੍ਰਕਾਰ ਦਾ ਮਾਸ ਸੇਵਨ ਕਰ ਲੈਂਦੇ ਹਨ।

ਚੀਨ ਵਿਚ ਲੋਕ ਸਭ ਤਰ੍ਹਾਂ ਦੇ ਜਾਨਵਰਾਂ ਦਾ ਮਾਸ ਖਾਹ ਲੈਂਦੇ ਹਨ, ਜਿਵੇਂ ਸੂਰ, ਗਊ, ਮੁਰਗੀ-ਮੁਰਗੇ, ਬੱਤਖਾਂ, ਕਬੂਤਰ, ਭੇਡ ਤੇ ਬੱਕਰੀ। ਸੂਰ ਦਾ ਮਾਸ ਜ਼ਿਆਦਾ ਖਾਧਾ ਜਾਂਦਾ ਹੈ। ਮੱਛੀ ਤੇ ਕੇਕੜੇ ਵੀ ਆਮ ਖਾਧੇ ਜਾਂਦੇ ਹਨ।

ਇਸ ਗੱਲ ਵਿਚ ਵੀ ਸੱਚਾਈ ਹੈ ਕਿ ਚੀਨ ਦੇ ਕੁੱਝ ਇਲਾਕਿਆਂ ਵਿਚ ਲੋਕ ਸੱਪ ਤੇ ਚੂਹੇ ਵੀ ਖਾਹ ਲੈਂਦੇ ਹਨ। ਇਹ ਵੀ ਮੰਨਿਆ ਜਾਂਦਾ ਹੈ ਕਿ ਕੁਝ ਲੋਕ ਕੁੱਤਿਆਂ ਦਾ ਮਾਸ ਵੀ ਖਾਹ ਲੈਂਦੇ ਹਨ।

ਤੱਤਸਾਰ ਇਹੀ ਹੈ ਕਿ ਚੀਨੇ ਲੋਕਾਂ ਦਾ ਖਾਣ ਪੀਣ ਜਾਂ ਮਾਸ ਖਾਣ ਸੰਬੰਧੀ ਕੋਈ ਵਹਿਮ ਤੇ ਭਰਮ ਨਹੀਂ ਹੈ।

▲ ▲ ▲

# ਮਾਸ ਬਾਰੇ ਵਹਿਮ ਭਰਮ ਅਤੇ ਮਨੌਤਾਂ

ਸੰਸਾਰ ਅੰਦਰ ਵੱਖ-ਵੱਖ ਸਭਿਆਚਾਰਾਂ ਵਿਚ ਵੱਖ-ਵੱਖ ਧਰਤੀਆਂ ਉੱਤੇ ਮੌਸਮ ਜਾਂ ਵਾਤਾਵਰਣ ਅਨੁਸਾਰ ਖਾਣ-ਪੀਣ ਦੇ ਤੌਰ ਤਰੀਕੇ ਅਤੇ ਆਦਤਾਂ ਵਿਚ ਵਖਰੇਵਾਂ ਹੁੰਦਾ ਹੈ। ਭਾਰਤ ਦੇ ਅੰਦਰ ਬਹੁਤ ਭਾਂਤੀ ਸਭਿਆਚਾਰ ਹਨ, ਉਹਨਾਂ ਦੀਆਂ ਬੋਲੀਆਂ ਵੀ ਵੱਖਰੀਆਂ ਹਨ ਅਤੇ ਉਹਨਾਂ ਦੀਆਂ ਖਾਣ-ਪੀਣ ਦੇ ਅਹਾਰ ਵੀ ਵੱਖ-ਵੱਖ ਹਨ। ਇਸ ਤੋਂ ਬਿਨਾਂ ਖ਼ੁਰਾਕ ਬਾਰੇ ਸਾਰੇ ਸਭਿਆਚਾਰਾਂ ਅੰਦਰ ਵਹਿਮ ਤੇ ਭਰਮ ਹੁੰਦੇ ਹਨ। ਜਿਸ ਕਾਰਨ ਕਈ ਤਰ੍ਹਾਂ ਦੀ ਖ਼ੁਰਾਕ ਨੂੰ ਖਾਣ ਤੋਂ ਮਨਾਹੀ ਹੁੰਦੀ ਹੈ। ਭਾਵੇਂ ਉਸ ਦਾ ਕੋਈ ਠੋਸ ਕਾਰਨ ਵੀ ਨਾ ਹੋਵੇ। ਕਈ ਵਾਰ ਧਾਰਮਿਕ ਰਹੁ-ਰੀਤਾਂ ਨੂੰ ਅਧਾਰ ਬਣਾ ਕੇ ਆਖ ਦਿੱਤਾ ਜਾਂਦਾ ਹੈ ਕਿ ਇਸ ਅਹਾਰ ਨੂੰ ਖਾਣ ਤੋਂ ਮਨਾਹੀ ਹੈ। ਇਹ ਵੀ ਜ਼ਰੂਰੀ ਨਹੀਂ ਕਿ ਧਰਮ ਨੂੰ ਅਧਾਰ ਬਣਾਇਆ ਜਾਵੇ ਅਤੇ ਕਈ ਵਹਿਮ ਤੇ ਭਰਮ ਪ੍ਰਚਲਿਤ ਹੋ ਜਾਂਦੇ ਹਨ। ਕੁਝ ਧਰਮਾਂ ਵਲੋਂ ਖਾਣ ਸੰਬੰਧੀ ਵਿਸੇਸ਼ ਤੌਰ ਤੇ ਨਿਯਮ ਬਣਾ ਦਿੱਤੇ ਹਨ ਕਿ ਇਹਨਾਂ ਨੂੰ ਖਾਣਾ ਜਾਂ ਨਹੀਂ ਖਾਣਾ।

ਜੇਕਰ ਮੁਲਾਂਕਣ ਕਰੀਏ ਤਾਂ ਸਪੱਸ਼ਟ ਹੁੰਦਾ ਹੈ ਕਿ ਕਈ ਖ਼ੁਰਾਕ ਸੰਬੰਧੀ ਧਾਰਨਾਵਾਂ ਵਿਗਿਆਨ ਦੀ ਕਸਵੱਟੀ ਨਾਲ ਪੂਰੀਆਂ ਨਹੀਂ ਉਤਰਦੀਆਂ ਪਰ ਲੋਕ-ਧਾਰਾ ਵਿਚ ਵਹਿਮ ਤੇ ਭਰਮ ਲੋਕ ਮਨਾਂ ਵਿਚ ਪੱਕੀ ਥਾਂ ਬਣਾ ਲੈਂਦੇ ਹਨ। ਇਹ ਵੀ ਜ਼ਰੂਰੀ ਨਹੀਂ ਕਿ ਖਾਣ-ਸੰਬੰਧੀ ਨਿਯਮ ਜਾਂ ਵਹਿਮ ਲਿਖਤੀ ਰੂਪ ਵਿਚ ਮਿਲਣ, ਇਹ ਤਾਂ ਪੀੜ੍ਹੀ ਦਰ ਪੀੜ੍ਹੀ ਵੱਖ-ਵੱਖ ਸਭਿਆਚਾਰਾਂ ਅੰਦਰ ਲੋਕ ਚੇਤਿਆਂ ਵਿਚ ਆਪਣੀ ਥਾਂ ਬਣਾ ਲੈਂਦੇ ਹਨ।

ਯਹੂਦੀ ਲੋਕਾਂ ਅੰਦਰ ਅਹਾਰ ਦੇ ਸੰਬੰਧ ਵਿਚ ਕਰੜੇ ਨਿਯਮ ਬਣਾਏ ਹੋਏ ਹਨ। ਉਹ ਕੋਸ਼ਰ ਮਾਸ ਹੀ ਖਾਹ ਸਕਦੇ ਹਨ ਅਤੇ ਹਰ ਪਸ਼ੂ ਤੇ ਪੰਛੀ ਦਾ ਮਾਸ ਕੋਸ਼ਰ ਨਹੀਂ ਬਣ ਸਕਦਾ। ਯਹੂਦੀ ਸੂਰ ਦਾ ਮਾਸ ਨਹੀਂ ਖਾਂਦੇ ਅਤੇ ਮੁਸਲਮਾਨ ਲੋਕ ਵੀ ਸੂਰ ਦਾ ਮਾਸ ਨਹੀਂ ਖਾਹ ਸਕਦੇ। ਯਹੂਦੀ ਡੱਡੂ ਨਹੀਂ ਖਾਂਦੇ ਅਤੇ ਇਹਨਾਂ ਦੀ ਧਾਰਮਿਕ ਪੁਸਤਕ ਅਨੁਸਾਰ ਗਿਰਝ, ਬਾਜ਼ ਤੇ ਬਗਲੇ ਵੀ ਕੋਸ਼ਰ ਨਹੀਂ ਬਣ

ਸਕਦੇ। ਇਹ ਕਾਂ ਦਾ ਮਾਸ ਨਹੀਂ ਖਾਹ ਸਕਦੇ ਅਤੇ ਰਿੱਛ ਦੇ ਮਾਸ ਨੂੰ ਖਾਣ ਦੀ ਮਨਾਹੀ ਹੈ। ਊਠ ਭਾਵੇਂ ਜੁਗਾਲੀ ਕਰਦਾ ਹੈ, ਪਰ ਫਿਰ ਵੀ ਯਹੂਦੀ ਊਠ ਦਾ ਮਾਸ ਨਹੀਂ ਖਾਂਦੇ। ਦੂਜੇ ਪਾਸੇ ਇਸਲਾਮ ਧਰਮ ਵਿਚ ਊਠ ਦੇ ਮਾਸ ਨੂੰ ਖਾਣ ਦੀ ਖੁੱਲ੍ਹ ਹੈ। ਯਹੂਦੀ ਲੋਕ ਮਾਸ ਅਹਾਰ ਖਾਣ ਸਮੇਂ ਦੁੱਧ ਜਾਂ ਦੁੱਧ ਤੋਂ ਬਣੀਆਂ ਚੀਜ਼ਾਂ ਦਾ ਸੇਵਨ ਨਹੀਂ ਕਰ ਸਕਦੇ। ਇਹ ਮਨੌਤ ਜਾਂ ਭਰਮ ਕਿਸੇ ਸਿਹਤ ਵਿਗਿਆਨੀ ਦੀ ਖੋਜ ਦਾ ਸਿੱਟਾ ਨਹੀਂ, ਇਹ ਨਿਯਮ ਇਹਨਾਂ ਨੇ ਆਪ ਘੜੇ ਹਨ।

ਪੱਛਮੀ ਦੁਨੀਆਂ ਵਿਚ ਕੁੱਤੇ ਦਾ ਮਾਸ ਖਾਣਾ ਮਾੜਾ ਸਮਝਿਆ ਜਾਂਦਾ ਹੈ। ਕਾਫੀ ਸਮਾਂ ਪਹਿਲਾਂ ਜਰਮਨ ਵਿਚ ਖੁਰਾਕੀ ਸੰਕਟ ਸਮੇਂ ਕੁੱਤੇ ਦਾ ਮਾਸ ਖਾਧਾ ਜਾਂਦਾ ਸੀ। ਜਦੋਂ ਜਰਮਨ ਪਰਵਾਸੀ (1800 ਤੋਂ ਬਾਅਦ) ਅਮਰੀਕਾ ਵਿਚ ਆਏ ਤਾਂ ਉਹਨਾਂ ਨੇ 'ਫਰੈਂਟ ਫਰਟ ਮੀਟ" ਨੂੰ ਹੌਟ ਡੌਗ ਦੇ ਨਾਮ ਹੇਠ ਵੇਚਣਾ ਸ਼ੁਰੂ ਕੀਤਾ। ਇਹ "ਹੌਟ ਡੌਗ" ਅਸਲ ਵਿਚ 1860 ਦੇ ਆਸ ਪਾਸ ਜਰਮਨ ਲੋਕਾਂ ਵਲੋਂ ਸ਼ੁਰੂ ਕੀਤਾ ਗਿਆ ਸੀ। "ਹੌਟ ਡੌਗ" ਵਿਚ ਕਈ ਪ੍ਰਕਾਰ ਦਾ ਮਾਸ ਪਾ ਕੇ ਬਣਾਇਆ ਜਾ ਸਕਦਾ ਹੈ। ਮੁੱਖ ਤੌਰ ਤੇ ਗਊ ਮਾਸ ਤੇ ਚਿਕਨ ਮਾਸ ਦੇ ਬਣੇ ਹੌਟ ਡੌਗ ਜ਼ਿਆਦਾ ਪ੍ਰਚਲਤ ਹਨ। ਸਾਲ 1986 ਤੋਂ ਪਿੱਛੋਂ ਜਰਮਨ ਵਿਚ ਕੁੱਤੇ ਦੇ ਮਾਸ ਦੀ ਮਨਾਹੀ ਹੋ ਚੁੱਕੀ ਹੈ। ਯਹੂਦੀ ਤੇ ਮੁਸਲਮਾਨ ਕੁੱਤੇ ਦਾ ਮਾਸ ਨਹੀਂ ਖਾਂਦੇ, ਪਰ ਚੀਨ ਵਿਚ ਕੁੱਤੇ ਦਾ ਮਾਸ ਆਮ ਹੀ ਖਾਧਾ ਜਾਂਦਾ ਹੈ।

ਮੱਛੀ ਦੇ ਮਾਸ ਨੂੰ ਸਿਹਤ ਵਿਗਿਆਨੀ ਬਹੁਤ ਵਧੀਆ ਮੰਨਦੇ ਹਨ। ਦਿਲ ਦੇ ਮਰੀਜ਼ਾਂ ਲਈ ਮੱਛੀ ਦਾ ਤੇਲ ਜਾਂ ਮੱਛੀ ਦੇ ਤੇਲ ਦੇ ਬਣੇ ਕੈਪਸੂਲ ਖਾਣ ਦੀ ਸਲਾਹ ਦਿੱਤੀ ਜਾਂਦੀ ਹੈ। ਸਿਹਤ ਵਿਗਿਆਨੀਆਂ ਅਨੁਸਾਰ ਜੋ ਲੋਕ ਸੀ-ਫੂਡਜ਼ ਜਾਂ ਮੱਛੀ ਦੇ ਮਾਸ ਦਾ ਜ਼ਿਆਦਾ ਸੇਵਨ ਕਰਦੇ ਹਨ, ਉਹਨਾਂ ਨੂੰ ਦਿਲ ਦੇ ਰੋਗ ਬਹੁਤ ਘੱਟ ਲੱਗਦੇ ਹਨ। ਦੁਨੀਆਂ ਦੇ ਅਨੇਕਾਂ ਸਭਿਆਚਾਰਾਂ ਦਾ ਮੁੱਖ ਕਿੱਤਾ ਮੱਛੀਆਂ ਫੜਨਾ ਹੈ ਅਤੇ ਮੱਛੀਆਂ ਵੇਚਣ ਦਾ ਧੰਦਾ ਕਰਕੇ ਗੁਜ਼ਾਰਾ ਕਰਦੇ ਹਨ। ਪਰ ਸੋਮਾਲੀਆ ਅੰਦਰ ਕੁਝ ਫਿਰਕੇ ਅਜਿਹੇ ਹਨ ਜੋ ਕਿ ਮੱਛੀ ਖਾਣ ਨੂੰ ਮਾੜਾ ਸਮਝਦੇ ਹਨ। ਕਈ ਵਾਰ ਰਿਸ਼ਤੇ ਤਹਿ ਕਰਨ ਸਮੇਂ ਜੇਕਰ ਇਕ ਧਿਰ ਨੂੰ ਪਤਾ ਲੱਗ ਜਾਵੇ ਕਿ ਦੂਸਰੇ ਮੱਛੀ ਦਾ ਸੇਵਨ ਕਰਦੇ ਹਨ ਤਾਂ ਰਿਸ਼ਤੇ ਨਹੀਂ ਜੁੜਦੇ।

ਇੱਕ ਵੀਗਨ (Vegan) ਲੋਕ ਹਨ, ਜੋ ਕਿਸੇ ਪ੍ਰਕਾਰ ਦਾ ਮਾਸ ਅਹਾਰ ਨਹੀਂ ਕਰਦੇ। ਅੰਡੇ ਵੀ ਨਹੀਂ ਖਾਂਦੇ। ਦੁੱਧ ਦਹੀਂ ਤੇ ਉਪਰੰਤ ਦੁੱਧ ਤੋਂ ਬਣੀ ਕੋਈ ਚੀਜ਼ ਨਹੀਂ ਖਾਂਦੇ। ਮੱਛੀ ਵੀ ਨਹੀਂ ਖਾਂਦੇ। ਉਹ ਸਿਰਫ ਫਲ, ਸਬਜ਼ੀਆਂ ਖਾਣ 'ਤੇ ਨਿਰਭਰ

ਰਹਿੰਦੇ ਹਨ। ਅਜੋਕੇ ਸਮੇਂ ਵਿਗਿਆਨੀ ਦੁੱਧ ਨੂੰ ਵੀ ਤਰਲ ਮਾਸ ਜਾਂ ਚਿੱਟਾ ਮਾਸ ਹੀ ਮੰਨਦੇ ਹਨ। ਭਾਰਤ ਦੇ ਸ਼ਾਕਾਹਾਰੀ ਲੋਕ ਦੁੱਧ ਨੂੰ ਆਪਣੇ ਅਹਾਰ ਦਾ ਅਨਿੱਖੜਵਾਂ ਹਿੱਸਾ ਮੰਨਦੇ ਹਨ।

ਇਹ ਮੰਨਿਆ ਜਾਂਦਾ ਹੈ ਕਿ ਮੁਸਲਮਾਨਾਂ ਦਾ ਹਲਾਲ ਮਾਸ ਅਤੇ ਯਹੂਦੀਆਂ ਦਾ ਕੋਸ਼ਰ ਮਾਸ ਨੂੰ ਤਿਆਰ ਕਰਨ ਦੀ ਵਿਧੀ ਇਕੋ-ਜਿਹੀ ਹੈ, ਪਰ ਫਿਰ ਵੀ ਇਹ ਲੋਕ ਇਕ ਦੂਜੇ ਦਾ ਤਿਆਰ ਕੀਤਾ ਮਾਸ ਨਹੀਂ ਖਾਂਦੇ। ਮੁਸਲਮਾਨ ਜਦੋਂ ਹਲਾਲ ਮਾਸ ਤਿਆਰ ਕਰਦੇ ਹਨ ਤਾਂ ਉਹ ਅੱਲ੍ਹਾ ਦੇ ਨਾਮ ਨੂੰ ਪੁਕਾਰ ਕੇ ਸ਼ੁਰੂ ਕਰਦੇ ਹਨ। ਸਿੱਖ ਲੋਕਾਂ ਲਈ ਮੁਸਲਮਾਨੀ ਤਰੀਕੇ ਨਾਲ ਬਣੇ ਹਲਾਲ (ਕੁੱਠਾ) ਮਾਸ ਨੂੰ ਖਾਣ ਦੀ ਮਨਾਹੀ ਹੈ। ਸਿੱਖਾਂ ਲਈ ਝਟਕਾ ਮਾਸ ਹੀ ਖਾਣ ਯੋਗ ਹੈ। ਯਹੂਦੀ ਤੇ ਮੁਸਲਮਾਨ ਲੋਕਾਂ ਦੇ ਖ਼ੁਰਾਕ ਤੱਤਾਂ ਨੂੰ ਸੰਪੂਰਨ ਕਰਨ ਲਈ ਸਪਲਾਮੈਂਟਸ ਵੀ ਕੋਸ਼ਰ ਤੇ ਹਲਾਲ ਮਾਸ ਵਾਲੇ ਹੀ ਖਾਂਦੇ ਹਨ। ਕਾਫੀ ਸਪਲਾਮੈਂਟਸ ਵਿਚ ਪਸ਼ੂਆਂ ਦੀ ਚਰਬੀ ਮਿਲਾਣੀ ਹੁੰਦੀ ਹੈ।

ਯੂਰਪ ਦੇ ਅੰਗਰੇਜ਼ੀ ਬੋਲੀ ਵਾਲੇ ਦੇਸਾਂ ਵਿਚ ਅਤੇ ਯੂ. ਐਸ. ਏ. ਵਿਚ ਘੋੜਿਆਂ ਦੇ ਮਾਸ ਖਾਣ ਦੀ ਮਨਾਹੀ ਹੈ, ਪਰ ਕਜਾਕਸਤਾਨ, ਜਪਾਨ, ਇਟਲੀ ਅਤੇ ਫਰਾਂਸ ਵਿਚ ਘੋੜਿਆਂ ਦਾ ਮਾਸ ਖਾਧਾ ਜਾਂਦਾ ਹੈ। ਕਈ ਦੇਸਾਂ ਵਿਚ ਕਛੂਪਾਤੀ ਤੇ ਪਰਵਾਸ ਕਰਨ ਵਾਲੇ ਪੰਛੀਆਂ ਨੂੰ ਇਸ ਲਈ ਨਹੀਂ ਮਾਰਿਆ ਜਾਂਦਾ ਹੈ ਕਿਤੇ ਉਹਨਾਂ ਦੀ ਨਸਲ ਹੀ ਖਤਮ ਨਾ ਹੋ ਜਾਵੇ। ਇਸ ਤਰ੍ਹਾਂ ਹੀ ਵੱਡੀਆਂ ਵਿਸ਼ੇਸ਼ ਮੱਛੀਆਂ ਜਿਵੇਂ ਵੇਲਜ਼ ਨੂੰ ਮਾਰਨ ਦੀ ਆਗਿਆ ਨਹੀਂ, ਪਰ ਨਾਰਥ ਅਮਰੀਕਾ ਦੇ ਐਬੋਰੀਜ਼ਨਲ ਲੋਕ ਵੇਲਜ਼ ਨੂੰ ਮਾਰ ਕੇ ਮਾਸ ਖਾਂਦੇ ਹਨ।

ਪਾਪੂਆ ਨਿਊ ਗਿਨੀ ਦੇ ਐਬੋਰੀਜ਼ਨਲ ਲੋਕਾਂ ਦੇ ਵੀ ਖਾਣ ਸੰਬੰਧੀ ਵਹਿਮ ਹਨ। ਉਹਨਾਂ ਅਨੁਸਾਰ ਇਸਤਰੀਆਂ ਲਈ ਤਾਜ਼ਾ ਮਾਸ ਖਾਣ ਦੀ ਮਨਾਹੀ ਹੈ। ਉਹਨਾਂ ਨੂੰ ਕੇਲਾ ਤੇ ਲਾਲ ਰੰਗ ਦੇ ਫਲ ਨਹੀਂ ਖਾਣ ਦਿੱਤੇ ਜਾਂਦੇ। ਜੇ ਇਸਤਰੀ ਮਾਹਵਾਰੀ ਦੌਰਾਨ ਕੇਲੇ ਆਦਿ ਖਾਵੇਗੀ ਤਾਂ ਉਹ ਮੰਨਦੇ ਹਨ ਕਿ ਆਉਂਦੇ ਸਮੇਂ ਇਹਨਾਂ ਨੂੰ ਫਲ ਨਹੀਂ ਲਗੇਗਾ। ਮਾਂਹਵਾਰੀ ਦੌਰਾਨ ਇਸਤਰੀ ਨੂੰ ਪਰਿਵਾਰ ਤੋਂ ਦੂਰ ਰਹਿਣਾ ਚਾਹੀਦਾ ਹੈ। ਜੇਕਰ ਉਹ ਭੋਜਨ ਤਿਆਰ ਕਰਦੀ ਹੈ ਤਾਂ ਉਹ ਭੋਜਨ ਉਪਰ ਦੀ ਲੰਘਦੀ ਹੈ, ਜੋ ਵੀ ਉਸ ਖੁਰਾਕ ਨੂੰ ਖਾਵੇਗਾ ਤੇ ਪੱਕਾ ਉਸ ਦਾ ਪਤੀ ਤਾਂ ਬੀਮਾਰ ਹੋ ਜਾਵੇਗਾ। ਜੇ ਇਸਤਰੀ ਗਰਭਵਤੀ ਹੈ ਤਾਂ ਉਸ ਨੂੰ ਅੰਡੇ ਖਾਣ ਦੀ ਮਨਾਹੀ ਹੈ।

ਸੰਸਾਰ ਨੇ ਅਨੇਕਾਂ ਸਭਿਆਚਾਰਾਂ ਅੰਦਰ ਬਹੁਤ ਭਾਂਤੀ ਵਹਿਮ ਤੇ ਭਰਮ ਹਨ ਜੋ ਖਾਣ-ਪੀਣ ਦੇ ਸੰਬੰਧ ਵਿਚ ਹਨ। ਇਹ ਸਿਰਫ ਸੰਖੇਪ ਤੌਰ ਤੇ ਲਿਖਿਆ ਹੈ ਕਿ ਵਹਿਮ ਤੇ ਭਰਮ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਨਹੀਂ ਮੰਨੇ ਜਾ ਸਕਦੇ ਹਨ, ਪਰ ਲੋਕ ਮਨਾਂ ਨੂੰ ਜਿਤਣਾ ਸੌਖਾ ਨਹੀਂ।

▲ ▲ ▲

# ਭਾਰਤੀ ਸੂਬਿਆਂ 'ਚ ਖਾਣ ਪੀਣ ਬਾਰੇ ਰਵਾਇਤਾਂ

ਭਾਰਤ ਅੰਦਰ ਜਿੱਥੇ ਅਨੇਕਾਂ ਧਰਮ, ਸਭਿਆਚਾਰ ਤੇ ਬੋਲੀਆਂ ਹਨ, ਉੱਥੇ ਲੋਕਾਂ ਅੰਦਰ ਖਾਣ-ਪੀਣ ਦੀਆਂ ਰਵਾਇਤਾਂ ਵਿਚ ਭਿੰਨਤਾ ਵੀ ਹੈ। ਖਾਣ-ਪੀਣ ਸੰਬੰਧੀ ਵਹਿਮ ਤੇ ਭਰਮ ਵੀ ਮੌਜੂਦ ਹਨ। ਆਮ ਲੋਕਾਂ ਦੀ ਇਹ ਧਾਰਨਾ ਬਣੀ ਹੋਈ ਹੈ ਕਿ ਭਾਰਤ ਦੇ ਜ਼ਿਆਦਾਤਰ ਲੋਕ ਸ਼ਾਕਾਹਾਰੀ ਹਨ। ਭਾਰਤ ਅੰਦਰ ਦੋ ਧਰਮਾਂ ਅੰਦਰ ਅਹਿੰਸਾ ਦੇ ਸਿਧਾਂਤ ਨੂੰ ਅਹਿਮ ਮੰਨਿਆ ਜਾਂਦਾ ਹੈ, ਜਿਵੇਂ ਬੁੱਧ ਧਰਮ ਅਤੇ ਜੈਨ ਧਰਮ। ਇਹਨਾਂ ਦੋ ਧਰਮਾਂ ਦੇ ਪੈਰੋਕਾਰਾਂ ਵਿਚ ਅਹਾਰ ਸਬੰਧੀ ਵੱਖ-ਵੱਖ ਨਿਯਮ ਹਨ। ਬੁੱਧ ਧਰਮ ਦੇ ਲੋਕਾਂ ਦੇ ਅਹਾਰ ਸੰਬੰਧੀ ਕੋਈ ਠੋਸ ਨਿਯਮ ਨਹੀਂ, ਭਾਵੇਂ ਉਹ ਖੁਦ ਜੀਵ ਹੱਤਿਆ ਕਰਕੇ ਮਾਸ ਤਿਆਰ ਨਹੀਂ ਕਰਦੇ, ਪਰ ਜੇਕਰ ਭਿਖਸ਼ੂਆਂ ਨੂੰ ਉਹਨਾਂ ਦੇ ਕਟੋਰੇ (ਚਿੱਪੀ) ਵਿਚ ਮਾਸ ਅਹਾਰ ਪਾ ਦੇਵੇ ਤਾਂ ਉਹ ਖਾਹ ਲੈਂਦੇ ਹਨ। ਇਸ ਲਈ ਅਸੀਂ ਆਖ ਸਕਦੇ ਹਾਂ ਕਿ ਬੋਧੀ ਲੋਕ ਸ਼ਾਕਾਹਾਰੀ ਨਹੀਂ ਹਨ। ਬੁੱਧ ਧਰਮ ਦੇ 'ਮਹਾਯਾਨਾ' ਸੰਪਰਦਾ ਦੇ ਲੋਕ ਮਾਸ, ਮੱਛੀ ਤੇ ਅੰਡੇ ਖਾਂਦੇ ਹਨ। ਬੁੱਧ ਧਰਮ ਦੇ ਪੈਰੋਕਾਰ ਜੋ ਚੀਨ ਜਾਂ ਵੀਤਨਾਮ ਵਿਚ ਰਹਿੰਦੇ ਹਨ, ਉਹ ਪੰਜ ਵਸਤੂਆਂ ਦਾ ਸੇਵਨ ਨਹੀਂ ਕਰਦੇ। ਜਿਵੇਂ ਤਿੱਖੇ ਮਸਾਲੇ, ਲਸਣ ਅਤੇ ਪਿਆਜ਼। ਉਹਨਾਂ ਦਾ ਵਹਿਮ ਹੈ ਕਿ ਇਹਨਾਂ ਦੀ ਵਰਤੋਂ ਨਾਲ ਕਾਮੁਕ ਰੁਚੀਆਂ ਭਾਰੂ ਹੋ ਜਾਂਦੀਆਂ ਹਨ।

ਜੈਨ ਧਰਮ ਦੇ ਪੈਰੋਕਾਰ ਪੂਰੀ ਤਰ੍ਹਾਂ ਸ਼ਾਕਾਹਾਰੀ ਹਨ, ਉਹ ਕਿਸੇ ਪ੍ਰਕਾਰ ਦੇ ਜਾਨਵਰ ਦਾ ਮਾਸ ਨਹੀਂ ਖਾਂਦੇ। ਉਹ ਧਰਤੀ ਵਿਚ ਉਗਾਈਆਂ ਜਾਂਦੀਆਂ ਸਬਜ਼ੀਆਂ ਜਿਵੇਂ ਆਲੂ, ਲਸਣ, ਗਾਜਰਾਂ ਅਤੇ ਮੂਲੀਆਂ ਆਦਿ ਦੀ ਵਰਤੋਂ ਵੀ ਨਹੀਂ ਕਰਦੇ। ਜੈਨ ਧਰਮ ਦੀ ਇਕ ਪੁਸਤਕ ਅੰਦਰ ਲਿਖਿਆ ਹੋਇਆ ਹੈ ਕਿ ਹਰ ਗ੍ਰਹਿਸਥੀ ਵਿਅਕਤੀ ਇਹਨਾਂ ਚਾਰ ਚੀਜ਼ਾਂ ਤੋਂ ਦੂਰ ਰਹੇ ਸ਼ਰਾਬ, ਮਾਸ, ਘਿਓ ਅਤੇ ਸ਼ਹਿਦ।

ਜਿਵੇਂ ਪਹਿਲਾਂ ਉਲੇਖ ਕਰ ਚੁੱਕੇ ਹਾਂ ਕਿ ਬਹੁਤੇ ਵਿਦੇਸ਼ੀ ਲੋਕਾਂ ਵਿਚ ਧਾਰਨਾ ਬਣ ਚੁੱਕੀ ਹੈ ਕਿ ਭਾਰਤ ਦੇ ਜ਼ਿਆਦਾ ਲੋਕ ਸ਼ਾਕਾਹਾਰੀ ਹਨ। ਇਸ ਵਿਚ ਰੱਤੀ ਵੀ ਸੱਚਾਈ ਨਹੀਂ ਹੈ। ਭਾਰਤ ਅੰਦਰ ਜੈਨ ਧਰਮ ਦੇ ਲੋਕ ਹੀ ਪੂਰਨ ਰੂਪ ਵਿਚ

ਸ਼ਾਕਾਹਾਰੀ ਹਨ। ਜੇਕਰ ਮੁਲਾਂਕਣ ਕਰੀਏ ਤਾਂ ਅਸੀਂ ਆਖ ਸਕਦੇ ਹਾਂ ਕਿ ਭਾਰਤ ਦੇ 20 ਕੁ ਫੀਸਦੀ ਲੋਕ ਸ਼ਾਕਾਹਾਰੀ ਹਨ। ਜੋ ਲੋਕ ਮਾਸਾਹਾਰੀ ਹਨ, ਉਹਨਾਂ ਦੀ ਬਹੁ-ਗਿਣਤੀ ਗਊ ਮਾਸ ਨਹੀਂ ਖਾਂਦੇ। ਕੇਰਲਾ ਤੇ ਮੇਘਾਲਿਆ ਸੂਬਿਆਂ ਵਿਚ ਗਊ ਮਾਸ ਖਾਧਾ ਜਾਂਦਾ ਹੈ। ਭਾਰਤ ਵਿਚ ਰਹਿ ਰਹੇ ਇਸਾਈ ਤੇ ਮੁਸਲਮਾਨ ਗਊ ਮਾਸ ਖਾਂਦੇ ਹਨ। ਇਕ ਵਿਸ਼ੇਸ਼ ਤੌਰ ’ਤੇ ਦੱਸਣਾ ਚਾਹੁੰਦਾ ਹਾਂ ਕਿ ਧਰਮ ਦੇ ਅਧਾਰ ਉੱਤੇ ਬਹੁਤ ਸੂਬਿਆਂ ਵਿਚ ਗਊ ਮਾਰਨ ਨੂੰ ਅਪਰਾਧ ਮੰਨਿਆ ਜਾਂਦਾ ਹੈ। ਗਊ ਮਾਸ ਖਾਣ ਵਾਲਿਆਂ ਨੂੰ ਗਊ ਮਾਸ ਮੁਸ਼ਕਲ ਨਾਲ ਹੀ ਪ੍ਰਾਪਤ ਹੁੰਦਾ ਹੈ।

ਜਿਵੇਂ ਪਹਿਲਾਂ ਬੁੱਧ ਧਰਮ ਦੇ ਵਲੋਂ ਇਕ ਵਹਿਮ ਤੇ ਭਰਮ ਵੀ ਹੈ ਕਿ ਉਹਨਾਂ ਅਨੁਸਾਰ ਤਿੱਖੇ ਮਸਾਲੇ, ਲਸਣ ਤੇ ਪਿਆਜ਼ ਦੇ ਪ੍ਰਯੋਗ ਨਾਲ ਕਾਮੁਕ ਬਿਰਤੀਆਂ ਹਾਵੀ ਹੋ ਜਾਦੀਆਂ ਹਨ। ਐਨ ਉਸੇ ਤਰ੍ਹਾਂ ਦਾ ਹੀ ਇਕ ਵਹਿਮ ਹਿਮਾਚਲ ਪ੍ਰਦੇਸ਼ ਵਿਚ ਸਥਾਪਤ ਇਕ ਅਦਾਰੇ ਵਲੋਂ ਮੰਨਿਆ ਜਾ ਰਿਹਾ ਹੈ। ਉੱਥੇ 1992-95 ਤੱਕ ਕੰਮ ਕਰ ਰਹੀਆਂ ਨੌਜਵਾਨ ਬੀਬੀਆਂ ਨੂੰ ਦੁੱਧ ਤੇ ਦਹੀਂ ਦੇ ਵਰਤੋਂ ਦੀ ਮਨਾਹੀ ਸੀ। ਉਹ ਸੋਚਦੇ ਹਨ ਕਿ ਦੁੱਧ ਤੇ ਦਹੀਂ ਦੇ ਸੇਵਨ ਨਾਲ ਕਾਮੁਕ ਰੁਚੀਆਂ ਪ੍ਰਬਲ ਹੋਣਗੀਆਂ। ਹਾਲਾਂ ਕਿ ਅਦਾਰੇ ਦੇ ਸੰਚਾਲਕ ਵਿਗਿਆਨੀ ਸਨ।

ਭਾਰਤ ਦੇ ਲੋਕਾਂ ਅੰਦਰ ਇਕ ਹੋਰ ਸੋਚ ਭਾਰੂ ਹੈ। ਸ਼ਾਇਦ ਇਹੀ ਸੋਚ ਅਯੂਰਵੈਦਿਕ ਵਾਲਿਆਂ ਦੀ ਹੈ ਕਿ ਰਾਤ ਦੇ ਸਮੇਂ ਦਹੀਂ ਖਾਣ ਨੂੰ ਚੰਗਾ ਨਹੀਂ ਮੰਨਿਆ ਜਾਂਦਾ। ਇਕ ਹੋਰ ਪ੍ਰਚਲਤ ਵਹਿਮ ਹੈ। ਇਹ ਵੀ ਆਯੂਰਵੈਦਿਕ ਦੇ ਨਿਯਮ ਹੋ ਸਕਦਾ ਹੈ ਕਿ ਮੱਛੀ ਖਾਣ ਤੋਂ ਬਾਅਦ ਦੁੱਧ ਦਾ ਸੇਵਨ ਕਰਨ ਨੂੰ ਠੀਕ ਨਹੀਂ ਮੰਨਿਆ ਜਾਂਦਾ। ਵਿਗਿਆਨਕ ਦ੍ਰਿਸ਼ਟੀ ਤੋਂ ਕੋਈ ਅਜਿਹੀ ਗੱਲ ਨਹੀਂ ਹੈ ਕਿ ਦੁੱਧ ਤੇ ਮੱਛੀ ਦੇ ਸੁਮੇਲ ਨਾਲ ਸਰੀਰ ਵਿਚ ਵਿਗਾੜ ਪੈ ਜਾਂਦਾ ਹੈ। ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਮੱਛੀ ਖਾਣ ਤੋਂ ਪਿੱਛੋਂ ਜੇ ਦੁੱਧ ਪੀਤਾ ਜਾਵੇ ਤਾਂ ਫੁੱਲਬਹਿਰੀ ਹੋ ਸਕਦੀ ਹੈ।

ਭਾਰਤ ਦੇ ਲੋਕਾਂ ਅੰਦਰ ਤਿਉਹਾਰਾਂ ਸਮੇਂ ਇਕ ਦੂਜੇ ਨੂੰ ਮਠਿਆਈਆਂ ਦੇਣ ਦੀ ਰਵਾਇਤ ਹੈ। ਪਹਿਲਾਂ ਪਹਿਲਾਂ ਮਠਿਆਈਆਂ ਖਾਣ ਦਾ ਸਭਿਆਚਾਰ ਇਤਨਾ ਹਾਵੀ ਨਹੀਂ ਸੀ, ਜਿਤਨਾ ਹੁਣ ਬਣ ਚੁੱਕਾ ਹੈ। ਹਰ ਸਾਲ ਸੁਣਦੇ ਹਾਂ ਕਿ ਭਾਰਤ ਅੰਦਰ, ਅਨੇਕਾਂ ਥਾਵਾਂ ਤੇ ਮਠਿਆਈਆਂ ਬਨਾਉਣ ਵਾਲੇ ਨਕਲੀ ਖੋਆ ਜਾਂ ਮਠਿਆਈਆਂ ਬਣਾਉਂਦੇ ਰੰਗੇ ਹੱਥੀਂ ਫੜੇ ਜਾਂਦੇ ਹਨ ਅਤੇ ਤਕਰੀਬਨ 80 ਫੀਸਦੀ ਨਕਲੀ ਮਠਿਆਈ ਬਣਾ ਕੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਹੁੰਦਾ ਹੈ। ਪਰ

ਇਹ ਗਲਤ ਕੰਮ ਰੁਕ ਨਹੀਂ ਸਕਦਾ, ਕਿਉਂਕਿ ਸਾਰੇ ਪਾਸੇ ਰਾਜਸੀ ਲੋਕ ਬੇਈਮਾਨ ਹਨ। ਰਿਸ਼ਵਤ ਸਭਿਆਚਾਰ ਭਾਰੂ ਹੈ, ਜਿਸ ਨਾਲ ਦੋਸ਼ੀ, ਅਪਰਾਧ ਕਰਨ ਤੋਂ ਸੰਕੋਚ ਨਹੀਂ ਕਰਦੇ। ਭਾਰਤ ਦੇ ਅੰਦਰ ਤਲੀਆਂ ਹੋਈਆਂ ਚੀਜ਼ਾਂ ਖਾਣ ਦਾ ਸਭਿਆਚਾਰ ਹੈ। ਜਿਵੇਂ ਸਮੋਸੇ ਤੇ ਪਕੌੜੇ ਆਦਿ। ਦੂਸਰਾ ਭਾਰਤੀਆਂ ਦੇ ਬਟਰ ਚਿਕਨ ਨੇ ਵੀ ਵਿਦੇਸ਼ਾਂ ਵਿਚ ਥਾਂ ਬਣਾ ਲਈ ਹੈ। ਦੁਨੀਆਂ ਦੇ ਹਰ ਹਿੱਸੇ ਵਿਚ ਪਕੌੜੇ ਤੇ ਸਮੋਸੇ ਉਪਲਬੱਧ ਹਨ।

ਭਾਰਤ ਅੰਦਰ ਉਤਰੀ ਭਾਰਤ ਅਤੇ ਦੱਖਣੀ ਭਾਰਤ ਦੇ ਲੋਕਾਂ ਦੇ ਅਹਾਰ ਵਿਚ ਕਾਫੀ ਅੰਤਰ ਹੈ। ਦੱਖਣ ਦੇ ਲੋਕ ਜ਼ਿਆਦਾਤਰ ਆਪਣੇ ਰਵਾਇਤੀ ਸੁਭਾਅ ਅਨੁਸਾਰ ਭੋਜਣ ਨੂੰ ਹੱਥਾਂ ਨਾਲ ਖਾਂਦੇ ਹਨ। ਉਤਰੀ ਭਾਰਤ ਵਿਚ ਪਹਿਲਾਂ ਲੋਕ ਹੱਥਾਂ ਨਾਲ ਖਾਹ ਲੈਂਦੇ ਸਨ, ਪਰ ਉਹਨਾਂ ਵਿਚ ਵਿਦੇਸ਼ੀ ਪ੍ਰਭਾਵ ਜ਼ਿਆਦਾ ਪੈਣ ਕਾਰਨ, ਖਾਣਾ ਕੁਰਸੀਆਂ ਤੇ ਮੇਜ਼ਾਂ ਤੇ ਖਾਧਾ ਜਾਂਦਾ ਹੈ ਤੇ ਚਮਚਿਆਂ ਦੀ ਵਰਤੋਂ ਹੁੰਦੀ ਹੈ। ਪੰਜਾਬ ਦੇ ਲੋਕਾਂ ਦਾ ਰਸੋਈ ਵਿਚ ਬੈਠ ਕੇ ਜਾਂ ਮੰਜਿਆਂ ਉੱਤੇ ਥਾਲੀਆਂ ਵਿਚ ਕੌਲੀਆਂ ਰੱਖ ਕੇ ਬੈਠ ਕੇ ਖਾਣ ਦਾ ਸਭਿਆਚਾਰ ਅਲੋਪ ਹੋ ਰਿਹਾ ਹੈ। ਭਾਰਤ ਦੇ ਹਿੰਦੂ ਲੋਕਾਂ ਅੰਦਰ ਇਕ ਵਹਿਮ ਹੈ ਕਿ ਉਹ ਮੰਗਲਵਾਰ ਵਾਲੇ ਦਿਨ ਮਾਸ ਨਹੀਂ ਖਾਂਦੇ। ਜੇਕਰ ਸੂਰਜ ਗ੍ਰਹਿਣ ਜਾਂ ਚੰਦ ਗ੍ਰਹਿਣ ਲੱਗਾ ਹੋਵੇ ਤਾਂ ਭੋਜਣ ਬਨਾਉਣ ਲਈ ਅੱਗ ਬਾਲਣੀ ਠੀਕ ਨਹੀਂ ਮੰਨਿਆ ਜਾਂਦਾ ਹੈ।

ਭਾਰਤ ਦੇ ਕਾਫੀ ਹਿੰਦੂ ਪਰਿਵਾਰਾਂ ਵਿਚ ਮਾਂਹਵਾਰੀ ਦੌਰਾਨ ਇਸਤਰੀਆਂ ਨੂੰ ਰਸੋਈ ਵਿਚ ਪਰਵੇਸ਼ ਕਰਨ ਦੀ ਮਨਾਹੀ ਹੁੰਦੀ ਹੈ। ਕਈ ਮੰਦਰਾਂ ਵਿਚ ਲਿਖ ਕੇ ਲਗਾਇਆ ਹੋਇਆ ਹੈ ਕਿ ਮਾਂਹਵਾਰੀ ਵਾਲੀ ਇਸਤਰੀ ਨੂੰ ਮੰਦਰ ਵਿਚ ਪੂਜਾ ਕਰਨ ਦੀ ਮਨਾਹੀ ਹੈ। ਗੁਜਰਾਤ ਦੇ ਇਕ ਪੁਜਾਰੀ ਸਵਾਮੀ ਕ੍ਰਿਸ਼ਨਾਸਵਾਰੂਪ ਦਾਸ ਜੀ, ਜੋ ਕਿ ਸਵਾਮੀ ਨਰਾਇਣ ਮੰਦਰ ਦੇ ਸੰਚਾਲਕ ਹਨ ਅਤੇ ਇਕ ਕਾਲਜ ਵੀ ਚਲਾਉਂਦੇ ਹਨ। ਇਹਨਾਂ ਦੇ ਕਾਲਜ ਦੇ ਸਟਾਫ ਵਲੋਂ ਇਕੇਰਾਂ 60 ਕੁੜੀਆਂ ਨੂੰ ਨਗਨ ਹੋ ਕੇ ਚੈਕ ਕਰਾਉਣਾ ਪਿਆ ਕਿ ਕਿਤੇ ਉਹ ਮਾਂਹਵਾਰੀ ਦੌਰ ਵਿਚ ਤਾਂ ਨਹੀਂ। ਸਵਾਮੀ ਜੀ ਅਨੁਸਾਰ ਜਿਹੜੀ ਇਸਤਰੀ ਮਾਹਵਾਰੀ ਦੌਰਾਨ ਆਪਣੇ ਪਤੀ ਲਈ ਭੋਜਨ ਤਿਆਰ ਕਰਦੀਆਂ ਹਨ, ਉਹ ਅਗਲੇ ਜਨਮ ਵਿਚ ਕੁੱਤੇ ਦੀ ਜੂਨ ਵਿਚ ਪੈਣਗੀਆਂ ਅਤੇ ਜਿਹੜੇ ਪਤੀ ਭੋਜਨ ਛੱਕਣਗੇ, ਉਹ ਬਲਦ ਦੀ ਜੂਨ ਵਿਚ ਪੈਣਗੇ।

▲ ▲ ▲

# ਸਿੱਖ ਧਰਮ 'ਚ ਮਾਸ ਖਾਣ ਦੀ ਪਰੰਪਰਾ

ਅਜੋਕੇ ਸਮੇਂ ਇਹ ਬਹੁਤ ਚਰਚਿਤ ਹੈ ਕਿ ਕੀ ਸਿੱਖ ਧਰਮ ਅੰਦਰ ਮਾਸ ਖਾਣ ਦੀ ਖੁੱਲ੍ਹ ਹੈ ਜਾਂ ਨਹੀਂ? ਮੁਢ ਤੋਂ ਹੀ ਸਿੱਖਾਂ ਅੰਦਰ ਅਸਥਾਨ ਅਤੇ ਸਮੇਂ ਨਾਲ ਪਰੰਪਰਾਵਾਂ ਵਿਚ ਤਬਦੀਲੀਆਂ ਦੇਖੀਆਂ ਜਾਂਦੀਆਂ ਹਨ। ਵੀਹਵੀਂ ਸਦੀ ਦੇ ਮੁਢ ਤੋਂ ਸਿੱਖਾਂ ਨੇ ਵਿਦੇਸ਼ਾਂ ਨੂੰ ਜਾਣਾ ਸ਼ੁਰੂ ਕੀਤਾ, ਜਿੱਥੇ ਉਹਨਾਂ ਨੇ ਆਪਣੇ ਰਵਾਇਤੀ ਖਾਣ-ਪੀਣ ਦੇ ਢੰਗ ਤਰੀਕੇ ਕਾਇਮ ਰੱਖੇ ਅਤੇ ਮਾਸ ਅਹਾਰ ਵਿਚ ਉਹ ਚੋਣਵੇਂ ਮਾਸ ਦਾ ਹੀ ਅਹਾਰ ਕਰਦੇ ਸਨ, ਜਿਸ ਵਿਚ ਮੁਰਗਾ, ਬੱਕਰਾ, ਹਿਰਨ ਜਾਂ ਭੇਡ ਦੇ ਮਾਸ ਤੋਂ ਇਲਾਵਾ ਮੱਛੀ ਵੀ ਖਾਂਦੇ ਸਨ। ਮਲੇਸ਼ੀਆ, ਇੰਡੋਨੇਸ਼ੀਆ, ਬਰਮਾ, ਫ਼ਿਲਾਪੀਨ ਆਦਿ ਦੇਸਾਂ ਵਿਚ ਮੱਛੀ ਨੂੰ ਅਹਾਰ ਦਾ ਅਤੁੱਟ ਹਿੱਸਾ ਮੰਨਿਆ ਜਾਂਦਾ ਹੈ। ਸਿੱਖਾਂ ਨੇ ਕਦੀ ਵੀ ਮੱਛੀ ਦੇ ਮਾਸ ਤੋਂ ਮੂੰਹ ਨਹੀਂ ਮੋੜਿਆ। ਸਿੱਖ ਬੋਲਿਆਂ ਵਿਚ ਮੱਛੀ ਨੂੰ ਜਲ ਤੋਰੀ ਦਾ ਨਾਮ ਦਿੱਤਾ ਗਿਆ ਹੈ ਅਤੇ ਮਾਸ ਅਹਾਰ ਨੂੰ ਮਹਾਂ ਪ੍ਰਸ਼ਾਦ ਆਖਿਆ ਜਾਂਦਾ ਹੈ।

ਬਰਤਾਨਵੀ ਸਰਕਾਰ ਨੇ ਸਿੱਖ ਫੌਜਾਂ ਖੜੀਆਂ ਕੀਤੀਆਂ, ਜਿਹਨਾਂ ਵਿਚ ਨਿਰੋਲ ਸਿੱਖਾਂ ਨੂੰ ਭਰਤੀ ਕੀਤਾ ਜਾਂਦਾ ਸੀ ਅਤੇ ਇਹਨਾਂ ਫੌਜਾਂ ਨੂੰ ਸਿੱਖ ਰੈਜ਼ਮੈਂਟਸ ਕਿਹਾ ਜਾਂਦਾ ਸੀ। ਅੰਦਾਜ਼ਾ ਹੈ ਕਿ ਸਿੱਖ ਰੈਜ਼ਮੈਂਟਸ ਦਾ ਮੁੱਢ 1890 ਦੇ ਆਸ ਪਾਸ ਹੋਇਆ। ਇਹਨਾਂ ਫੌਜਾਂ ਦੇ ਅੰਦਰ ਮਾਸ ਹਮੇਸ਼ਾ ਬਣਦਾ ਹੈ। ਇਕ ਗੱਲ ਦਾ ਵਿਸ਼ੇਸ਼ ਤੌਰ 'ਤੇ ਖ਼ਿਆਲ ਰੱਖਿਆ ਜਾਂਦਾ ਹੈ ਕਿ ਸਿੱਖਾਂ ਲਈ ਝਟਕਾ ਮਾਸ ਹੀ ਤਿਆਰ ਕੀਤਾ ਜਾਵੇ।

ਇਕ ਇਤਿਹਾਸਕ ਤੱਥ ਹੈ ਕਿ ਵੈਨਕੂਵਰ ਤੋਂ ਕਾਮਾਗਾਟਾ ਮਾਰੂ ਜਹਾਜ਼ ਨੂੰ ਵਾਪਸ ਮੋੜਿਆ ਗਿਆ। 22 ਜੁਲਾਈ 1914 ਨੂੰ ਸ਼ਾਮ ਦੇ ਸਤ ਵਜੇ ਖਾਣ-ਪੀਣ ਦਾ ਸਮਾਨ ਲੱਦਿਆ ਗਿਆ। ਇਸ ਖਾਣ-ਪੀਣ ਦੇ ਸਮਾਨ ਵਿਚ ਮਾਸ ਅਹਾਰ ਲਈ ਜੀਵਤ ਭੇਡਾਂ ਵੀ ਸਨ। ਹਾਲਾਂ ਕਿ ਜਹਾਜ਼ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਵੀ ਕੀਤਾ ਹੋਇਆ ਸੀ। ਇਸ ਗੱਲ ਤੋਂ ਸਪੱਸ਼ਟ ਹੁੰਦਾ ਹੈ ਕਿ ਸਿੱਖ ਮੁੱਢ ਤੋਂ ਹੀ ਮਾਸਾਹਾਰੀ ਹਨ। ਮੌਜੂਦਾ ਸਮੇਂ ਮਾਸ ਅਹਾਰ ਦਾ ਵਿਰੋਧ ਡੇਰੇਦਾਰਾਂ

ਜਾਂ ਕੁਝ ਸਥਾਪਤ ਨਾਮੀ ਵਿਅਕਤੀਆਂ ਵਲੋਂ ਸ਼ੁਰੂ ਕੀਤਾ ਗਿਆ। ਇਹ ਮਾਸ ਨਾ ਖਾਣ ਦਾ ਪ੍ਰਚਾਰ ਬਾਬਿਆਂ ਵਲੋਂ ਹੀ ਕੀਤਾ ਜਾਂਦਾ ਹੈ। ਇਹਨਾਂ ਡੇਰੇਦਾਰਾਂ ਦੀ ਉਪਜ ਕੋਈ ਜ਼ਿਆਦਾ ਪੁਰਾਣੀ ਨਹੀਂ, ਇਹ ਪਹਿਲਾਂ ਬਰਤਾਨਵੀ ਸਰਕਾਰ ਦੀ ਸਾਜਿਸ਼ ਸੀ ਤਾਂ ਜੋ ਸਿੱਖ ਨਿਰ-ਅਕਾਰ ਦੀ ਪੂਜਾ ਤੋਂ ਲਾਂਭੇ ਹੋ ਕੇ ਸਖਸ਼ੀ ਪੂਜਾ ਕਰਨੀ ਸ਼ੁਰੂ ਕਰਨਗੇ ਅਤੇ ਸਿੱਖ ਕੌਮ ਅੰਦਰ ਏਕਤਾ ਸੰਭਵ ਨਾ ਹੋ ਸਕੇ।

ਜੋ ਸਿੱਖ ਵਿਦੇਸ਼ਾਂ ਵਿਚ ਵਸ ਗਏ, ਉਹਨਾਂ ਵਿਚ ਜ਼ਿਆਦਾ ਮਾਸ ਅਹਾਰ ਕਰਦੇ ਸਨ, ਪਰ ਉਹਨਾਂ ਅੰਦਰ ਇਕ ਵਹਿਮ ਸੀ ਕਿ ਉਹ ਗਊ ਮਾਸ ਦਾ ਸੇਵਨ ਨਹੀਂ ਕਰਦੇ ਸਨ। ਉਹਨਾਂ ਅੰਦਰ ਇਹ ਵਹਿਮ ਸਨਾਤਨ ਧਰਮ ਵਲੋਂ ਗਊ ਦੀ ਪਵਿੱਤਰਤਾ ਨੂੰ ਵਧੇਰੇ ਪ੍ਰਚਾਰਨ ਕਾਰਨ ਹੋਇਆ। ਹੁਣ ਵਿਦੇਸ਼ਾਂ ਵਿਚ ਥੋੜ੍ਹੇ ਸਮੇਂ ਤੋਂ ਕੁਝ ਨੌਜਵਾਨਾਂ ਦੀ ਸੋਚ ਦਾ ਆਧਾਰ ਵੀ ਡੇਰੇਦਾਰ ਬਾਬੇ ਹਨ, ਜੋ ਮਾਸ ਖਾਣ ਨੂੰ ਕੁਰਹਿਤ ਮੰਨਦੇ ਹਨ, ਇਸ ਦੇ ਨਾਲ ਹੀ ਉਹ ਸੁੱਚ-ਭਿੱਟ ਨੂੰ ਵੀ ਮੰਨਣ ਲੱਗ ਪਏ ਹਨ, ਜੋ ਕਿ ਗੁਰਮਤਿ ਦੇ ਉਲਟ ਹੈ। ਇਹਨਾਂ ਨੌਜਵਾਨਾਂ ਦੀ ਬਾਹਰੀ ਦਿਖ ਤਾਂ ਪੁਰਾਤਨ ਗੁਰਸਿੱਖਾਂ ਵਾਲੀ ਜਾਪਦੀ ਹੈ, ਪਰ ਗੁਰਮਤਿ ਸਿਧਾਂਤਾਂ ਦੀ ਜਾਣਕਾਰੀ ਤੋਂ ਸੱਖਣੇ ਹਨ। ਕੋਈ ਸ਼ੱਕ ਨਹੀਂ ਕਿ ਸਿੱਖੀ ਸਰੂਪ ਅਤੇ ਬਾਣੇ ਦੀ ਮਹੱਤਤਾ ਹੈ ਪਰ ਗੁਰਮਤਿ ਨੂੰ ਮਨਫ਼ੀ ਕਰਕੇ ਬਾਹਰੀ ਦਿੱਖ ਤੱਕ ਸੀਮਤ ਰਹਿਣਾ ਠੀਕ ਨਹੀਂ। ਜਿਵੇਂ 2016 ਵਿਚ ਕੈਨੇਡਾ ਦੀ ਪਾਰਲੀਮੈਂਟ ਵਿਚ ਵੈਸਾਖੀ ਪੁਰਬ ਮਨਾਉਣ ਲਈ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ। ਜਦੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਲਿਆਂਦਾ ਜਾ ਰਿਹਾ ਸੀ ਤਾਂ ਅੱਗੇ ਅੱਗੇ ਤੁਪਕਾ ਤੁਪਕਾ ਪਾਣੀ ਛਿੜਕਿਆ ਜਾ ਰਿਹਾ ਸੀ ਅਤੇ ਇਹ ਕਰਮਕਾਂਡ ਦੇਖ ਕੇ ਬਹੁਤ ਦੁੱਖ ਹੋਇਆ। ਕਈ ਨੌਜਵਾਨ ਕਿਸੇ ਹੋਰ ਦੇ ਹੱਥੀਂ ਤਿਆਰ ਕੀਤਾ ਲੰਗਰ ਵੀ ਨਹੀਂ ਛੱਕਦੇ ਅਤੇ ਕਈ ਲੋਹ-ਬਰਤਨਾਂ ਦਾ ਹੀ ਪ੍ਰਯੋਗ ਕਰਦੇ ਹਨ। ਇਹੋ ਜਿਹੇ ਨੌਜਵਾਨ ਹਨ, ਜੋ ਮਾਸਾਹਾਰੀ ਲੋਕਾਂ ਨੂੰ ਚੰਗਾ ਨਹੀਂ ਸਮਝਦੇ, ਪਰ ਦੂਜੇ ਪਾਸੇ ਗੋਰੇ ਲੋਕਾਂ ਦੀ ਬਹੁ-ਗਿਣਤੀ ਹੈ, ਜੋ ਆਮ ਗਊ ਮਾਸ ਹੀ ਛੱਕਦੇ ਹਨ। ਫਿਰ ਇਹ ਨੌਜਵਾਨਾਂ ਉਹਨਾਂ ਨਾਲ ਕਿਵੇਂ ਵਿਹਾਰ ਕਰਦੇ ਹੋਣਗੇ। ਇਹ ਅਗਿਆਨਤਾ ਕਾਰਨ ਸਮਝਦੇ ਹਨ ਕਿ ਸਿੱਖਾਂ ਲਈ ਮਾਸ ਅਹਾਰ ਵਿਵਰਜਿਤ ਹੈ। ਇੰਝ ਜਾਪਦਾ ਹੈ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਅੰਦਰ ਮਾਸ ਸਬੰਧੀ ਵਿਚਾਰਧਾਰਾ ਨੂੰ ਸਮਝਿਆ ਹੀ ਨਹੀਂ, ਭਾਵ ਰਸਮੀ ਪਾਠਾਂ ਤੱਕ ਹੀ ਸੀਮਤ ਹਾਂ।

ਲੇਖਕ ਦਾ ਜਤਨ ਹੈ ਕਿ ਮਾਸ ਸਬੰਧੀ ਵਿਚਾਰਧਾਰਾ ਦੀ ਚਰਚਾ ਕੀਤੀ ਜਾਵੇ ਅਤੇ ਕੁਝ ਇਤਿਹਾਸਕ ਸਰੋਤਾਂ ਅੰਦਰ ਮਾਸ ਸਬੰਧੀ ਵਿਚਾਰਾਂ ਨੂੰ ਸਾਹਮਣੇ ਲਿਆਂਦਾ

ਜਾਵੇ। ਇਸ ਪੁਸਤਕ ਅੰਦਰ ਡਾਕਟਰ ਗੁਰਬਖ਼ਸ਼ ਸਿੰਘ (ਸੇਵਾ ਮੁਕਤ ਪ੍ਰੋਫੈਸਰ ਤੇ ਡੀਨ) ਜੀ ਵਲੋਂ ਅੰਗਰੇਜ਼ੀ ਵਿਚ ਲਿਖੇ ਲੇਖ "Meat eating and Sikh Rehat Marzada" ਨੂੰ ਪੰਜਾਬੀ ਵਿਚ ਉਲਥਾ ਕੇ ਦਿੱਤਾ ਗਿਆ ਹੈ, ਕਿਉਂਕਿ ਇਸ ਲੇਖ ਵਿਚ ਮਾਸ ਸਬੰਧੀ ਦਾਰਸ਼ਨਿਕ ਵਿਸ਼ਲੇਸ਼ਣ ਕੀਤਾ ਹੋਇਆ ਹੈ।

## ਗੁਰੂ ਗ੍ਰੰਥ ਸਾਹਿਬ ਅੰਦਰ ਮਾਸ ਸੰਬੰਧੀ ਵਿਚਾਰ

ਸਿੱਖ ਇਤਿਹਾਸ ਅੰਦਰ ਇਕ ਘਟਨਾ ਬਾਰੇ ਪ੍ਰਚਲਤ ਗਾਥਾ ਹੈ ਕਿ ਇਕੇਰਾਂ ਕੁਰਕਸ਼ੇਤਰ ਦੇ ਅਸਥਾਨ ਤੇ ਸੂਰਜ ਗ੍ਰਹਿਣ ਦੇ ਸਮੇਂ ਇਕ ਰਾਜਕੁਮਾਰ ਨੇ ਹਿਰਨ ਦਾ ਸ਼ਿਕਾਰ ਕਰਕੇ ਉਸ ਦਾ ਮਾਸ ਗੁਰੂ ਨਾਨਕ ਸਾਹਿਬ ਜੀ ਨੂੰ ਭੇਟ ਕੀਤਾ। ਕਿਆਸ ਅਰਾਈ ਹੈ ਕਿ ਉਹ ਰਾਜਕੁਮਾਰ ਸ਼ਰਧਾਲੂ ਵੀ ਹੋ ਸਕਦਾ ਹੈ ਜਾਂ ਗੁਰੂ ਜੀ ਦੇ ਵਿਸ਼ਵਾਸ ਬਾਰੇ ਜਾਣਕਾਰੀ ਲੈਣ ਦੇ ਸਬੰਧ ਵਿਚ ਇਮਤਿਹਾਨ ਲੈਂਦਾ ਹੋਵੇ, ਕਿਉਂਕਿ ਸਨਾਤਨ ਧਰਮ ਅੰਦਰ ਪ੍ਰਚਲਤ ਵਹਿਮ ਹੈ ਕਿ ਸੂਰਜ ਗ੍ਰਹਿਣ ਸਮੇਂ ਚੁੱਲ੍ਹੇ ਅੱਗ ਪਾਉਣੀ ਠੀਕ ਨਹੀਂ। ਗੁਰੂ ਸਾਹਿਬ ਜੀ ਨੇ ਉਸ ਮਾਸ ਨੂੰ ਚੁੱਲ੍ਹੇ ਉੱਪਰ ਰਿੱਝਣ ਲਈ ਰੱਖਿਆ ਤਾਂ ਬ੍ਰਾਹਮਣ ਪੁਜਾਰੀਆਂ ਨੂੰ ਪਤਾ ਲੱਗਾ, ਉਹ ਰੋਹ ਵਿਚ ਆ ਕੇ ਰੋਸ ਪ੍ਰਗਟ ਕਰਨ ਲੱਗੇ ਅਤੇ ਗੁਰੂ ਜੀ ਦੇ ਦੁਆਲੇ ਘੇਰਾ ਘੱਤ ਲਿਆ। ਉਪਰੋਕਤ ਘਟਨਾ ਉੱਤੇ ਗੁਰੂ ਜੀ ਨੇ ਬਾਣੀ ਉਚਾਰੀ ਜੋ ਮਲਾਰ ਰਾਗ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਗੁਰੂ ਜੀ ਨੇ ਬਹੁਤ ਹੀ ਦਾਰਸ਼ਨਿਕ ਵਿਚਾਰ ਰੱਖੇ ਅਤੇ ਉਹਨਾਂ ਲੋਕਾਂ ਦੇ ਮਾਸ ਸੰਬੰਧੀ ਭਰਮ ਨੂੰ ਦੂਰ ਕਰਨ ਦਾ ਜਤਨ ਕੀਤਾ–

**ਸਲੋਕ ਮਹਲਾ ੧**

*ਪਹਿਲਾਂ ਮਾਸਹੁ ਨਿੰਮਿਆ*
*ਮਾਸੈ ਅੰਦਰਿ ਵਾਸੁ॥*
*ਜੀਉ ਪਾਇ ਮਾਸੁ ਮੁਹਿ ਮਿਲਿਆ*
*ਹਡੁ ਚੰਮੁ ਤਨੁ ਮਾਸੁ॥*
*ਮਾਸਹੁ ਬਾਹਰਿ ਕਢਿਆ*
*ਮੰਮਾ ਮਾਸੁ ਗਿਰਾਸੁ॥*
*ਮੁਹੁ ਮਾਸੈ ਕਾ ਜੀਭ*
*ਮਾਸੈ ਕੀ ਮਾਸੈ ਅੰਦਰਿ ਸਾਸੁ॥*
*ਵਡਾ ਹੋਆ ਵੀਆਹਿਆ*

*ਘਰਿ ਲੈ ਆਇਆ ਮਾਸੁ॥*
*ਮਾਸਹੁ ਹੀ ਮਾਸੁ ਊਪਜੈ*
*ਮਾਸਹੁ ਸਭੋ ਸਾਕੁ॥*
*ਸਤਿਗੁਰਿ ਮਿਲਿਐ ਹੁਕਮੁ*
*ਬੁਝੀਐ ਤਾਂ ਕੋ ਆਵੈ ਰਾਸਿ॥*
*ਆਪਿ ਛੁਟੇ ਨਹ ਛੂਟੀਐ*
*ਨਾਨਕ ਬਚਨਿ ਬਿਣਾਸੁ॥*

(ਗੁਰੂ ਗ੍ਰੰਥ ਸਾਹਿਬ, ਪੰਨਾ 1289)

**ਅਰਥਾਤ** : ਸਭ ਤੋਂ ਪਹਿਲਾਂ ਮਾਸ (ਭਾਵ ਪਿਤਾ ਦੇ ਵੀਰਜ) ਤੋਂ ਹੀ (ਜੀਵ ਦੀ ਹਸਤੀ ਦਾ ਮੁੱਢ ਬੱਝਦਾ ਹੈ, ਫਿਰ ਮਾਸ (ਭਾਵ ਮਾਂ ਦੇ ਪੇਟ ਵਿਚ ਹੀ ਇਸ ਦਾ ਵਸੇਬਾ ਹੁੰਦਾ ਹੈ, ਜਦੋਂ (ਪੁੱਤਲੇ ਵਿਚ) ਜਾਨ ਪੈਂਦੀ ਹੈ ਤਾਂ ਵੀ (ਜੀਭ ਰੂਪ) ਮਾਸ ਮੂੰਹ ਵਿਚ ਮਿਲਦਾ ਹੈ। ਇਸ ਦੇ ਸਰੀਰ ਦੀ ਸਾਰੀ ਹੀ ਘਾੜਤ, ਹੱਡ, ਚੰਮ ਸਰੀਰ, ਸਭ ਕੁਝ ਮਾਸ (ਹੀ ਬਣਦਾ ਹੈ)।

ਜਦੋਂ (ਮਾਂ ਦੇ ਪੇਟ-ਰੂਪ) ਮਾਸ ਵਿਚੋਂ ਬਾਹਰ ਭੇਜਿਆ ਜਾਂਦਾ ਹੈ ਤਾਂ ਵੀ ਮੰਮਾ (ਰੂਪ) ਮਾਸ ਖੁਰਾਕ ਮਿਲਦੀ ਹੈ, ਇਸ ਦਾ ਮੂੰਹ ਵੀ ਮਾਸ ਦਾ ਹੈ, ਜੀਭ ਵੀ ਮਾਸ ਦੀ ਹੈ, ਮਾਸ ਵਿਚ ਸਾਹ ਲੈਂਦਾ ਹੈ। ਜਦੋਂ ਜੁਆਨ ਹੁੰਦਾ ਹੈ ਤੇ ਵਿਆਹਿਆ ਜਾਂਦਾ ਹੈ ਤਾਂ ਵੀ (ਇਸਤਰੀ ਰੂਪ) ਮਾਸ ਹੀ ਘਰ ਲੈ ਆਉਂਦਾ ਹੈ, ਫਿਰ ਮਾਸ ਤੋਂ ਹੀ (ਬੱਚਾ ਰੂਪ) ਮਾਸ ਜੰਮਦਾ ਹੈ, ਸੋ ਜਗਤ ਦਾ ਸਾਰਾ ਸਾਕ-ਸਬੰਧ ਮਾਸ ਤੋਂ ਹੀ ਹੈ।

(ਮਾਸ ਖਾਣ ਜਾਂ ਨਾ ਖਾਣ ਦਾ ਨਿਰਨਾ ਸਮਝਣ ਦੀ ਥਾਂ) ਜੇ ਸਤਿਗੁਰੂ ਮਿਲ ਪਏ ਤੇ ਪ੍ਰਭੂ ਦੀ ਰਜ਼ਾ ਸਮਝੀਏ ਤਾਂ ਜੀਵ ਦਾ ਜਗਤ ਵਿਚ ਆਉਣਾ ਨੇਪਰੇ ਚੜ੍ਹਦਾ ਹੈ, (ਨਹੀਂ ਤਾਂ ਜੀਵ ਨੂੰ ਮਾਸ ਨਾਲ ਜੰਮਣ ਤੋਂ ਲੈ ਕੇ ਮਰਨ ਤੱਕ ਇਤਨਾ ਡੂੰਘਾ ਵਾਸਤਾ ਪੈਂਦਾ ਹੈ ਕਿ) ਆਪਣੇ ਜ਼ੋਰ ਨਾਲ ਇਸ ਤੋਂ ਬਚਿਆਂ ਖ਼ਲਾਸੀ ਨਹੀਂ ਹੁੰਦੀ; ਤੇ ਹੇ ਨਾਨਕ (ਇਸ ਕਿਸਮ ਦੀ) ਚਰਚਾ ਨਾਲ (ਨਿਰੀ) ਹਾਨੀ ਹੀ ਹੁੰਦੀ ਹੈ।

**ਮਹਲਾ ੧**

*ਮਾਸੁ ਮਾਸੁ ਕਰਿ ਮੂਰਖੁ ਝਗੜੇ*
*ਗਿਆਨੁ ਧਿਆਨੁ ਨਹੀ ਜਾਣੈ॥*
*ਕਉਣੁ ਮਾਸੁ ਕਉਣੁ ਸਾਗੁ ਕਹਾਵੈ*
*ਕਿਸੁ ਮਹਿ ਪਾਪ ਸਮਾਣੇ॥*

*ਗੈਂਡਾ ਮਾਰਿ ਹੋਮ ਜਗ ਕੀਏ*
*ਦੇਵਤਿਆ ਕੀ ਬਾਣੇ ॥*
*ਮਾਸੁ ਛੋਡਿ ਬੈਸਿ ਨਕੁ ਪਕੜਹਿ*
*ਰਾਤੀ ਮਾਣਸ ਖਾਣੇ ॥*
*ਫੜੁ ਕਰਿ ਲੋਕਾਂ ਨੂੰ ਦਿਖਲਾਵਹਿ*
*ਗਿਆਨੁ ਧਿਆਨੁ ਨਹੀ ਸੂਝੈ ॥*
*ਨਾਨਕ ਅੰਧੇ ਸਿਉ ਕਿਆ*
*ਕਹੀਐ ਕਹੈ ਨਾ ਕਹਿਆ ਬੂਝੈ ॥*

(ਗੁਰੂ ਗ੍ਰੰਥ ਸਾਹਿਬ, ਪੰਨਾ 1289)

ਆਪਣੇ ਵੱਲੋਂ ਮਾਸ ਦਾ ਤਿਆਗੀ ਮੂਰਖ ਪੰਡਿਤ ਮਾਸ ਆਖ ਕੇ ਚਰਚਾ ਕਰਦਾ ਹੈ, ਪਰ ਨਾ ਇਸ ਨੂੰ ਆਤਮਕ ਜੀਵਨ ਦੀ ਸਮਝ ਹੈ, ਨਾ ਇਸ ਨੂੰ ਸੁਰਤਿ ਹੈ (ਨਹੀਂ ਤਾਂ ਇਹ ਗਹੁ ਨਾਲ ਵਿਚਾਰੇ ਕਿ ਮਾਸ ਤੇ ਸਾਗ ਵਿਚ ਕੀ ਫਰਕ ਹੈ, ਤੇ ਕਿਸ ਦੇ ਖਾਣ ਵਿਚ ਪਾਪ ਹੈ। ਪੁਰਾਣੇ ਸਮੇਂ ਵਿਚ ਵੀ ਲੋਕ ਦੇਵਤਿਆਂ ਦੇ ਸੁਭਾਉ ਅਨੁਸਾਰ (ਭਾਵ ਦੇਵਤਿਆਂ ਨੂੰ ਖੁਸ਼ ਕਰਨ ਲਈ) ਗੈਂਡਾ ਮਾਰ ਕੇ ਹੋਮ ਤੇ ਜਗ ਕਰਦੇ ਸਨ। ਜੋ ਮਨੁੱਖ ਆਪਣੇ ਵਲੋਂ ਮਾਸ ਤਿਆਗ ਕੇ ਜਦ ਕਦੇ ਕਿਤੇ ਮਾਸ ਵੇਖਣ ਤਾਂ ਬੈਠ ਕੇ ਆਪਣਾ ਨੱਕ ਬੰਦ ਕਰ ਲੈਂਦੇ ਸਨ ਕਿ ਮਾਸ ਦੀ ਬੋਅ ਆ ਗਈ ਹੈ, ਉਹ ਰਾਤ ਨੂੰ ਮਨੁੱਖ ਨੂੰ ਖਾ ਜਾਂਦੇ ਹਨ। ਭਾਵ ਲੁੱਕ ਕੇ ਮਨੁੱਖਾਂ ਦਾ ਲਹੂ ਪੀਣ ਦੇ ਮਨਸੂਬੇ ਬੰਨ੍ਹਦੇ ਹਨ। ਮਾਸ ਨਾ ਖਾਣ ਦਾ ਇਹ ਪਖੰਡ ਕਰਕੇ ਲੋਕਾਂ ਨੂੰ ਵਿਖਾਂਦੇ ਹਨ, ਉਂਞ ਇਹਨਾਂ ਨੂੰ ਆਪ ਨਾ ਸਮਝ ਹੈ ਨਾ ਸੁਰਤਿ ਹੈ। ਪਰ ਹੇ ਨਾਨਕ, ਕਿਸੇ ਅੰਨ੍ਹੇ ਮਨੁੱਖ ਨੂੰ ਸਮਝਾਣ ਦਾ ਕੋਈ ਲਾਭ ਨਹੀਂ, ਜੇ ਕੋਈ ਇਸ ਨੂੰ ਸਮਝਾਵੈ ਭੀ ਤਾਂ ਭੀ ਇਹ ਸਮਝਾਇਆ ਸਮਝਦਾ ਨਹੀਂ।

*ਅੰਧਾ ਸੋਇ ਜਿ ਅੰਧੁ ਕਮਾਵੈ*
*ਤਿਸੁ ਰਿਦੈ ਸਿ ਲੋਚਨ ਨਾਹੀ ॥*
*ਮਾਤ ਪਿਤਾ ਕੀ ਰਕਤੁ ਨਿਪੰਨੇ*
*ਮਛੀ ਮਾਸੁ ਨ ਖਾਂਹੀ ॥*
*ਇਸਤ੍ਰੀ ਪੁਰਖੈ ਜਾਂ ਨਿਸਿ ਮੇਲਾ*
*ਓਥੈ ਮੰਧੁ ਕਮਾਹੀ ॥*
*ਮਾਸਹੁ ਨਿੰਮੇ ਮਾਸਹੁ ਜੰਮੇ*

*ਹਮ ਮਾਸੈ ਕੇ ਭਾਂਡੇ ॥*
*ਗਿਆਨੁ ਧਿਆਨੁ ਕਛੁ ਸੂਝੈ*
*ਨਾਹੀ ਚਤੁਰੁ ਕਹਾਵੈ ਪਾਂਡੇ ॥*
*ਬਾਹਰ ਕਾ ਮਾਸੁ ਮੰਦਾ ਸੁਆਮੀ*
*ਘਰ ਕਾ ਮਾਸੁ ਚੰਗੇਰਾ ॥*
*ਜੀਅ ਜੰਤ ਸਭਿ ਮਾਸਹੁ ਹੋਏ*
*ਜੀਇ ਲਇਆ ਵਾਸੇਰਾ ॥*
*ਅਭਖੁ ਭਖਹਿ ਭਖੁ ਤਜਿ ਛੋਡਹਿ*
*ਅੰਧੁ ਗੁਰੂ ਜਿਨ ਕੇਰਾ ॥*
*ਮਾਸਹੁ ਨਿੰਮੇ ਮਾਸਹੁ ਜੰਮੇ*
*ਹਮ ਮਾਸੈ ਕੇ ਭਾਂਡੇ ॥*
*ਗਿਆਨ ਧਿਆਨੁ ਕਛੁ ਸੂਝੈ*
*ਨਾਹੀ ਚਤੁਰੁ ਕਹਾਵੈ ਪਾਂਡੇ ॥*

(ਗੁਰੂ ਗ੍ਰੰਥ ਸਾਹਿਬ, ਪੰਨਾ 1289–90)

ਜੇ ਕਹੋ ਅੰਨ੍ਹਾ ਕੌਣ ਹੈ ਤਾਂ ਅੰਨ੍ਹਾ ਉਹ ਹੈ ਜੋ ਅੰਨ੍ਹਿਆ ਵਾਲਾ ਕੰਮ ਕਰਦਾ ਹੈ, ਜਿਸ ਦੇ ਦਿਲ ਵਿਚ ਉਹ ਅੱਖਾਂ ਨਹੀਂ ਹਨ (ਭਾਵ, ਜੋ ਸਮਝ ਤੋਂ ਸੱਖਣਾ ਹੈ), ਨਹੀਂ ਤਾਂ ਸੋਚਣ ਵਾਲੀ ਗੱਲ ਹੈ ਕਿ ਆਪ ਵੀ ਤਾਂ) ਮਾਂ ਤੇ ਪਿਉ ਦੀ ਰੱਤ ਤੋਂ ਹੀ ਹੋਏ ਹਨ ਤੇ ਮੱਛੀ (ਆਦਿਕ) ਦੇ ਮਾਸ ਤੋਂ ਪਰਹੇਜ਼ ਕਰਦੇ ਹਨ (ਭਾਵ ਮਾਸ ਤੋਂ ਹੀ ਪੈਦਾ ਹੋ ਕੇ ਮਾਸ ਤੋਂ ਪਰਹੇਜ਼ ਕਰਨ ਦਾ ਕੀ ਭਾਵ ? ਪਹਿਲਾਂ ਵੀ ਤਾਂ ਮਾਂ-ਪਿਉ ਦੇ ਮਾਸ ਤੋਂ ਸਰੀਰ ਪਲਿਆ ਹੈ, (ਫਿਰ) ਜਦੋਂ ਰਾਤ ਨੂੰ ਜਨਾਨੀ ਤੇ ਮਰਦ ਇਕੱਠੇ ਹੁੰਦੇ ਹਨ, ਤਦੋਂ ਵੀ ਮਾਸ ਨਾਲ ਹੀ ਮੰਦ (ਭਾਵ, ਭੋਗ) ਕਰਦੇ ਹਨ। ਅਸੀਂ ਸਾਰੇ ਮਾਸ ਦੇ ਪੁਤਲੇ ਹਾਂ। ਸਾਡਾ ਮੁੱਢ ਮਾਸ ਤੋਂ ਹੀ ਬੱਝਾ, ਅਸੀਂ ਮਾਸ ਤੋਂ ਹੀ ਪੈਦਾ ਹੋਏ। ਮਾਸ ਦਾ ਤਿਆਗੀ ਪੰਡਿਤ ਮਾਸ ਦੀ ਚਰਚਾ ਛੇੜ ਕੇ ਐਵੇਂ ਆਪਣੇ ਆਪ ਨੂੰ ਸਿਆਣਾ ਅਖਵਾਂਦਾ ਹੈ, ਅਸਲ ਵਿਚ ਇਸ ਨੂੰ ਨਾ ਸਮਝ ਹੈ, ਨਾ ਸੁਰਤਿ ਹੈ। ਭਲਾ ਦੱਸੋ, ਪੰਡਿਤ ਜੀ! ਇਹ ਕੀਹ ਕਿ ਬਾਹਰੋਂ ਲਿਆਂਦਾ ਹੋਇਆ ਮਾਸ ਮਾੜਾ ਤੇ ਘਰ ਦਾ (ਵਰਤਿਆ) ਮਾਸ ਚੰਗਾ ? ਫਿਰ ਸਾਰੇ ਜੀਅ ਜੰਤ ਮਾਸ ਤੋਂ ਪੈਦਾ ਹੋਏ ਹਨ, ਜਿੰਦ (ਆਤਮਾ) ਨੇ (ਮਾਸ ਵਿਚ ਹੀ) ਡੇਰਾ ਲਾਇਆ ਹੋਇਆ ਹੈ। ਸੋ, ਜਿਹਨਾਂ ਨੂੰ ਰਾਹ ਦੱਸਣ ਵਾਲਾ ਆਪ ਅੰਨ੍ਹਾ ਹੈ, ਉਹ ਨਾ ਖਾਣ-ਜੋਗ ਚੀਜ਼ (ਭਾਵ ਪਰਾਇਆ

ਹੱਕ) ਤਾਂ ਖਾਂਦੇ ਹਨ ਤੇ ਖਾਣ ਜੋਗ ਚੀਜ਼ (ਭਾਵ ਜਿਸ ਚੀਜ਼ ਤੋਂ ਜ਼ਿੰਦਗੀ ਦਾ ਹੀ ਮੁੱਢ ਬੱਝਾ ਤਿਆਗਦੇ ਹਨ। ਅਸੀਂ ਸਾਰੇ ਮਾਸ ਤੋਂ ਹੀ ਪੈਦਾ ਹੋਏ, (ਮਾਸ ਦਾ ਤਿਆਗੀ) ਪੰਡਿਤ (ਮਾਸ ਦੀ ਚਰਚਾ ਛੇੜ ਕੇ ਆਪਣੇ ਆਪ ਨੂੰ) ਪੰਡਿਤ (ਮਾਸ ਦੀ ਚਰਚਾ ਛੇੜ ਕੇ ਆਪਣੇ ਆਪ ਨੂੰ) ਸਿਆਣਾ ਅਖਵਾਂਦਾ ਹੈ। ਅਸਲ ਵਿਚ ਇਸ ਨੂੰ ਨਾ ਸਮਝ ਹੈ, ਨਾ ਸੁਰਤਿ ਹੈ।

*ਮਾਸੁ ਪੁਰਾਣੀ ਮਾਸ ਕਤੇਂਬੀ*
*ਚਹੁ ਜੁਗਿ ਮਾਸੁ ਕਮਾਣਾ ॥*
*ਜਜਿ ਕਾਜਿ ਵੀਆਹਿ ਸੁਹਾਵੈ*
*ਓਥੈ ਮਾਸੁ ਸਮਾਣਾ ॥*
*ਇਸਤ੍ਰੀ ਪੁਰਖ ਨਿਪਜਹਿ*
*ਮਾਸਹੁ ਪਾਤਿਸਾਹੁ ਸੁਲਤਾਨਾਂ ॥*
*ਜੇ ਓਇ ਦਿਸਹਿ ਨਰਕਿ ਜਾਂਦੇ*
*ਤਾਂ ਉਨ੍ ਕਾ ਦਾਨੁ ਨ ਲੈਣਾ ॥*
*ਦੇਂਦਾ ਨਰਕਿ ਸੁਰਗਿ ਲੈਦੇ*
*ਦੇਖਹੁ ਏਹੁ ਧਿਙਾਣਾ ॥*
*ਆਪਿ ਨ ਬੂਝੈ ਲੋਕ ਬੁਝਾਏ*
*ਪਾਂਡੇ ਖਰਾ ਸਿਆਣਾ ॥*

(ਗੁਰੂ ਗ੍ਰੰਥ ਸਾਹਿਬ, ਪੰਨਾ 1289-90)

ਹਿੰਦੂ ਧਾਰਮਕ ਗ੍ਰੰਥ ਪੁਰਾਣਾਂ ਵਿਚ ਮਾਸ ਦਾ ਜ਼ਿਕਰ ਮੁਸਲਮਾਨੀ ਮਜ਼ਹਬੀ ਕਿਤਾਬਾਂ ਵਿਚ ਵੀ ਮਾਸ ਵਰਤਣ ਦਾ ਜ਼ਿਕਰ ਜਗਤ ਦੇ ਸ਼ੁਰੂ ਤੋਂ ਹੀ ਮਾਸ ਵਰਤੀਂਦਾ ਚਲਾ ਆਇਆ ਹੈ। ਜੱਗ ਵਿਚ ਵਿਆਹ ਆਦਿਕ ਕਾਜ ਵਿਚ (ਮਾਸ ਦੀ ਵਰਤੋਂ) ਪ੍ਰਧਾਨ ਹੈ, ਉਹਨੀ ਥਾਈਂ ਮਾਸ ਵਰਤੀਂਦਾ ਰਿਹਾ ਹੈ। ਜਨਾਨੀ, ਮਰਦ, ਸ਼ਾਹ, ਪਾਤਸ਼ਾਹ, ਸਾਰੇ ਮਾਸ ਤੋਂ ਹੀ ਪੈਦਾ ਹੋਏ ਹਨ। ਜੇ ਇਹ ਸਾਰੇ (ਮਾਸ ਤੋਂ ਬਣਨ ਕਰਕੇ) ਨਰਕ ਵਿਚ ਪੈਂਦੇ ਦਿਸਦੇ ਹਨ ਤਾਂ ਉਹਨਾਂ ਤੋਂ (ਮਾਸ ਤਿਆਗੀ ਪੰਡਿਤ ਨੂੰ) ਦਾਨ ਵੀ ਨਹੀਂ ਲੈਣਾ ਚਾਹੀਦਾ। ਨਹੀਂ ਤਾਂ ਵੇਖੋ, ਇਹ ਅਚਰਜ ਧੱਕੇ ਦੀ ਗੱਲ ਹੈ ਕਿ ਦਾਨ ਦੇਣ ਵਾਲੇ ਨਰਕ ਪੈਣ ਤੇ ਲੈਣ ਵਾਲੇ ਸੁਰਗ ਵਿਚ। ਅਸਲ ਵਿਚ ਹੇ ਪੰਡਿਤ! ਤੂੰ ਡਾਢਾ ਚਤੁਰ ਹੈਂ, ਤੈਨੂੰ ਆਪ ਨੂੰ (ਮਾਸ ਖਾਣੇ ਦੇ ਮਾਮਲੇ ਦੀ) ਸਮਝ ਨਹੀਂ, ਪਰ ਤੂੰ ਲੋਕਾਂ ਨੂੰ ਸਮਝਾਂਦਾ ਹੈਂ।

*ਪਾਂਡੇ ਤੂੰ ਜਾਣੈ ਹੀ ਨਾਹੀ*
*ਕਿਥਹੁ ਮਾਸੁ ਉਪੰਨਾ॥*
*ਤੋਇਅਹੁ ਅੰਨੁ ਕਮਾਦੁ ਕਪਾਹਾਂ*
*ਤੋਇਅਹੁ ਤ੍ਰਿਭਵਣੁ ਗੰਨਾ॥*
*ਤੋਆ ਆਖੈ ਹਉ ਬਹੁ ਬਿਧਿ*
*ਹਛਾ ਤੋਐ ਬਹੁਤੁ ਬਿਕਾਰਾ॥*
*ਏਤ ਰਸ ਛੋਡਿ ਹੋਵੈ ਸੰਨਿਆਸੀ*
*ਨਾਨਕੁ ਕਹੈ ਵਿਚਾਰਾ॥*

(ਗੁਰੂ ਗ੍ਰੰਥ ਸਾਹਿਬ, ਪੰਨਾ 1290)

ਹੇ ਪੰਡਿਤ! ਤੈਨੂੰ ਇਹ ਹੀ ਪਤਾ ਨਹੀਂ ਕਿ ਮਾਸ ਕਿਥੋਂ ਪੈਦਾ ਹੋਇਆ। ਵੇਖ, ਪਾਣੀ ਤੋਂ ਅੰਨ ਪੈਦਾ ਹੁੰਦਾ ਹੈ, ਕਮਾਦ ਗੰਨਾ ਉਗਦਾ ਹੈ ਤੇ ਕਪਾਹ ਉਗਦੀ ਹੈ, ਪਾਣੀ ਤੋਂ ਹੀ ਸਾਰਾ ਸੰਸਾਰ ਪੈਦਾ ਹੁੰਦਾ ਹੈ। ਪਾਣੀ ਆਖਦਾ ਹੈ ਕਿ ਮੈਂ ਕਈ ਤਰੀਕਿਆ ਨਾਲ ਭਲਿਆਈ ਕਰਦਾ ਹਾਂ (ਭਾਵ, ਜੀਵ ਦੇ ਪਾਲਣ ਲਈ ਕਈ ਤਰੀਕਿਆਂ ਦੀ ਖ਼ੁਰਾਕ-ਪੁਸ਼ਾਕ ਪੈਦਾ ਕਰਦਾ ਹਾਂ), ਇਹ ਸਾਰੀਆਂ ਤਬਦੀਲੀਆਂ (ਭਾਵ, ਬੇਅੰਤ ਕਿਸਮਾਂ ਦੇ ਪਦਾਰਥ) ਪਾਣੀ ਵਿਚ ਹੀ ਹਨ। ਸੋ, ਨਾਨਕ ਇਹ ਵਿਚਾਰ ਦੀ ਗੱਲ ਦੱਸਦਾ ਹੈ (ਕਿ ਜੇ ਸੱਚਾ ਤਿਆਗੀ ਬਣਨਾ ਹੈ ਤਾਂ) ਇਹਨਾਂ ਸਾਰੇ ਪਦਾਰਥਾਂ ਦੇ ਚਸਕੇ ਛੱਡ ਕੇ ਤਿਆਗੀ ਬਣੇ (ਕਿਉਂਕਿ ਮਾਸ ਦੀ ਉਤਪਤੀ ਭੀ ਪਾਣੀ ਤੋਂ ਹੈ ਤੇ ਅੰਨ ਕਮਾਦ ਦੀ ਉਤਪਤੀ ਭੀ ਪਾਣੀ ਤੋਂ ਹੀ ਹੈ।*

*ਸੋ ਸਪੱਸ਼ਟ ਗੱਲ ਹੈ ਕਿ ਅਸੀਂ ਗੁਰੂ ਨਾਨਕ ਸਾਹਿਬ ਜੀ ਦੇ ਦਾਰਸ਼ਨਿਕ ਅਤੇ ਵਡਮੁੱਲੀ ਵਿਚਾਰਧਾਰਾ ਨੂੰ ਸਮਝਿਆ ਹੀ ਨਹੀਂ, ਜਿਸ ਕਰਕੇ ਸਿੱਖ ਸਮਾਜ ਅੰਦਰ ਖਾਣ-ਪੀਣ ਦੇ ਆਧਾਰ ਉਤੇ ਵੰਡੀਆਂ ਪਾਈਆਂ ਜਾ ਰਹੀਆਂ ਹਨ। ਮੌਜੂਦਾ ਸਮੇਂ ਡੇਰੇਦਾਰ ਜਾਂ ਗੁਰਦੁਆਰਿਆਂ ਦੇ ਪ੍ਰਬੰਧਕ ਆਰਥਕ ਲਾਭ ਲੈਣ ਸਮੇਂ ਕਿਸੇ ਨੂੰ ਇਹ ਨਹੀਂ ਪੁੱਛਦੇ ਕਿ ਕੀ ਉਹ ਮਾਸਾਹਾਰੀ ਹਨ ਜਾਂ ਨਹੀਂ। ਉਸ ਸਮੇਂ ਉਹਨਾਂ ਦਾ ਮਨੋਰਥ ਮਾਇਆ ਬਟੋਰਨੀ ਹੁੰਦੀ ਹੈ, ਭਾਵੇਂ ਕੋਈ ਮਾਸਾਹਾਰੀ ਮਾਇਆ ਭੇਂਟ ਕਰੇ ਜਾਂ ਨਸ਼ਈ, ਸਭ ਪ੍ਰਵਾਨ ਹੈ।*

*ਗੁਰੂ ਨਾਨਕ ਸਾਹਿਬ, ਇਹੀ ਗੱਲ ਬ੍ਰਾਹਮਣ ਪੁਜਾਰੀ ਨੂੰ ਆਖਦੇ ਹਨ, "ਜੇ*

---

* *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਪੋਥੀ ਨੌਵੀ, ਪੰਨਾ 329-333*

*ਤੁਹਾਨੂੰ ਲੱਗਦਾ ਹੈ ਕਿ ਮਾਸ ਦਾ ਪ੍ਰਯੋਗ ਕਰਨ ਵਾਲੇ ਨਰਕ ਵਿਚ ਜਾਂਦੇ ਦਿਸਦੇ ਹਨ ਤਾਂ ਤੈਨੂੰ ਉਹਨਾਂ ਪਾਸੋਂ ਦਾਨ ਭੀ ਨਹੀਂ ਲੈਣਾ ਚਾਹੀਦਾ। ਤੂੰ ਸਮਝਦਾ ਹੈ ਕਿ ਦਾਨ ਦੇਣ ਵਾਲੇ ਨਰਕ ਵਿਚ ਜਾਣ ਅਤੇ ਦਾਨ ਲੈਣ ਵਾਲੇ ਸੁਰਗ ਵਿਚ। ਪੰਡਿਤ! ਤੂੰ ਚਤੁਰ ਹੈਂ, ਤੈਨੂੰ ਆਪ ਨੂੰ (ਮਾਸ ਖਾਣ ਦੇ ਮਾਮਲੇ ਦੀ) ਸਮਝ ਨਹੀਂ, ਪਰ ਤੂੰ ਲੋਕਾਂ ਨੂੰ ਸਮਝਾਉਂਦਾ ਹੈਂ। ਇਹੀ ਬਚਨ ਡੇਰੇਦਾਰਾਂ ਜਾਂ ਬਾਬਿਆਂ ਨੂੰ ਵੀ ਹਨ, ਜੋ ਗੁਰਮਤਿ ਨੂੰ ਨਾ ਸਮਝਣ ਕਾਰਨ, ਆਪਣੀ ਹੀ ਸੋਚ ਨੂੰ ਬਣਾ ਕੇ, ਗੁਰਮਤਿ ਵਿਰੋਧੀ ਗੱਲਾਂ ਕਰਕੇ, ਲੋਕਾਈ ਅੰਦਰ ਵਹਿਮ ਫੈਲਾ ਰਹੇ ਹਨ।*

## ਧਾਰਮਿਕ ਅਨਪੜ੍ਹ

20 ਸਤੰਬਰ 2016 ਨੂੰ ਖਾਲਸਾ ਨਿਊਜ਼ ਤੇ ਸ. ਅਰਮਿੰਦਰ ਸਿੰਘ ਜੀ ਦਾ ਲੇਖ 'ਧਾਰਮਿਕ ਅਨਪੜ੍ਹ' ਵਿਚੋਂ ਵਿਚਾਰ ਸਾਂਝੇ ਕਰਦੇ ਹਾਂ।

*"ਅੱਜ ਅੱਧੀ ਤੋਂ ਵੱਧ ਦੁਨੀਆਂ ਮਾਸ ਖਾਂਦੀ ਹੈ ਤੇ ਨਾਲੇ ਸਾਗ, ਸਬਜ਼ੀ ਵੀ। ਇਹ ਸਿਰਫ ਭੋਜਨ ਲੜੀ ਦਾ ਹਿੱਸਾ ਹਨ ਤੇ ਇਹਨਾਂ ਨੂੰ ਧਰਮ ਵਿਚ ਵਾੜਨਾ ਨਾਜਾਇਜ਼ ਹੈ।"*

ਇਲਾਕੇ ਦੇ ਮੌਸਮ/ਇਲਾਕੇ ਵਿਚ ਪਾਈ ਜਾਣ ਵਾਲੀ ਬਨਸਪਤੀ ਅਤੇ ਜਾਨਵਰਾਂ ਦੀ ਕਿਸਮ ਖੁਦ ਮਨੁੱਖ ਦੀ ਸਿਹਤ ਅਤੇ ਉਸ ਦੇ ਮਹਿਦੇ ਕਿਹੋ ਜਿਹਾ ਭੋਜਨ ਬਿਨਾਂ ਸਰੀਰ ਨੂੰ ਪੀੜਾ ਦਿੱਤੇ ਪਚਾ ਸਕਦਾ ਹੈ, ਆਮ ਤੌਰ 'ਤੇ ਨਿਰਣਾ ਕਰਦੇ ਹਨ। ਜੀਭ ਵਸ ਅਤੇ ਜੀਭ ਰੱਸ ਵਿਚ ਖਚਿਤ ਹੋ ਕੇ ਜ਼ਿਆਦਾ ਖਾਧੀ ਗਈ ਮੂੰਗੀ ਦੀ ਦਾਲ ਵੀ ਨੁਕਸਾਨਦਾਇਕ ਹੈ। ਮਾਸ ਅਤੇ ਸਾਗ ਨੂੰ ਧਰਮ ਦਾ ਹਿੱਸਾ ਬਣਾ ਕੇ ਪੇਸ਼ ਕਰਨ ਵਾਲੇ ਵੱਡੇ ਗੁਨਾਹਗਾਰ ਹਨ ਅਤੇ ਅੱਜ ਸਿੱਖਾਂ ਦਾ ਵੱਡਾ ਕੀਮਤੀ ਸਮਾਂ ਆਪਸ ਵਿਚ ਇਸੇ ਬਹਿਸ-ਲੜਾਈ ਵਿਚ ਖਚਿਤ ਹੋ ਰਿਹਾ ਹੈ ਕਿ ਕੀ ਮਾਸ ਖਾਣਾ ਹੈ ਜਾਂ ਨਹੀਂ ਖਾਣਾ।

ਗੁਰਬਾਣੀ ਦੇ ਵੱਖ-ਵੱਖ ਸ਼ਬਦਾਂ ਨੂੰ ਆਪਣੇ ਆਪ ਮਤਲਬ ਲਈ ਵਰਤ ਕੇ ਇਹ ਭੁੱਲੜ ਵਿਦਵਾਨ ਆਪਣੀ-ਆਪਣੀ ਵਿਦਵਤਾ ਦੇ ਡੰਕੇ ਵਜਾ ਰਹੇ ਹਨ। ਜੀਵਨ ਤਾਂ ਦੋਹਾਂ ਵਿਚ ਹੀ ਹੈ। ਫਰਕ ਕੇਵਲ ਇਤਨਾ ਹੈ ਕਿ ਮਨੁੱਖ ਦੇ ਕੰਨ ਸ਼ਾਇਦ ਇਸ ਕਾਬਲ ਨਹੀਂ ਕਿ ਕਿਸੇ ਗਰੀਬ, ਲੋੜਵੰਦ ਦੀਆਂ ਚੀਕਾਂ ਸੁਣ ਸਕਣ। ਧਾਰਮਿਕ ਅਨਪੜ੍ਹਤਾ ਦੇ ਸ਼ਿਕਾਰ ਕੇਵਲ ਅਨਪੜ੍ਹ ਹੀ ਨਹੀਂ ਹੁੰਦੇ, ਸਗੋਂ ਪੜ੍ਹੇ

ਲਿਖੇ ਤੇ ਆਪਣੇ ਆਪ ਨੂੰ ਵਿਦਵਾਨ ਕਹਾਉਣ ਵਾਲੇ ਤੇ ਆਮ ਜਨਤਾ ਨੂੰ ਸਾਗ ਮਾਸ ਦੇ ਝਗੜੇ ਵਿਚ ਪਾਉਣ ਵਾਲੇ ਜ਼ਿਆਦਾ ਵੱਡੇ ਧਾਰਮਿਕ ਅਨਪੜ੍ਹ ਹਨ। ਚਿੰਤਾ ਕਰਨੀ ਹੈ ਤਾਂ ਉਹਨਾਂ ਮਨੁੱਖਾਂ ਦੀ ਕਰੋ ਜਿਹਨਾਂ ਨੂੰ ਇਕ ਡੰਗ ਦੀ ਰੋਟੀ (ਨਾ ਸਾਗ ਨਾ ਮਾਸ ਨਾਲ) ਵੀ ਨਸੀਬ ਨਹੀਂ ਹੁੰਦੀ।

## ਭਗਤ ਕਬੀਰ ਜੀ ਦੇ ਮਾਸ ਬਾਰੇ ਵਿਚਾਰ

ਕਈ ਮਾਸ ਵਿਰੋਧੀ ਲੋਕਾਂ ਵਲੋਂ ਆਪਣੇ ਪੱਖ ਪੇਸ਼ ਕਰਨ ਸਮੇਂ ਸੰਤ ਕਬੀਰ ਜੀ ਦੀ ਬਾਣੀ ਦਾ ਆਸਰਾ ਲਿਆ ਜਾਂਦਾ ਹੈ। ਕੁਝ ਸਾਲ ਪਹਿਲਾਂ ਇਕ ਗੁਰਬਾਣੀ ਵਿਆਕਰਣ ਦੇ ਮਾਹਿਰ ਵਿਦਵਾਨ ਵਲੋਂ ਸੰਤ ਕਬੀਰ ਜੀ ਦੇ ਰਾਗ ਪ੍ਰਭਾਤੀ ਵਿਚ ਉਚਾਰੇ ਸ਼ਬਦ ਦੀ ਅੱਧੀ ਤੁੱਕ ਨੂੰ ਪੁਸਤਕ ਜਾਂ ਟਰੈਕਟ ਦਾ ਸਿਰਲੇਖ ਬਣਾਇਆ ਗਿਆ। "ਤਉ ਕਿਉ ਮੁਰਗੀ ਮਾਰੈ"...॥ ਇਸ ਪੁਸਤਕ ਅੰਦਰ ਉਹਨਾਂ ਨੇ ਮਾਸ ਖਾਣ ਨੂੰ ਗੁਰਮਤਿ ਪਰੰਪਰਾ ਦੇ ਵਿਰੁਧ ਦੱਸਣ ਦਾ ਜਤਨ ਕੀਤਾ। ਜੇਕਰ ਕਬੀਰ ਜੀ ਦੇ ਸਾਰੇ ਸ਼ਬਦ ਦੇ ਭਾਵ ਅਰਥਾਂ ਨੂੰ ਵਿਚਾਰਦੇ ਹਾਂ ਤਾਂ ਇਸ ਸ਼ਬਦ ਅੰਦਰ ਕਬੀਰ ਜੀ ਨੇ ਧਾਰਮਿਕ ਲੋਕਾਂ ਵਲੋਂ ਆਪਣੇ ਉਦਰ ਦੀ ਪੂਰਤੀ ਲਈ ਰੱਬ ਦੇ ਨਾਮ ਕੁਰਬਾਨੀ ਦੇਣ ਦੇ ਢੰਗ ਦੀ ਨਿੰਦਾ ਕੀਤੀ ਹੋਈ ਹੈ।

ਜਿਵੇਂ ਕਬੀਰ ਜੀ ਰਾਮਕਲੀ ਰਾਗ ਵਿਚ ਉਚਾਰੀ ਬਾਣੀ ਅੰਦਰ ਬ੍ਰਾਹਮਣ ਨੂੰ ਆਖ ਰਹੇ ਹਨ,

*ਆਪਨ ਊਚ ਨੀਚ ਘਰਿ ਭੋਜਨੁ ਹਠੇ*
*ਕਰਮ ਕਰਿ ਉਦਰੁ ਭਰਹਿ॥*
*ਚਉਦਸ ਅਮਾਵਸ ਰਚਿ ਰਚਿ ਮਾਗਹਿ*
*ਕਰ ਦੀਪਕੁ ਲੈ ਕੂਪਿ ਪਰਹਿ॥*

(ਗੁਰੂ ਗ੍ਰੰਥ ਸਾਹਿਬ, ਪੰਨਾ 970)

ਭਾਵ ਉਂਞ ਆਪਣੇ ਆਪ ਨੂੰ ਉੱਚਾ ਕਹਿੰਦਾ ਹੈਂ, ਫਿਰ ਵੀ ਨੀਚਾਂ ਦੇ ਘਰ ਰੋਟੀ ਖਾਂਦਾ ਹੈਂ, ਤੂੰ ਨਿਰਾ ਹੱਠ ਨਾਲ ਕਰਮ ਕਰਕੇ ਪੇਟ ਭਰਦਾ ਹੈਂ, ਲੋਕਾਂ ਅੰਦਰ ਮਸਿਆ ਤੇ ਪੂਰਨਮਾਸ਼ੀ ਆਦਿ ਦਿਨਾਂ ਨੂੰ ਪਵਿੱਤਰ ਦਸ ਕੇ ਵਹਿਮ ਪੈਦਾ ਕਰਕੇ ਫਿਰ ਲੋਕਾਂ ਤੋਂ ਦਾਨ ਮੰਗਦਾ ਹੈਂ ;

*ਰਾਗ ਪ੍ਰਭਾਤੀ ਦਾ ਪੂਰਾ ਸ਼ਬਦ,*
*ਬੇਦ ਕਤੇਬ ਕਹਹੁ ਮਤ ਝੂਠੇ*

*ਝੂਠਾ ਜੋ ਨ ਬਿਚਾਰੈ ॥*
*ਜਉ ਸਭ ਮਹਿ ਏਕੁ ਖੁਦਾਇ*
*ਕਹਤ ਹਉ ਤਉ ਕਿਉ*
*ਮੁਰਗੀ ਮਾਰੈ ॥੧॥*
*ਮੁਲਾਂ ਕਹਹੁ ਨਿਆਉ ਖੁਦਾਈ ॥*
*ਤੇਰੈ ਮਨ ਕਾ ਭਰਮੁ ਨ ਜਾਈ ॥ ਰਹਾਉ ॥*
*ਪਕਰਿ ਜੀਉ ਆਨਿਆ ਦੇਹ ਬਿਨਾਸੀ*
*ਮਾਟੀ ਕਉ ਬਿਸਮਿਲ ਕੀਆ ॥*
*ਜੋਤਿ ਸਰੂਪ ਅਨਾਹਤ ਲਾਗੀ*
*ਕਹੁ ਹਲਾਲੁ ਕਿਆ ਕੀਆ ॥*
*ਕਿਆ ਉਜੂ ਪਾਕੁ ਕੀਆ ਮੁਹੁ ਧੋਇਆ*
*ਕਿਆ ਮਸੀਤਿ ਸਿਰੁ ਲਾਇਆ ॥*
*ਜਉ ਦਿਲ ਮਹਿ ਕਪਟੁ ਨਿਵਾਜ ਗੁਜਾਰਹੁ*
*ਕਿਆ ਹਜ ਕਾਬੈ ਜਾਇਆ ॥*
*ਤੂੰ ਨਾਪਾਕ ਪਾਕੁ ਨਹੀ ਸੂਝਿਆ*
*ਤਿਸ ਕਾ ਮਰਮੁ ਨ ਜਾਨਿਆ ॥*
*ਕਹਿ ਕਬੀਰ ਭਿਸਤਿ ਤੇ ਚੂਕਾ*
*ਦੋਜਕ ਸਿਉ ਮਨੁ ਮਾਨਿਆ ॥*

(ਗੁਰੂ ਗ੍ਰੰਥ ਸਾਹਿਬ, ਪੰਨਾ 1350)

ਸ਼ਬਦ ਦੇ ਭਾਵ ਅਰਥ ਜਾਣਨ ਲਈ ਰਹਾਉ ਦੀਆਂ ਤੁੱਕਾਂ ਨੂੰ ਵਿਚਾਰਦੇ ਹਾਂ। ਕਬੀਰ ਜੀ ਮੁੱਲਾਂ (ਮੁਸਲਮਾਨਾਂ ਦੇ ਧਾਰਮਿਕ ਹਸਤੀ) ਨੂੰ ਸੰਬੋਧਨ ਕਰਕੇ ਆਖਦੇ ਹਨ ਕਿ ਹੇ ਮੁੱਲਾਂ ਹੋਰ ਲੋਕਾਂ ਨੇ ਤਾਂ ਖੁਦਾ ਦਾ ਨਿਆਂ ਸੁਣਾਉਂਦਾ ਹੈਂ, ਪਰ ਤੇਰੇ ਆਪਣੇ ਮਨ ਦਾ ਭੁਲੇਖਾ ਅਜੇ ਦੂਰ ਨਹੀਂ ਹੋਇਆ।

ਹੇ ਹਿੰਦੂ ਤੇ ਮੁਸਲਮਾਨ ਵੀਰੋ! ਵੇਦਾਂ ਜਾਂ ਕੁਰਾਨ ਆਦਿਕ ਨੂੰ (ਇਕ ਦੂਜੇ ਦੀਆਂ) ਧਰਮ ਪੁਸਤਕਾਂ ਨੂੰ ਝੂਠੀਆਂ ਨਾਹ ਆਖੋ। ਝੂਠਾ ਤਾਂ ਉਹ ਬੰਦਾ ਹੈ ਜੋ ਇਹਨਾਂ ਧਰਮ ਪੁਸਤਕਾਂ ਦੀ ਵਿਚਾਰ ਨਹੀਂ ਕਰਦਾ। (ਭਲਾ, ਹੇ ਮੁੱਲਾਂ!) ਜੇ ਤੂੰ ਇਹ ਆਖਦਾ ਹੈ ਕਿ ਖੁਦਾ ਸਭ ਚੀਜਾਂ ਵਿਚ ਮੌਜੂਦਾ ਹੈ ਤਾਂ (ਉਸ ਖੁਦਾ ਅੱਗੇ ਕੁਰਬਾਨੀ ਦੇਣ ਲਈ) ਮੁਰਗੀ ਕਿਉਂ ਮਾਰਦਾ ਹੈ? (ਕੀ ਉਸ ਮੁਰਗੀ ਵਿਚ ਉਹ

ਆਪ ਨਹੀਂ ਹੈ ? ਮੁਰਗੀ ਵਿਚ ਬੈਠੇ ਖੁਦਾ ਦੀ ਅੰਸ਼ ਨੂੰ ਮਾਰ ਕੇ ਖੁਦਾ ਦੇ ਅੱਗੇ ਹੀ ਭੇਟਾ ਕਰਨ ਦਾ ਕੀ ਭਾਵ ਹੈ ?)੧ ॥

ਹੇ ਮੁਲਾਂ ! (ਮੁਰਗੀ ਆਦਿਕ) ਜੀਵ ਨੂੰ ਫੜ ਕੇ ਤੂੰ ਲੈ ਆਂਦਾ, ਉਸ ਦਾ ਸਰੀਰ ਨੂੰ ਨਾਸ਼ ਕੀਤਾ, ਉਸ (ਦੇ ਜਿਸਮ) ਦੀ ਮਿੱਟੀ ਨੂੰ ਤੂੰ ਖੁਦਾ ਦੇ ਨਾਮ 'ਤੇ ਕੁਰਬਾਨ ਕੀਤਾ (ਭਾਵ ਖੁਦਾ ਦੀ ਨਜ਼ਰ ਭੇਟ ਕੀਤਾ) ਪਰ ਹੇ ਮੁੱਲਾਂ ! ਜੋ ਖ਼ੁਦਾ ਨਿਰਾ ਨੂਰ ਹੀ ਨੂਰ ਹੈ ਤੇ ਅਵਿਨਾਸ਼ੀ ਹੈ ਉਸ ਦੀ ਜੋਤਿ ਤਾਂ ਹਰ ਥਾਂ ਮੌਜੂਦ ਹੈ, (ਉਸ ਮੁਰਗੀ ਵਿਚ ਹੈ ਜੋ ਤੂੰ ਖੁਦਾ ਦੇ ਨਾਮ 'ਤੇ ਕੁਰਬਾਨ ਕਰਦਾ ਹੈਂ) ਤਾਂ ਫਿਰ, ਦਸ, ਤੂੰ ਰੱਬ ਦੇ ਨਾਮ 'ਤੇ ਕੁਰਬਾਨੀ ਦੇਣ ਦੇ ਲਾਇਕ ਕਿਹੜੀ ਚੀਜ਼ ਬਣਾਈ ?੨ ॥

ਹੇ ਮੁੱਲਾਂ ! ਜੇ ਤੂੰ ਆਪਣੇ ਦਿਲ ਵਿਚ ਕਪਟ ਰੱਖ ਕੇ ਨਮਾਜ਼ ਪੜ੍ਹਦਾ ਹੈਂ ਤਾਂ ਇਸ ਨਮਾਜ਼ ਦਾ ਕੀ ਫਾਇਦਾ ? ਪੈਰ, ਹੱਥ ਆਦਿਕ ਸਾਫ਼ ਕਰਨ ਦੀ ਰਸਮ ਦਾ ਕੀ ਲਾਭ ? ਮੂੰਹ ਧੋਣ ਦਾ ਕੀ ਗੁਣ ? ਮਸਜਿਦ ਵਿਚ ਜਾ ਕੇ ਸਿਜਦਾ ਕਰਨ ਦੀ ਕੀ ਲੋੜ ? ਤੇ ਕਾਹਬੇ ਦੇ ਹੱਜ ਦਾ ਕੀ ਫਾਇਦਾ ?੩ ॥

ਹੇ ਮੁੱਲਾਂ ! ਤੂੰ ਅੰਦਰੋਂ ਤਾਂ ਪਲੀਤ ਹੀ ਰਿਹਾ, ਤੈਨੂੰ ਉਸ ਪਵਿੱਤਰ ਪ੍ਰਭੂ ਦੀ ਸਮਝ ਨਹੀਂ ਪਈ, ਤੂੰ ਉਸ ਦਾ ਭੇਤ ਨਹੀਂ ਪਾਇਆ। ਕਬੀਰ ਆਖਦਾ ਹੈ (ਇਸ ਭੁਲੇਖੇ ਵਿਚ ਫਸੇ ਰਹਿ ਕੇ) ਤੂੰ ਬਹਿਸ਼ਤ ਤੋਂ ਖੁੰਝ ਗਿਆ ਹੈਂ ਤੇ ਦੋਜ਼ਕ ਨਾਲ ਤੇਰਾ ਮਨ ਪਤੀਜ ਗਿਆ ਹੈ।

**ਸ਼ਬਦ ਦਾ ਭਾਵ** : ਨਿਰੀ ਸ਼ਰਹ ਜੇ ਦਿਲ ਵਿਚ ਠੱਗੀ ਹੈ ਤਾਂ ਨਮਾਜ਼, ਹੱਜ ਆਦਿ ਸਭ ਕੁਝ ਵਿਅਰਥ ਉਦਮ ਹੈ। ਸਭ ਵਿਚ ਵਸਦਾ ਰੱਬ ਮੁਰਗੀ ਆਦਿਕ ਦੀ ਕੁਰਬਾਨੀ ਨਾਲ ਭੀ ਖੁਸ਼ ਨਹੀਂ ਹੁੰਦਾ।*

*"ਮੁਸਲਮਾਨਾਂ ਦੇ ਧਾਰਮਿਕ ਪੁਸਤਕ ਖ਼ੁਦਾ ਦੇ ਨਾਮ 'ਤੇ ਕੁਰਬਾਨੀ ਦੇਣੀ ਵੀ ਦਸਦੇ ਹਨ ਤੇ ਸਾਰੇ ਜੀਵਾਂ ਵਿਚ ਖੁਦਾ ਦਾ ਹੋਣਾ ਵੀ ਤਸਲੀਮ ਕਰਦੇ ਹਨ। ਇਹੋ ਹਾਲ ਹਿੰਦੂਆਂ ਦਾ ਹੈ। ਇੱਥੇ ਉਹਨਾਂ ਦਾ ਖੁਦਾ ਦੇ ਨਾਮ 'ਤੇ ਜਾਨਵਰਾਂ ਦੀ ਕੁਰਬਾਨੀ ਦੇਣੀ ਚਾਹੀਦੀ ਹੈ, ਵਾਲਾ ਭਰੋਸਾ ਛੱਡ ਕੇ 'ਜਉ ਸਭ ਮੈ ਏਕ ਖੁਦਾਇ ਕਹਤ ਹਉ' ਵਾਲਾ ਨੁਕਤਾ ਪਕੜ ਲਿਆ। ਇਹ ਗੱਲ ਤਾਂ ਹੁਣ ਆਖ ਨਹੀਂ ਸਕਦੇ ਕਿ ਸਭ ਵਿਚ ਖੁਦਾ ਨਹੀਂ, ਇਸ ਵਾਸਤੇ ਉਹਨਾਂ ਦਾ ਸਿਧਾਂਤ ਗਲਤ ਹੋ ਜਾਂਦਾ ਹੈ ਕਿ ਇਸ ਤਰ੍ਹਾਂ ਹਲਾਲ ਕੀਤਾ ਹੋਇਆ ਜਾਨਵਰ ਖੁਦਾ ਦੀ ਭੇਟਾ ਹੋ ਜਾਂਦਾ ਹੈ, ਕਿਉਂਕਿ ਜਾਨਵਰ ਵੀ ਖੁਦਾ ਦਾ ਆਪਣਾ ਹੀ ਮਾਲ ਹੈ। ਦੂਜਾ ਆਦਮੀ ਇਸ ਦਾ ਦਾਤਾ ਬਣ ਕੇ ਮਾਣ ਕਿਉਂ ਕਰੇ ?" ਇਸ*

*ਤਰ੍ਹਾਂ ਕਬੀਰ ਜੀ ਨੇ ਟੇਢੇ ਤਰੀਕੇ ਨਾਲ ਉਹਨਾਂ ਦੇ ਬੇਦ-ਕਤੇਬਾਂ ਦੇ ਕੁਰਬਾਨੀ ਵਾਲੇ ਸਿਧਾਂਤ ਨੂੰ ਗਲਤ ਸਾਬਤ ਕਰ ਦਿੱਤਾ ਹੈ।"*

(ਝਟਕਾ ਪ੍ਰਕਾਸ਼/ਨਿਰੰਜਨ ਸਿੰਘ ਸਰਲ ਪੰਨਾ 110)

ਇੱਥੇ ਸਪੱਸ਼ਟ ਕੀਤਾ ਗਿਆ ਹੈ ਕਿ ਕੋਈ ਵਸਤੂ ਅਜਿਹੀ ਨਹੀਂ, ਜਿਸ ਨੂੰ ਅਸੀਂ ਖੁਦਾ ਦੀ ਭੇਟਾ ਦੇ ਯੋਗ ਸਮਝੀਏ। ਸਮੂਹ ਵਸਤੂਆਂ ਵਾਹਿਗੁਰੂ ਦੀ ਦਾਤ ਹਨ ਅਤੇ ਜੇਕਰ ਕੋਈ ਵਸਤੂ ਵਾਹਿਗੁਰੂ ਦੀ ਭੇਟਾ ਕਰਨ ਦਾ ਮਾਣ ਕਰੀਏ ਤਾਂ ਇਹ ਸਾਡੀ ਭੁੱਲ ਹੈ। ਇਹ ਤਾਂ ਧਰਮ ਦੇ ਪੁਜਾਰੀਆਂ ਨੇ ਆਪਣੀ ਉਦਰ ਪੂਰਤੀ ਲਈ ਕੁਰਬਾਨੀ ਦੀ ਆੜ ਵਿਚ ਢੰਗ ਅਪਨਾਏ ਹੋਏ ਹਨ। ਕਬੀਰ ਜੀ ਦੇ ਇਸ ਸ਼ਬਦ (ਪ੍ਰਭਾਤੀ ਰਾਗ) ਵਿਚ ਕੋਈ ਅਜਿਹਾ ਵਿਸ਼ਾ ਵਸਤੂ ਨਹੀਂ ਕਿ ਮਾਸ ਖਾਣ ਦੇ ਵਿਰੋਧ ਵਿਚ ਕੁਝ ਕਿਹਾ ਗਿਆ ਹੋਵੇ।

ਗੁਰੂ ਗ੍ਰੰਥ ਸਾਹਿਬ ਅੰਦਰ ਕਬੀਰ ਜੀ ਦਾ ਇਕ ਹੋਰ ਸਲੋਕ ਹੈ, ਜਿਸਨੂੰ ਮਾਸ-ਵਿਰੋਧੀ ਵੀਰ ਇਕ ਹਥਿਆਰ ਵਜੋਂ ਵਰਤਦੇ ਹਨ,

*ਕਬੀਰ ਭਾਂਗ ਮਾਛੁਲੀ ਸੁਰਾਪਾਨਿ*
*ਜੋ ਜੋ ਪ੍ਰਾਨੀ ਖਾਂਹਿ॥*
*ਤੀਰਥ ਬਰਤ ਨੇਮ ਕੀਏ*
*ਤੇ ਸਭੈ ਰਸਾਤਲਿ ਜਾਂਹਿ॥"*

(ਗੁਰੂ ਗ੍ਰੰਥ ਸਾਹਿਬ, ਪੰਨਾ 1377)

ਇਸ ਸਲੋਕ ਦੇ ਭਾਵ ਅਰਥਾਂ ਨੂੰ ਸਮਝਣ ਲਈ ਕਬੀਰ ਜੀ ਦੇ ਹੇਠ ਲਿਖੇ ਸਲੋਕ ਨੂੰ ਵੀ ਜੋੜ ਕੇ ਪੜ੍ਹਨਾ ਪਵੇਗਾ,

*ਕਬੀਰ ਏਕ ਘੜੀ ਆਧੀ ਘਰੀ*
*ਆਧੀ ਹੂੰ ਤੇ ਆਧ॥*
*ਭਗਤਨ ਸੇਤੀ ਗੋਸਟੇ*
*ਜੋ ਕੀਨੇ ਸੋ ਲਾਭ॥*

(ਗੁਰੂ ਗ੍ਰੰਥ ਸਾਹਿਬ, ਪੰਨਾ 1377)

ਕਬੀਰ ਜੀ ਆਖ ਰਹੇ ਹਨ ਕਿ ਸਾਧੂ ਦੀ ਸੰਗਤ ਕਰਨ ਦਾ ਇਹ ਭਾਵ ਨਹੀਂ ਕਿ ਜਿਤਨਾ ਚਿਰ ਸੰਗਤ ਵਿਚ ਬੈਠੇ ਰਹੋ, ਉਹਨਾਂ ਚਿਰ ਹੀ ਰਾਮ ਰਾਮ ਕਰੀ ਜਾਓ ਅਤੇ ਉਥੋਂ ਆ ਕੇ ਵਿਕਾਰਾਂ ਵਿਚ ਡੁੱਬ ਜਾਵੋ। ਇਸ ਤਰ੍ਹਾਂ ਉਪਰਲੇ ਸਲੋਕ ਵਿਚ ਭਾਵ-ਅਰਥ ਇਹੀ ਹੈ ਕਿ ਮਨੁੱਖ ਧਾਰਮਿਕ ਹੋਣ ਦਾ ਪ੍ਰਗਟਾਵਾ ਵੀ ਕਰੇ ਅਤੇ

ਇਸ ਦੇ ਨਾਲ ਹੀ ਵਿਕਾਰੀ ਜੀਵਨ ਤੋਂ ਪਰੇ ਨਾ ਹੋਵੋਂ। ਇੱਥੇ ਜੋ ਲੋਕ ਵਿਸ਼ੇ ਵਿਕਾਰਾਂ ਨੂੰ ਆਧਾਰ ਬਣਾ ਕੇ ਭੰਗ ਆਦਿ ਨਸ਼ੇ ਤੇ ਮੱਛੀ ਆਦਿਕ ਚੀਜ਼ਾਂ ਦਾ ਸੇਵਨ ਕਰਦੇ ਹਨ; ਅਜਿਹੇ ਲੋਕਾਂ ਦੀ ਨਿੰਦਾ ਕੀਤੀ ਗਈ ਹੈ। ਜੋ ਲੋਕ ਵਿਕਾਰੀ ਜੀਵਨ ਵਿਚ ਵਾਧਾ ਕਰਨ ਲਈ ਭੰਗ ਮੱਛੀ ਖਾਂਦੇ ਹਨ, ਉਹਨਾਂ ਦੇ ਸਾਰੇ ਤੀਰਥ, ਬਰਤ ਤੇ ਨੇਮ ਨਿਸਫਲ ਹੋ ਜਾਂਦੇ ਹਨ, ਕਿਉਂਕਿ ਉਹਨਾਂ ਦੇ ਜੀਵਨ ਵਿਚ ਚੰਗੇ ਗੁਣਾਂ ਨੂੰ ਧਾਰਨ ਕਰਨ ਦੀ ਰੁਚੀ ਨਹੀਂ ਹੁੰਦੀ। ਇਸ ਦੀ ਸਪੱਸ਼ਟਤਾ ਲਈ ਗੁਰੂ ਤੇਗ ਬਹਾਦਰ ਜੀ ਦਾ ਸਲੋਕ ਲੈਂਦੇ ਹਨ,

*ਤੀਰਥ ਬਰਤ ਅਰੁ ਦਾਨ ਕਰਿ*
*ਮਨ ਮੈ ਧਰੈ ਗੁਮਾਨੁ ॥*
*ਨਾਨਕ ਨਿਹਫਲ ਜਾਤ*
*ਤਿਹ ਜਿਉ ਕੁੰਚਰ ਇਸਨਾਨੁ ॥*

(ਸਲੋਕ 46, ਪੰਨਾ 1428)

ਇਹ ਸਲੋਕ ਅੰਦਰ ਗੁਰੂ ਗ੍ਰੰਥ ਸਾਹਿਬ ਆਖ ਰਹੇ ਹਨ ਕਿ ਜੇਕਰ ਕੋਈ ਪ੍ਰਾਣੀ ਤੀਰਥ 'ਤੇ ਜਾ ਕੇ, ਵਰਤ ਰੱਖ ਕੇ ਹੰਕਾਰ ਜਾਂ ਗੁਮਾਨ ਕਰਦਾ ਹੈ ਤਾਂ ਇਹ ਕਰਮ ਨਿਹਫਲ ਹੈ, ਪਰ ਗੁਰਮਤਿ ਵਿਚ ਤੀਰਥਾਂ 'ਤੇ ਜਾਣਾ ਜਾਂ ਤੀਰਥ-ਇਸ਼ਨਾਨ ਅਤੇ ਬਰਤ ਰੱਖਣਾ ਪਰਵਾਣ ਨਹੀਂ। ਉਪਰੋਕਤ ਸਲੋਕ ਦਾ ਭਾਵ-ਅਰਥ ਇਹੀ ਹੈ ਕਿ ਵਿਖਾਵੇ ਤੇ ਅਹੰਕਾਰ ਕਰਨ ਨੂੰ ਗੁਰੂ ਸਾਹਿਬ ਨਿੰਦਦੇ ਹਨ। ਭਾਵ ਇਹੀ ਹੈ ਕਿ ਹਰ ਬੰਦੇ ਨੂੰ ਪਖੰਡ ਤੇ ਵਿਖਾਵੇ ਦੇ ਕਰਮ-ਕਾਂਡਾਂ ਤੋਂ ਉਪਰ ਉਠ ਕੇ ਅਸਲੀ ਧਰਮੀ ਤੇ ਸਚਿਆਰ ਬਣਨਾ ਚਾਹੀਦਾ ਹੈ।

## ਦਇਆ ਤੇ ਅਹਿੰਸਾ ਦਾ ਸਿਧਾਂਤ

ਸਾਲ 1975 ਦੀ ਗੱਲ ਹੈ ਕਿ ਮੈਂ ਇਕ ਸੰਗੀਤ ਵਿਦਿਆਲੇ ਵਿਚ ਬੈਠਾ ਸਾਂ। ਸੰਗੀਤ ਉਸਤਾਦ ਜੀ ਨੇ ਝਟਕੇ ਦੀ ਦੁਕਾਨ ਤੋਂ ਮਾਸ ਮੰਗਾਇਆ ਅਤੇ ਜਦੋਂ ਉੱਥੇ ਬੈਠੇ ਇਕ ਸੰਗੀਤ ਸਿਖਣ ਵਾਲੀ ਬੀਬੀ ਜੀ ਨੂੰ ਪਤਾ ਲੱਗਾ ਕਿ ਉਸਤਾਦ ਜੀ ਨੇ ਮਾਸ ਮੰਗਾਇਆ ਤਾਂ ਉਹਨਾਂ ਕਿਹਾ ਦੇਖੋ "ਕਿਵੇਂ ਜੀਵ ਹੱਤਿਆ ਕਰਕੇ ਮਾਸ ਤਿਆਰ ਕੀਤਾ ਹੈ ਤੇ ਕੀ ਜੀਵ ਹੱਤਿਆ ਪਾਪ ਨਹੀਂ?" ਉਸਤਾਦ ਜੀ ਨੇ ਉੱਤਰ ਦਿੱਤਾ "ਬੀਬੀ ਜੀ! ਜਿਹਨਾਂ ਨੇ ਬੱਕਰਾ ਵੱਢਿਆ ਹੈ, ਉਹਨਾਂ ਨੂੰ ਹੀ ਪਾਪ ਲੱਗੂ, ਅਸੀਂ ਤਾਂ ਹੱਤਿਆ ਕੀਤੀ ਨਹੀਂ।"

ਕੋਈ ਸ਼ੱਕ ਨਹੀਂ ਕਿ ਬੁੱਧ ਧਰਮ ਵਾਲਿਆਂ ਨੇ ਅਹਿੰਸਾ ਸਿਧਾਂਤ ਨੂੰ ਪ੍ਰਚਾਰਿਆ ਅਤੇ ਬੁੱਧ ਧਰਮ ਦੀ ਸੰਸਾਰ ਵਿਚ ਮਾਨਤਾ ਵਧ ਜਾਣ ਕਾਰਨ, ਪੁਜਾਰੀ ਵਰਗ (ਬ੍ਰਾਹਮਣਾਂ) ਨੇ ਅਹਿੰਸਾ ਦੇ ਸਿਧਾਂਤ ਨੂੰ ਆਧਾਰ ਬਣਾ ਕੇ ਜਾਨਵਰਾਂ ਦੀ ਬਲੀ ਦੇਣ ਦੀ ਪ੍ਰਥਾ ਨੂੰ ਠੱਲ੍ਹ ਪਾਈ ਅਤੇ ਲੋਕਾਈ ਨੂੰ ਦੱਸਿਆ ਕਿ ਉਹ ਸ਼ਾਕਾਹਾਰੀ ਹਨ ਅਤੇ ਗਊ ਦੀ ਪਵਿੱਤਰਤਾ ਨੂੰ ਪ੍ਰਚਾਰਿਆ। ਚਲੋ, ਇਹ ਅਸੀਂ ਮੁਲਾਂਕਣ ਨਹੀਂ ਕਰ ਸਕਦੇ ਕਿ ਸੱਚੀ ਹੀ ਹਿੰਦੂ ਧਰਮ ਨੇ ਅਹਿੰਸਾ ਸਿਧਾਂਤ ਨੂੰ ਅਮਲੀ ਰੂਪ ਦੇ ਦਿੱਤਾ? ਜੈਨ ਧਰਮ ਦੇ ਅਹਿੰਸਾ ਸਿਧਾਂਤ ਬਾਰੇ ਗੁਰੂ ਨਾਨਕ ਸਾਹਿਬ ਨੇ ਆਪਣੇ ਵਿਚਾਰ ਦਿੱਤੇ ਹਨ ਕਿ ਉਹ ਇਸ ਸਿਧਾਂਤ ਦੀ ਪਾਲਣਾ ਕਰਨ ਲਈ ਕੀ ਕਰਮ ਕਰਦੇ ਸਨ :

*ਸਿਰੁ ਖੋਹਾਇ ਪੀਅਹਿ ਮਲਵਾਣੀ*
*ਜੂਠਾ ਮੰਗਿ ਮੰਗਿ ਖਾਹੀ॥*
*ਫੋਲਿ ਫਦੀਹਤਿ ਮੁਹਿ ਲੈਨਿ*
*ਭੜਾਸਾ ਪਾਣੀ ਦੇਖਿ ਸਗਾਹੀ॥*
*ਭੇਡਾ ਵਾਗੀ ਸਿਰੁ ਖੋਹਾਇਨਿ*
*ਭਰੀਅਨਿ ਹਥੁ ਸੁਆਹੀ॥*
*ਮਾਊ ਪੀਊ ਕਿਰਤੁ ਗਵਾਇਨਿ*
*ਟਬਰ ਰੋਵਨਿ ਧਾਹੀ॥*

(ਗੁਰੂ ਗ੍ਰੰਥ ਸਾਹਿਬ, ਪੰਨਾ 149)

ਸਰੇਵੜੇ ਜੈਨੀ ਮੈਲਾ ਪਾਣੀ ਪੀਂਦੇ ਹਨ ਅਤੇ ਜੂਠੀ ਰੋਟੀ ਮੰਗ ਕੇ ਖਾਂਦੇ ਹਨ, ਗੰਦੀ ਹਵਾੜ ਲੈਂਦੇ ਹਨ, ਆਪਣੇ ਵਿਸ਼ਟੇ ਨੂੰ ਫਰੋਲਦੇ ਹਨ ਕਿ ਕੋਈ ਜੀਵ ਨਾ ਮਰ ਜਾਏ, ਪਾਣੀ ਦੇਖ ਕੇ ਸੰਗਦੇ ਹਨ, ਭਾਵ ਇਸ਼ਨਾਨ ਆਦਿ ਕਰਨ ਤੋਂ ਸੰਕੋਚ ਕਰਦੇ ਹਨ।

ਆਪਣੇ ਪੁਰਖਾਂ ਵਾਲੀ ਕਿਰਤ ਛੱਡ ਦਿੰਦੇ ਹਨ ਅਤੇ ਪਰਿਵਾਰ ਭੁੱਖ, ਦੁੱਖ ਕਾਰਨ ਢਾਹਾਂ ਮਾਰ ਕੇ ਰੋਂਦੇ ਹਨ। ਆਪਣੇ ਲੱਕਾਂ ਨਾਲ ਪਿਆਲੇ ਬਧੇ ਹੁੰਦੇ ਹਨ, ਹੱਥਾਂ ਵਿਚ ਹਿੰਸਾ ਦੇ ਡਰ ਤੋਂ (ਕਿਤੇ ਜੀਵ ਨਾਂ ਪੈਰਾਂ ਹੇਠ ਆ ਕੇ ਮਰ ਜਾਣ) ਚੌਰੀਆਂ ਫੜੀਆਂ ਹੁੰਦੀਆਂ ਹਨ ਅਤੇ ਇਕ ਕਤਾਰ ਵਿਚ ਅੱਗੇ ਪਿੱਛੇ ਤੁਰਦੇ ਹਨ।

ਹੁਣ ਆਮ ਆਦਮੀ ਇਹੋ ਜਿਹੀ ਧਾਰਮਿਕ ਪਰੰਪਰਾਵਾਂ ਦਾ ਮੁਲਾਂਕਣ ਕਰ ਸਕਦਾ ਹੈ ਕਿ ਕੀ ਕੋਈ ਅਜਿਹੇ ਧਰਮ ਦਾ ਪੈਰੋਕਾਰ ਬਣ ਕੇ ਸਮਾਜ ਵਿਚ ਸੌਖੇ

ਰਹਿ ਸਕਦਾ ਹੈ। ਅਸੀਂ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਦੇਖ ਲਈਏ ਕਿ ਖੇਤਾਂ ਵਿਚ ਵਾਹੀ ਕਰਨ ਸਮੇਂ ਕਿਤਨੇ ਹੀ ਜੀਵ ਮਰ ਜਾਂਦੇ ਹਨ ਅਤੇ ਕਈ ਜੀਵਾਂ ਨੂੰ ਮਾਰਨਾ ਪੈਂਦਾ ਹੈ, ਨਹੀਂ ਤਾਂ ਫਸਲਾਂ ਸੁਰੱਖਿਅਤ ਨਹੀਂ ਰਹਿ ਸਕਦੀਆਂ।

ਗੁਰੂ ਨਾਨਕ ਸਾਹਿਬ ਜੀ ਆਪਣੀ ਬਾਣੀ ਦੁਆਰਾ ਦਾਰਸ਼ਨਿਕ ਪ੍ਰਸ਼ਨ ਚਿੰਨ੍ਹ ਲਗਾਉਂਦੇ ਹਨ ਕਿ ਕਿਸ ਕਰਮ ਨਾਲ ਪਾਪ ਹੁੰਦਾ ਹੈ ਤੇ ਕਿਸ ਨਾਲ ਨਹੀਂ।

*ਮਾਸੁ ਮਾਸੁ ਕਰਿ ਮੂਰਖੁ ਝਗੜੇ*
*ਗਿਆਨੁ ਧਿਆਨੁ ਨਹੀਂ ਜਾਣੈ॥*
*ਕਉਣੁ ਮਾਸੁ ਕਉਣੁ ਸਾਗੁ ਕਹਾਵੈ*
*ਕਿਸੁ ਮਹਿ ਪਾਪ ਸਮਾਣੇ॥*

(ਗੁਰੂ ਗ੍ਰੰਥ ਸਾਹਿਬ, ਪੰਨਾ 1289-90)

ਜਗਦੀਸ਼ ਚੰਦਰ ਬੋਸ (ਬਨਸਪਤੀ ਵਿਗਿਆਨੀ) ਨੇ ਸਿੱਧ ਕੀਤਾ ਸੀ ਕਿ ਦਰੱਖਤਾਂ ਤੇ ਬਨਸਪਤੀ ਅੰਦਰ ਵੀ ਆਤਮਾ ਹੈ। ਗੁਰੂ ਨਾਨਕ ਸਾਹਿਬ ਆਸਾ ਕੀ ਵਾਰ ਵਿਚ ਐਲਾਨ ਹੀ ਕਰ ਦਿੰਦੇ ਹਨ-

*ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ॥*
*ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ॥*
*ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ॥*
*ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥*

(ਗੁਰੂ ਗ੍ਰੰਥ ਸਾਹਿਬ, ਅੰਗ 472)

ਜੇ ਸੂਤਕ ਨੂੰ ਮੰਨ ਲਈਏ (ਭਾਵ ਜੇ ਇਹ ਮੰਨ ਲਈਏ ਕਿ ਸੂਤਕ ਦਾ ਭਰਮ ਰੱਖਣਾ ਚਾਹੀਦਾ ਹੈ ਤਾਂ ਇਹ ਵੀ ਚੇਤਾ ਰੱਖੋ ਕਿ ਇਸ ਤਰ੍ਹਾਂ) ਸੂਤਕ ਸਭ ਥਾਈਂ ਹੁੰਦਾ ਹੈ; ਗੋਹੇ ਅਤੇ ਲੱਕੜੀ ਦੇ ਅੰਦਰ ਵੀ ਕੀੜੇ ਹੁੰਦੇ ਹਨ (ਭਾਵ ਜੰਮਦੇ ਰਹਿੰਦੇ ਹਨ); ਅੰਨ ਦੇ ਜਿਤਨੇ ਦਾਣੇ ਹਨ, ਇਹਨਾਂ ਵਿਚੋਂ ਕੋਈ ਦਾਣਾ ਵੀ ਜੀਵ ਤੋਂ ਬਿਨਾਂ ਨਹੀਂ ਹੈ। ਪਾਣੀ ਆਪ ਵੀ ਜੀਵ ਹੈ, ਕਿਉਂਕਿ ਇਸ ਨਾਲ ਹਰੇਕ ਜੀਵ ਹਰਾ (ਭਾਵ, ਜਿੰਦ ਵਾਲਾ) ਹੁੰਦਾ ਹੈ।...

ਉਪਰੋਕਤ ਗੁਰਬਾਣੀ ਬਚਨਾਂ ਅੰਦਰ ਸਪੱਸ਼ਟ ਹੁੰਦਾ ਹੈ ਕਿ ਅਸੀਂ ਅਹਿੰਸਾ ਵਾਲੇ ਸਿਧਾਂਤ ਨੂੰ ਕਿਸ ਹੱਦ ਤੱਕ ਮਨਾਂਗੇ ? ਜੀਵ ਦਇਆ ਜਾਂ ਅਹਿੰਸਾ ਵਾਲੇ ਨੁਕਤੇ ਨੂੰ ਫੜ ਕੇ ਜੋ ਲੋਕ ਮਾਸ ਅਹਾਰ ਦਾ ਵਿਰੋਧ ਕਰਦੇ ਹਨ, ਉਹ ਗੁਰਮਤਿ ਸਿਧਾਂਤਾਂ ਨੂੰ ਸਮਝਣ ਤੋਂ ਅਸਮਰੱਥ ਹਨ। ਅੱਜ ਸੰਸਾਰ ਅੰਦਰ ਦੁਨੀਆਂ ਦਾ ਬਹੁਤ

ਵੱਡਾ ਹਿੱਸਾ ਮਾਸ ਅਹਾਰ ਕਰਦੀ ਹੈ। 'ਸੀਫੂਡਜ਼' ਸਮੁੰਦਰ ਵਿਚ ਪਲ ਰਹੇ ਜੀਵ ਮੱਛੀਆਂ ਜਾਂ ਕੇਕੜੇ ਆਦਿ ਦੇ ਅਹਾਰ ਨੂੰ ਸਿਹਤ ਵਿਗਿਆਨੀ ਵਧੀਆ ਖ਼ੁਰਾਕ ਮੰਨਦੇ ਹਨ। ਜੋ ਦਿਲ ਦੇ ਮਰੀਜ਼ ਹਨ, ਡਾਕਟਰਾਂ ਵਲੋਂ ਉਹਨਾਂ ਨੂੰ ਮੱਛੀ ਦਾ ਸੇਵਨ ਕਰਨ ਲਈ ਪ੍ਰੇਰਿਆ ਜਾਂਦਾ ਹੈ ਜਾਂ ਉਹ ਮੱਛੀ ਦੇ ਤੇਲ ਦੇ ਬਣੇ ਕੈਪਸੂਲ ਖਾਂਦੇ ਹਨ। ਇਸ ਤੋਂ ਬਿਨਾਂ ਦੁਨੀਆਂ ਦੇ ਬਹੁਤ ਸੱਭਿਆਚਾਰ ਹਨ, ਜਿਹਨਾਂ ਦਾ ਪੇਸ਼ਾ ਮੱਛੀਆਂ ਪਾਲਣਾ ਤੇ ਮੱਛੀਆਂ ਫੜਨਾ ਹੈ।

ਮੈਂ ਆਪਣੇ ਅੱਖੀਂ ਦੇਖਿਆ ਕਿ ਪੰਜਾਬ ਵਿਚ ਅਵਾਰਾ ਪਸ਼ੂ ਕਿਸਾਨਾਂ ਦੀਆਂ ਫਸਲਾਂ ਦਾ ਉਜਾੜਾ ਸ਼ਰੇਆਮ ਕਰ ਰਹੇ ਹਨ। ਗਊ ਦੀ ਪਵਿੱਤਰਤਾ ਨੂੰ ਵਧੇਰੇ ਪ੍ਰਚਾਰਿਆ ਜਾ ਰਿਹਾ ਹੈ ਅਤੇ ਪੰਜਾਬ ਵਿਚ ਬੁੱਚੜਖਾਨੇ ਬੰਦ ਕਰ ਦਿੱਤੇ ਗਏ ਅਤੇ ਜੀਵ-ਹੱਤਿਆ ਕਰਨ ਵਾਲੇ ਨੂੰ ਮਹਾਂ ਅਪਰਾਧ ਮੰਨਿਆ ਜਾਂਦਾ ਹੈ। ਇਸ ਤੋਂ ਬਿਨਾਂ ਪੰਜਾਬ ਵਿਚ ਅਵਾਰਾ ਕੁੱਤਿਆਂ ਦੀ ਗਿਣਤੀ ਬਹੁਤ ਵੱਧ ਚੁੱਕੀ ਹੈ। ਜਿੱਥੇ ਇਹ ਅਵਾਰਾ ਕੁੱਤੇ ਗੰਦ ਪਾਉਂਦੇ ਹਨ, ਉੱਥੇ ਇਹ ਕੁੱਤੇ ਮਾਸਾਹਾਰੀ ਹਨ ਅਤੇ ਬੱਚਿਆਂ ਅਤੇ ਬਿਰਧ ਵਿਅਕਤੀਆਂ ਨੂੰ ਨੋਚ ਨੋਚ ਕੇ ਖਾਹ ਜਾਂਦੇ ਹਨ। ਕੀ ਅਸੀਂ ਬਜ਼ੁਰਗਾਂ ਜਾਂ ਬੱਚਿਆਂ ਨੂੰ ਜੀਵ ਨਹੀਂ ਮੰਨਦੇ ? ਕੀ ਇਹ ਜੀਵ ਹੱਤਿਆ ਨਹੀਂ ? ਦੋ ਤਿੰਨ ਦਹਾਕੇ ਪਹਿਲਾਂ ਕਾਨੂੰਨ ਅਨੁਸਾਰ ਅਵਾਰਾ ਕੁੱਤਿਆਂ ਨੂੰ ਮਾਰ ਦਿੱਤਾ ਜਾਂਦਾ ਸੀ, ਪਰ ਹੁਣ ਜੀਵ ਹੱਤਿਆ ਨੂੰ ਅਪਰਾਧ ਮੰਨਣ ਕਾਰਨ ਲੋਕਾਂ ਨੂੰ ਡਰ ਅਤੇ ਭੈਅ ਵਿਚ ਜੀਣਾ ਪੈ ਰਿਹਾ ਹੈ। ਗਾਈਆਂ ਅਤੇ ਅਵਾਰਾ ਕੁੱਤਿਆਂ ਦੁਆਰਾ ਦਿਨ ਦਿਹਾੜੇ ਮੌਤਾਂ ਤੇ ਸੜਕਾਂ ਉੱਤੇ ਦੁਰਘਟਨਾਵਾਂ ਵਧੇਰੇ ਹੋ ਰਹੀਆਂ ਹਨ, ਪਰ ਪ੍ਰਸ਼ਾਸ਼ਨ ਵਲੋਂ ਕੋਈ ਉਪਾਉ ਨਹੀਂ ਹੋ ਰਹੇ ! ਕੀ ਇੱਥੇ ਜੀਵ ਦਇਆ ਤੇ ਅਹਿੰਸਾ ਸਿਧਾਂਤ ਹੈ ਜਾਂ ਅਸੀਂ ਪਾਖੰਡ ਹੀ ਕਰਦੇ ਹਾਂ ?

ਸਾਨੂੰ ਸੋਚਣਾ ਪਵੇਗਾ ਕਿ ਸਮਾਜ ਦੇ ਭਲੇ ਲਈ ਕੀ ਕਦਮ ਚੁੱਕੇ ਜਾਣ। ਲੋਕ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਨ। ਜੇ ਲੋਕਾਈ ਆਰਥਿਕ ਤੌਰ 'ਤੇ ਔਖਾ ਜੀਵਨ ਨਿਰਬਾਹ ਕਰਦੀ ਹੈ। ਜੇਕਰ ਸਿਹਤ ਸਹੂਲਤਾਂ ਦੀ ਅਣਹੋਂਦ ਹੈ, ਲੋਕ ਗਰੀਬੀ ਕਾਰਨ ਮਰ ਰਹੇ ਹਨ ਜਾਂ ਉਹਨਾਂ ਨੂੰ ਅਣਡਿੱਠ ਕੀਤਾ ਜਾ ਰਿਹਾ ਹੈ ਤਾਂ ਧਰਮ ਦੇ ਨਾਮ 'ਤੇ ਜੀਅ ਦਇਆ ਜਾਂ ਅਹਿੰਸਾ ਵਰਗੇ ਸਿਧਾਂਤਾਂ ਦੀ ਕੀ ਭੂਮਿਕਾ ਹੈ ? ਵਿਦਵਾਨ ਸਵਾਮੀ ਵਿਵੇਕਾਨੰਦ ਜੀ ਦੀ ਅਹਿੰਸਾ ਬਾਰੇ ਨਵੀਨ ਪਰਿਭਾਸ਼ਾ ਹੀ ਮੰਨਣਯੋਗ ਹੈ। ਉਹਨਾਂ ਅਨੁਸਾਰ ਅਸਲ ਅਹਿੰਸਾ ਉਹ ਹੈ, ਜੇਕਰ ਅੰਦਰੋਂ ਈਰਖ਼ਾ ਪੂਰੀ ਤਰ੍ਹਾਂ ਖ਼ਤਮ ਹੋ ਜਾਵੇ। ਜਿਤਨਾ ਚਿਰ ਮਨੁੱਖ ਦੇ ਅੰਦਰੋਂ ਈਰਖਾ

ਨਹੀਂ ਮਰਦੀ, ਉਹਨਾਂ ਚਿਰ ਉਹ ਅਹਿੰਸਾ ਦਾ ਧਾਰਨੀ ਨਹੀਂ ਹੋ ਸਕਦਾ। ਜਿਵੇਂ ਗਊ ਤੇ ਭੇਡ ਮਾਸ ਨਹੀਂ ਖਾਂਦੇ, ਕੀ ਉਹ ਮਹਾਨ ਯੋਗੀ ਹਨ?... ਜਿਸ ਮਨੁੱਖ ਅੰਦਰ ਕਦੀ ਕਿਸੇ ਪ੍ਰਤੀ ਈਰਖਾ ਨਾ ਉਪਜੇ, ਦੁਸ਼ਮਣਾਂ ਦੀ ਤਰੱਕੀ 'ਤੇ ਵੀ ਖ਼ੁਸ਼ ਹੋਵੇ, ਉਹ ਇਨਸਾਨ ਯੋਗੀ ਹੈ, ਭਗਤ ਹੈ, ਭਾਵੇਂ ਉਹ ਨਿਤ ਸੂਰ ਦਾ ਮਾਸ ਖਾਵੇ। (the complete works of Vivekanand, Vol. 3 pages 67-68)

ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਅਹਿੰਸਾ ਸਿਧਾਂਤ ਦੀ ਬਹੁਤ ਹੀ ਵਧੀਆ ਵਿਆਖਿਆ ਕੀਤੀ ਹੈ,

*ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥*

(ਗੁਰੂ ਗ੍ਰੰਥ ਸਾਹਿਬ, ਪੰਨਾ 468))

ਗੁਰੂ ਸਾਹਿਬ ਜੀ ਨੇ ਮਨੁੱਖ ਨੂੰ ਸਚਿਆਰ ਬਣਨ ਦੀ ਗੱਲ ਕਹੀ ਹੈ ਕਿ ਸਮਾਜ ਵਿਚ ਰਹਿੰਦਿਆਂ ਕਿਰਤ ਕਰੇ ਅਤੇ ਲੋੜਵੰਦਾਂ ਤੇ ਭੁੱਖੇ ਜੀਵਾਂ (ਮਨੁੱਖਾਂ) ਉੱਤੇ ਤਰਸ ਕਰੇ ਅਤੇ ਕੁਝ ਪੁੰਨ ਦਾਨ ਵੀ ਕਰੇ।

*ਘਾਲਿ ਖਾਇ ਕਿਛੁ ਹਥਹੁ ਦੇਇ ॥*
*ਨਾਨਕ ਰਾਹੁ ਪਛਾਣਹਿ ਸੇਇ ॥*

(ਸਲੋਕ ਮਹਲਾ ੧ ਪੰਨਾ 1245)

ਜਿੱਥੋਂ ਤੱਕ ਦਇਆ ਕਰਨ ਦੀ ਗੱਲ ਹੈ, ਉੱਥੇ ਮਨੁੱਖ ਤੇ ਪਸ਼ੂ-ਪੰਛੀ ਵੀ ਆ ਸਕਦੇ ਹਨ। ਵਿਦੇਸ਼ਾਂ ਵਿਚ ਦੇਖਦੇ ਹਾਂ ਕਿ ਫੱਟੜ ਪੰਛੀਆਂ ਦੀ ਦੇਖ ਭਾਲ ਕਰਕੇ ਤੰਦਰੁਸਤ ਹੋਣ 'ਤੇ ਉਡਾ ਦਿੱਤਾ ਜਾਂਦਾ ਹੈ। ਜੰਗਲੀ ਜਾਨਵਰਾਂ ਨਾਲ ਵੀ ਇਸ ਤਰ੍ਹਾਂ ਹੁੰਦਾ ਹੈ, ਉਹਨਾਂ ਦਾ ਇਲਾਜ ਕਰਕੇ ਜੰਗਲਾਂ ਵਿਚ ਛੱਡ ਦਿੱਤਾ ਜਾਂਦਾ ਹੈ। ਜਾਨਵਰ ਤੇ ਪੰਛੀਆਂ ਦੀਆਂ ਨਸਲਾਂ ਬਚਾਉਣ ਲਈ ਜੰਗਲਾਂ ਦੀ ਰਾਖੀ ਕੀਤੀ ਜਾਂਦੀ ਹੈ। ਜਾਪਦਾ ਇੰਝ ਹੈ ਕਿ ਜੇਕਰ ਭਾਰਤ ਦੀ ਸਰਕਾਰ ਨੇ ਚੰਗੀਆਂ ਲੋਕ ਨੀਤੀਆਂ ਨਾ ਅਪਨਾਈਆਂ ਤਾਂ ਭਾਰਤ ਬਾਰੇ ਲੋਕ-ਰਾਵਾਂ ਕਦੀ ਵੀ ਚੰਗੀਆਂ ਨਹੀਂ ਬਣਨਗੀਆਂ।

▲ ▲ ▲

# ਮਾਸ ਖਾਣਾ ਅਤੇ ਰਹਿਤ ਮਰਿਯਾਦਾ

ਸਿੱਖਾਂ ਅੰਦਰ ਮਾਸ ਖਾਣਾ ਜਾਂ ਨਹੀਂ ਖਾਣਾ, ਇਕ ਬੇਲੋੜਾ ਚਰਚਿਤ ਵਿਸ਼ਾ ਬਣ ਚੁੱਕਾ ਹੈ। ਆਮ ਤੌਰ ਉੱਤੇ ਪੁੱਛਿਆ ਜਾਂਦਾ ਹੈ ਕਿ ਕੀ ਸਿੱਖਾਂ ਨੂੰ ਮਾਸ ਖਾਣ ਦੀ ਆਗਿਆ ਹੈ? ਅਸੀਂ ਇਸ ਸਵਾਲ ਦਾ ਉੱਤਰ ਹਾਂ ਜਾਂ ਨਹੀਂ ਵਿਚ ਜਾਣਨਾ ਚਾਹੁੰਦੇ ਹਾਂ। ਜਿਹਨਾਂ ਚਿਰ ਤੱਕ ਇਸ ਦੇ ਉੱਤਰ 'ਨਾਂ ਜਾਂ ਹਾਂ ਦਾ ਠੀਕ ਤਰ੍ਹਾਂ ਵਿਸ਼ਲੇਸ਼ਣ ਨਹੀਂ ਹੁੰਦਾ ਤਾਂ ਸਮੱਸਿਆ ਬਣੀ ਰਹੇਗੀ। ਹੁਣ ਉਪਰੋਕਤ ਸਵਾਲ ਦੇ ਉੱਤਰ 'ਹਾਂ ਜਾਂ ਨਾਂ' ਦਾ ਗੁਰਬਾਣੀ ਦੀ ਰੋਸ਼ਨੀ ਵਿਚ ਮੁਲਾਂਕਣ ਕਰਨ ਦਾ ਜਤਨ ਕਰਾਂਗੇ।

## ਰਹਿਤ ਮਰਿਯਾਦਾ ਅੰਦਰ ਮਾਸ ਬਾਰੇ ਹਦਾਇਤਾਂ

ਸਿੱਖ ਰਹਿਤ ਮਰਿਯਾਦਾ ਅੰਦਰ ਅੰਕਿਤ ਹੈ ਕਿ ਸਿੱਖ ਲਈ 'ਕੁੱਠਾ' ਮਾਸ ਖਾਣ ਦੀ ਮਨਾਹੀ ਹੈ। 'ਕੁੱਠਾ' ਬਾਰੇ ਇਹ ਵਿਆਖਿਆ ਕੀਤੀ ਹੋਈ ਹੈ ਕਿ 'ਕੁੱਠਾ' ਮੁਸਲਮਾਨੀ ਤਰੀਕੇ ਨਾਲ ਤਿਆਰ ਕੀਤਾ ਹੋਇਆ ਮਾਸ ਹੈ।

ਰਹਿਤ ਮਰਿਯਾਦਾ ਅੰਦਰ ਮਾਸ ਖਾਣ ਜਾਂ ਨਾ ਖਾਣ ਬਾਰੇ ਕੋਈ ਵਿਸ਼ੇਸ਼ ਹਦਾਇਤ ਨਹੀਂ ਹੈ। ਪਰ ਮੰਦਭਾਗੀ ਮਾਸ ਖਾਣ ਜਾਂ ਮਾਸ ਨਾ ਖਾਣ ਬਾਰੇ ਬਹੁਤ ਤੇ ਬੇਲੋੜੀ ਚਰਚਾ ਕੀਤੀ ਜਾਂਦੀ ਹੈ। ਕੁਝ ਸਿੱਖ ਸਮਝਦੇ ਹਨ ਕਿ ਜਦੋਂ ਲਿਖਿਆ ਹੋਇਆ ਹੈ ਕਿ ਕੁੱਠਾ ਮਾਸ ਨਹੀਂ ਖਾਣਾ ਤਾਂ ਸਪੱਸ਼ਟ ਹੈ ਕਿ ਸਿੱਖਾਂ ਲਈ ਮਾਸ ਖਾਣ ਦੀ ਖੁੱਲ੍ਹ ਹੈ। ਉਹਨਾਂ ਦੇ ਅਨੁਸਾਰ ਹਰ ਤਰ੍ਹਾਂ ਦੇ ਮਾਸ ਖਾਣ ਦੀ ਖੁੱਲ੍ਹ ਹੈ, ਜੇਕਰ ਉਹ ਕੁੱਠਾ ਨਾ ਹੋਵੇ। ਦੂਜੇ ਪਾਸੇ ਕੁਝ ਸਿੱਖ ਉਪਰੋਕਤ ਵਿਆਖਿਆ ਨਾਲ ਸਹਿਮਤ ਨਹੀਂ ਹਨ। ਉਹਨਾਂ ਅਨੁਸਾਰ 'ਕੁੱਠਾ' ਦਾ ਅਰਥ ਮ੍ਰਿਤਕ ਜਾਨਵਰ ਹੈ ਅਤੇ ਇਸ ਲਈ ਉਹ ਹਰ ਪ੍ਰਕਾਰ ਦੇ ਮਾਸ ਖਾਣ ਦੇ ਵਿਰੋਧੀ ਹਨ। ਉਹ ਸਮਝਦੇ ਹਨ ਕਿ ਕੁੱਠਾ ਅਤੇ ਝਟਕਾ ਕਰਨ ਨਾਲ ਜੀਵ-ਹੱਤਿਆ ਹੁੰਦੀ ਹੈ ਅਤੇ ਹੱਤਿਆ ਕਰਨਾ ਪਾਪ ਹੈ। ਇਸ ਲਈ ਉਹ ਸੋਚਦੇ ਹਨ ਕਿ ਸਭ ਤਰ੍ਹਾਂ ਦੇ ਮਾਸ ਖਾਣ ਦੀ ਸਿੱਖਾਂ ਨੂੰ ਮਨਾਹੀ ਹੈ।

ਕੁਝ ਸਿੱਖ ਵੱਖਰੀ ਸੋਚ ਰੱਖਦੇ ਹਨ। ਉਹ ਆਖਦੇ ਹਨ ਕਿ ਸ਼ਾਕਾਹਾਰੀ ਹੋਣਾ

ਵੈਸ਼ਨਵ ਧਰਮ (ਹਿੰਦੂ ਧਰਮ ਦੀ ਸੰਪਰਦਾ) ਦਾ ਸਿਧਾਂਤ ਹੈ। ਜੇਕਰ ਸਿੱਖਾਂ ਨੇ ਆਪਣੇ ਆਪ ਨੂੰ ਵਿਲੱਖਣ ਸਮਝਣਾ ਹੈ ਤਾਂ ਵੈਸ਼ਨਵ ਧਰਮ ਦੀ ਰਹੁ-ਰੀਤ ਤੋਂ ਲਾਂਭੇ ਹੋਣ ਲਈ ਝਟਕਾ ਮਾਸ ਜ਼ਰੂਰੀ ਖਾਣਾ ਚਾਹੀਦਾ ਹੈ।

ਮਾਸ ਸੰਬੰਧੀ ਅਨੇਕਾਂ ਪੁਸਤਕਾਂ ਅਤੇ ਲੇਖ ਲਿਖੇ ਹੋਏ ਮਿਲਦੇ ਹਨ, ਜਿਹਨਾਂ ਵਿਚ ਮਾਸ ਖਾਣ ਅਤੇ ਮਾਸ ਨਾ ਖਾਣ ਵਾਲਿਆਂ ਵਲੋਂ ਆਪਣੇ ਆਪਣੇ ਪੱਖ ਵਿਚ ਰਾਵਾਂ ਲਿਖੀਆਂ ਹੋਈਆਂ ਹਨ। ਦੋਨਾਂ ਵਲੋਂ ਆਪਣੇ ਵਿਚਾਰਾਂ ਨੂੰ ਠੀਕ ਦਸਣ ਲਈ ਗੁਰਬਾਣੀ ਨੂੰ ਆਧਾਰ ਬਣਾਇਆ ਗਿਆ ਹੈ। ਇਸ ਵਿਸ਼ੇ ਦੇ ਸੰਬੰਧ ਵਿਚ ਗੁਰਬਾਣੀ ਦੀ ਵਿਆਖਿਆ ਕਰਨ ਤੇ ਵੀ ਸਿੱਖ ਵੰਡੇ ਹੋਏ ਹਨ। ਮਾਸ ਖਾਣ ਜਾਂ ਨਾ ਖਾਣ ਵਾਲਿਆਂ ਨੇ ਆਪਣੀ ਆਪਣੀ ਸੋਚ ਅਨੁਸਾਰ ਗੁਰਬਾਣੀ ਦੀਆਂ ਤੁੱਕਾਂ ਦਾ ਪ੍ਰਯੋਗ ਕੀਤਾ ਹੈ ਅਤੇ ਆਪਣੇ ਆਪ ਨੂੰ ਸਹੀ ਸਿੱਧ ਕਰਨ ਦਾ ਜਤਨ ਕੀਤਾ ਗਿਆ ਹੈ।

ਦੁਖਾਂਤ ਇਹ ਵੀ ਹੈ ਕਿ ਕੁਝ ਵਿਅਕਤੀਆਂ ਵਲੋਂ ਗੁਰਬਾਣੀ ਦੇ ਭਾਵ ਅਰਥਾਂ ਦੀ ਥਾਂ ਅੱਖਰੀ ਅਰਥ ਕੀਤੇ ਗਏ ਹਨ। ਇਸ ਲੇਖ ਵਿਚ ਜਤਨ ਕੀਤਾ ਜਾਵੇਗਾ ਕਿ ਗੁਰਬਾਣੀ ਸ਼ਬਦਾਂ ਦੇ ਭਾਵ ਅਰਥਾਂ ਨੂੰ ਆਧਾਰ ਬਣਾ ਕੇ ਗੁਰਮਤਿ ਸਿਧਾਂਤਾਂ ਦੀ ਵਿਸਥਾਰ ਵਿਚ ਸਪੱਸ਼ਟ ਵਿਆਖਿਆ ਕੀਤੀ ਜਾਵੇ।

ਅੱਖਰੀਂ ਅਰਥ ਭੁਲੇਖਾ ਪਾਊ ਹੋ ਸਕਦੇ ਹਨ

ਜਦੋਂ ਅਸੀਂ ਗੁਰਬਾਣੀ ਦੇ ਅੱਖਰੀ ਅਰਥਾਂ ਤੱਕ ਸੀਮਤ ਹੋ ਕੇ ਇਹ ਜਾਣਨ ਦਾ ਜਤਨ ਨਹੀਂ ਕਰਦੇ ਕਿ ਗੁਰਬਾਣੀ ਦੀਆਂ ਪੰਗਤੀਆਂ ਕਿਸ ਸੰਦਰਭ ਜਾਂ ਵਿਸ਼ੇ ਦੀ ਵਿਆਖਿਆ ਪ੍ਰਤੀ ਉਚਾਰਨ ਹੋਈਆਂ ਹਨ।

**ਉਦਾਹਰਣ-1**

*ਤੈ ਸਾਹਿਬ ਕੀ ਬਾਤ ਜਿ ਆਖੈ*
*ਕਹੁ ਨਾਨਕ ਕਿਆ ਦੀਜੈ ॥*
*ਸੀਸੁ ਵਢੇ ਕਰਿ ਬੈਸਣੁ*
*ਦੀਜੈ ਵਿਣੁ ਸਿਰ ਸੇਵ ਕਰੀਜੈ ॥*

(ਗੁਰੂ ਗ੍ਰੰਥ ਸਾਹਿਬ, ਪੰਨਾ 558)

ਅੱਖਰੀ ਅਰਥ ਹਨ ਕਿ ਜੇਕਰ ਕੋਈ ਤੁਹਾਨੂੰ ਅਕਾਲ ਪੁਰਖ ਦੀ ਮਹਿਮਾ ਜਾਂ ਉਪਮਾ ਕਰੇ ਤਾਂ ਤੁਸੀਂ ਸਿਰ ਕੱਟ ਕੇ ਉਸ ਦੇ ਅੱਗੇ ਰੱਖ ਕੇ ਉਸ ਨੂੰ ਉਸ ਉੱਤੇ ਬੈਠਾਓ ਤੇ ਬਿਨਾਂ ਸੀਸ ਉਸ ਦੀ ਸੇਵਾ ਕਰੋ।

**ਉਦਾਹਰਣ–2**

*ਜਲ ਕੈ ਮਜਨਿ ਜੇ ਗਤਿ ਹੋਵੈ*
*ਨਿਤ ਨਿਤ ਮੇਂਡੁਕ ਨਾਵਹਿ॥*
*ਜੈਸੇ ਮੇਂਡੁਕ ਤੈਸੇ ਓਇ ਨਰ*
*ਫਿਰਿ ਫਿਰਿ ਜੋਨੀ ਆਵਹਿ॥*

(ਗੁਰੂ ਗ੍ਰੰਥ ਸਾਹਿਬ, ਪੰਨਾ 484)

ਜੇ ਪਾਣੀ ਵਿਚ ਇਸ਼ਨਾਨ ਕਰਨ ਨਾਲ ਮੁਕਤੀ ਹੁੰਦੀ ਹੋਵੇ ਤਾਂ ਡੱਡੂ ਸਦਾ ਪਾਣੀ ਵਿਚ ਹੀ ਰਹਿੰਦਾ ਹੈ। ਜੇਕਰ ਮਨੁੱਖ ਵੀ ਵਾਰ–ਵਾਰ ਇਸ਼ਨਾਨ ਕਰਦਾ ਹੈ ਉਹ ਜਨਮ ਮਰਨ ਦੇ ਚੱਕਰ ਵਿਚ ਰਹੇਗਾ।

**ਉਦਾਹਰਣ–3**

*...ਗਾਵਹਿ ਖਾਣੀ ਚਾਰੇ॥*

ਇਹ ਚਾਰ ਖਾਣੀਆਂ, ਜਿਸ ਤੋਂ ਜੀਵਾਂ ਦੀ ਉਪਜ ਮੰਨੀ ਜਾਂਦੀ ਹੈ, ਰੱਬ ਦੀ ਸਿਫਤ ਕਰਦੀਆਂ ਹਨ।

*"ਕੇਤੀਆ ਖਾਣੀ ਕੇਤੀਆ ਬਾਣੀ..."*

ਅਸਲ ਤੱਤ ਇਹ ਹੈ ਕਿ ਖਾਣੀਆਂ ਤੇ ਬਾਣੀਆਂ ਦੀ ਗਿਣਤੀ ਹੋ ਨਹੀਂ ਸਕਦੀ। ਸਪੱਸ਼ਟ ਹੈ ਕਿ ਉਪਰੋਕਤ ਦਿੱਤੀਆਂ ਪੰਗਤੀਆਂ ਦੇ ਅੱਖਰੀ ਅਰਥ ਕਰਨ ਨਾਲ ਕੋਈ ਸਮਝ ਵਿਚ ਨਹੀਂ ਆਵੇਗਾ, ਸਗੋਂ ਅੱਖਰੀ ਅਰਥਾਂ ਤੱਕ ਸੀਮਤ ਹੋਣ ਨਾਲ, ਉਪਦੇਸ਼ ਵੀ ਸਹੀ ਨਹੀਂ ਲੱਗੇਗਾ ਅਤੇ ਗੁਰਮਤਿ ਅਨੁਸਾਰ ਢੁੱਕਵਾਂ ਨਹੀਂ ਹੋਵੇਗਾ, ਪਰ ਜੇਕਰ ਅਸੀਂ ਸ਼ਬਦਾਂ ਅਤੇ ਮੁਹਾਵਰਿਆਂ ਨੂੰ ਸ਼ਬਦ ਦੇ ਭਾਵ ਅਰਥਾਂ ਦੁਆਰਾ ਸਮਝਣ ਦਾ ਜਤਨ ਕਰਾਂਗੇ ਤਾਂ ਕੋਈ ਸਮੱਸਿਆ ਨਹੀਂ ਹੋਵੇਗੀ। ਉਪਰ ਦਿੱਤੀਆਂ ਗੁਰਬਾਣੀ ਪੰਗਤੀਆਂ ਅੰਦਰ ਸਿਧਾਂਤ ਸਪੱਸ਼ਟ ਹਨ ਅਤੇ ਅਸੀਂ ਸਹਿਮਤ ਵੀ ਹੋਵਾਂਗੇ, ਪਰ ਇਹ ਵੀ ਜ਼ਰੂਰੀ ਹੈ ਕਿ ਅਸੀਂ ਅੱਖਰੀ ਅਰਥਾਂ ਤੱਕ ਸੀਮਤ ਨਾ ਹੋਈਏ।

1. ਪਹਿਲੀਆਂ ਪੰਗਤੀਆਂ ਅੰਦਰ ਉਪਦੇਸ਼ ਹੈ ਕਿ ਸਿੱਖ ਨੂੰ ਰੱਬੀ ਗੁਣਾਂ ਦੇ ਧਾਰਨੀਆਂ ਦਾ ਵੱਧ ਤੋਂ ਵੱਧ ਸਤਿਕਾਰ ਕਰਨਾ ਚਾਹੀਦਾ ਹੈ। ਇਹ ਅਰਥ ਬਣਦੇ ਹੀ ਨਹੀਂ ਕਿ ਸਿੱਖ ਪਹਿਲਾਂ ਆਪਣਾ ਸਿਰ ਕੱਟ ਦੇਵੇ। ਇਹ ਸਿਰਫ ਵਧ ਆਦਰ ਸਤਿਕਾਰ ਦੀ ਭਾਵਨਾ ਨੂੰ ਪ੍ਰਗਟਾਉਣ ਲਈ ਮੁਹਾਵਰਾ ਹੈ।

ਇਸ ਤਰ੍ਹਾਂ ਹੀ ਪੰਜਾਬੀ ਵਿਚ ਹੋਰ ਮੁਹਾਵਰੇ ਜਾਂ ਅਖਾਣ ਹਨ, ਜਿਵੇਂ ਕਿਸੇ

ਦੇ ਸਤਿਕਾਰ ਲਈ ਅੱਖਾਂ ਦੀਆਂ ਪਲਕਾਂ ਵਿਛਾ ਦੇਣੀਆਂ ਆਦਿ।

2. ਦੂਜੀਆਂ ਪੰਗਤੀਆਂ ਵਿਚ ਇਹ ਅਰਥ ਨਹੀਂ ਬਣਦੇ ਕਿ ਮਨੁੱਖ ਦਾ ਤੀਰਥਾਂ 'ਤੇ ਵਧ ਇਸ਼ਨਾਨ ਕਰਨ ਨਾਲ, ਉਸ ਨੂੰ ਵਾਰ-ਵਾਰ ਜਨਮ ਧਾਰਨਾ ਪਵੇਗਾ। ਅਸਲ ਤੌਰ 'ਤੇ ਇਸ ਸ਼ਬਦ ਦੇ ਅੰਦਰ ਗੁਰਮਤਿ ਦਾ ਉਪਦੇਸ਼ ਹੈ ਕਿ ਸਰੀਰਕ ਇਸ਼ਨਾਨ ਕਰਨ ਨਾਲ ਕੋਈ ਅਧਿਆਤਮਕ ਪ੍ਰਾਪਤ ਨਹੀਂ ਹੁੰਦੀ। ਜੋ ਲੋਕ ਵਿਸ਼ਵਾਸ਼ ਕਰਦੇ ਹਨ ਕਿ ਤੀਰਥਾਂ, ਸਰੋਵਰਾਂ ਵਿਚ ਇਸ਼ਨਾਨ ਕਰਨ ਨਾਲ ਪਾਪ ਧੋਤੇ ਜਾਂਦੇ ਹਨ, ਉਹ ਅਗਿਆਨਤਾ ਦੇ ਹਨੇਰੇ ਵਿਚ ਭਟਕਦੇ ਹਨ ਅਤੇ ਜੀਵਨ ਦੇ ਵਿਚ ਹੀ ਵੱਖ-ਵੱਖ ਬਿਰਤੀਆਂ ਅਪਨਾ ਲੈਂਦੇ ਹਨ।

3. ਤੀਜੇ ਪ੍ਰਮਾਣ ਵਿਚ ਜੋ ਦਸਿਆ ਗਿਆ ਹੈ ਕਿ ਚਾਰ ਹੀ ਖਾਣੀਆਂ ਹਨ, ਪਰ ਗੁਰੂ ਨਾਨਕ ਸਾਹਿਬ ਜੀ ਦੀ ਇਹ ਭਾਵਨਾ ਨਹੀਂ ਕਿ ਚਾਰੇ ਖਾਣੀਆਂ ਰੱਬ ਦੀ ਉਸਤਤ ਕਰਦੀਆਂ ਹਨ ਅਤੇ ਇਹ ਉਹਨਾਂ ਕਦੀ ਪ੍ਰਵਾਨ ਨਹੀਂ ਕੀਤਾ ਕਿ ਸੰਸਾਰ ਦੀ ਉਤਪਤੀ ਇਹਨਾਂ ਚਾਰ ਖਾਣੀਆਂ ਤੋਂ ਹੁੰਦੀ ਹੈ। ਇਸ ਬਾਰੇ ਜਪੁ ਬਾਣੀ ਦੀ ਪਉੜੀ 35 ਅੰਦਰ ਸਪੱਸ਼ਟ ਕੀਤਾ ਹੈ ਕਿ ਖਾਣੀਆਂ ਅਤੇ ਬਾਣੀਆਂ ਬੇਅੰਤ ਹਨ। ਗੁਰੂ ਸਾਹਿਬ ਨੇ ਪੁਰਾਤਨ ਹਿੰਦੂ ਮਿਥਿਹਾਸ ਦੀ ਕਹਾਵਤ ਜਾਂ ਸੋਚ ਦਾ ਪ੍ਰਯੋਗ ਕੀਤਾ ਹੈ ਅਤੇ ਉਹ ਸਾਰੇ ਜੀਵਾਂ ਨੂੰ ਚਾਰ ਖਾਣੀਆਂ ਵਿਚ ਵੰਡਦੇ ਹਨ।

## ਮਾਸ ਖਾਣਾ ਕੀ ਹੈ?

ਗੁਰੂ ਨਾਨਕ ਸਾਹਿਬ ਜੀ ਨੇ 'ਮਾਸ ਖਾਣ' ਦੀ ਇਕ ਵਿਲੱਖਣ ਹੀ ਪਰਿਭਾਸ਼ਾ ਦਿੱਤੀ ਹੈ। ਉਹ ਆਖਦੇ ਹਨ ਕਿ ਕਿਸੇ ਦੂਸਰੇ ਦਾ ਹੱਕ ਜਾਂ ਅਧਿਕਾਰ ਖੋਹਣੇ ਬਹੁਤ ਵੱਡਾ ਪਾਪ ਹੈ, ਕਿਉਂਕਿ ਇਹ ਇਉਂ ਹੈ ਜਿਵੇਂ ਮਨੁੱਖਾਂ ਦਾ ਖ਼ੂਨ ਚੂਸਨਾ ਹੈ :

*ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥*

(ਗੁਰੂ ਗ੍ਰੰਥ ਸਾਹਿਬ, ਪੰਨਾ 141)

ਕੋਈ ਵਿਅਕਤੀ ਜਦੋਂ ਕਿਸੇ ਦੂਸਰੇ ਦਾ ਹੱਕ ਮਾਰਦਾ ਜਾਂ ਖੋਂਹਦਾ ਹੈ ਤਾਂ ਮਹਾਂ ਪਾਪ ਹੈ। ਇਹ ਇਕ ਮੁਸਲਮਾਨ ਦੇ ਸੂਰ ਖਾਣ ਅਤੇ ਹਿੰਦੂ ਵਲੋਂ ਗਊ ਮਾਸ ਖਾਣ ਦੇ ਬਰਾਬਰ ਹੈ :

*ਜੇ ਰਤੁ ਲਗੈ ਕਪੜੈ*
*ਜਾਮਾ ਹੋਇ ਪਲੀਤੁ ॥*
*ਜੋ ਰਤੁ ਪੀਵਹਿ ਮਾਣਸਾ*

*ਤਿਨ ਕਿਉ ਨਿਰਮਲ ਚੀਤੁ ॥*

(ਗੁਰੂ ਗ੍ਰੰਥ ਸਾਹਿਬ, ਪੰਨਾ 140)

ਜੇਕਰ ਕਿਸੇ ਕੱਪੜੇ ਨੂੰ ਖ਼ੂਨ ਲਗ ਜਾਵੇ ਤਾਂ ਉਸ ਨੂੰ ਭਿਟਿਆ ਗਿਆ ਸਮਝਿਆ ਜਾਂਦਾ ਹੈ ਤਾਂ ਫਿਰ ਉਹ ਲੋਕ ਜੋ ਮਨੁੱਖਾਂ ਦਾ ਖ਼ੂਨ ਚੂਸਦੇ ਹਨ, ਉਹਨਾਂ ਦਾ ਮਨ ਕਿਵੇਂ ਸਾਫ਼ ਹੋ ਸਕਦਾ ਹੈ? ਇਸ ਦਾ ਇਹ ਵੀ ਭਾਵ ਨਹੀਂ ਕਿ ਜੋ ਲੋਕ ਬੇਈਮਾਨੀ ਦੁਆਰਾ ਕਮਾਈ ਕਰਦੇ ਹਨ, ਉਹ ਸੱਚੀ ਮੁੱਚੀ ਲੋਕਾਂ ਦਾ ਖ਼ੂਨ ਪੀਂਦੇ ਹਨ।

*ਕੂੜ ਬੋਲਿ ਮੁਰਦਾਰੁ ਖਾਇ ॥*

ਝੂਠ ਬੋਲਣਾ (ਜਾਂ ਧੋਖਾ ਦੇਣਾ ਜਾਂ ਦੂਸਰਿਆਂ ਦਾ ਹੱਕ ਮਾਰਨਾ) ਮੁਰਦਾ ਖਾਣ ਦੇ ਬਰਾਬਰ ਹੈ।

ਗੁਰਬਾਣੀ ਦਾ ਉਪਦੇਸ਼ ਹੈ ਕਿ ਦੂਜਿਆਂ ਦੇ ਹੱਕ ਮਾਰਨੇ, ਦੂਜਿਆਂ ਦਾ ਖ਼ੂਨ ਚੂਸਣਾ ਹੈ। ਗੁਰਮਤਿ ਵਿਚ ਇਹੀ ਮਾਸ ਖਾਣਾ ਹੈ। ਇਸ ਲਈ ਦੂਜਿਆਂ ਦੇ ਹੱਕ ਮਾਰਨੇ ਜਾਂ ਹੱਕ ਖੋਹਣੇ, ਮਹਾਂ ਪਾਪ ਹੈ ਅਤੇ ਬੁਰਾ ਕਰਮ ਹੈ।

ਦੂਜੇ ਸ਼ਬਦਾਂ ਦੁਆਰਾ ਵੀ ਉਪਰੋਕਤ ਵਿਚਾਰਾਂ ਦੀ ਪ੍ਰੋੜਤਾ ਹੁੰਦੀ ਹੈ ਕਿ ਕਮਜ਼ੋਰ ਜਾਂ ਬੇਸਹਾਰਾ ਲੋਕਾਂ ਦੇ ਪਖੰਡੀ ਧਾਰਮਿਕ ਲੋਕਾਂ ਜਾਂ ਰਾਜਨੀਤਕ ਲੋਕਾਂ ਵਲੋਂ ਹੱਕ ਖੋਹਣੇ ਇਕ ਅਪਵਿੱਤਰ ਅਤੇ ਮਾੜਾ ਕਰਮ ਹੈ, ਜਿਸ ਦੀ ਗਵਾਹੀ ਇਸ ਗੁਰਬਾਣੀ ਪੰਗਤੀ ਅੰਦਰ ਮਿਲਦੀ ਹੈ :

*ਮਾਣਸ ਖਾਣੇ ਕਰਹਿ ਨਿਵਾਜ ॥*
*ਛੁਰੀ ਵਗਾਇਨਿ ਤਿਨ ਗਲਿ ਤਾਗ ॥*

(ਗੁਰੂ ਗ੍ਰੰਥ ਸਾਹਿਬ, ਪੰਨਾ 471)

ਇਸ ਦੇ ਆਖਰੀ ਤੇ ਸਿੱਧੇ ਸ਼ਬਦ ਹਨ ਕਿ ਮੁੱਲਾਂ ਉਂਜ ਤਾਂ ਧਾਰਮਿਕ ਕਰਮ ਜਿਵੇਂ ਨਮਾਜ਼ ਪੜ੍ਹਦਾ ਹੈ, ਦੂਜੇ ਪਾਸੇ ਮਨੁੱਖਾਂ ਦਾ ਮਾਸ ਖਾਂਦਾ ਹੈ। ਉਸ ਤਰ੍ਹਾਂ ਹੀ ਬ੍ਰਾਹਮਣ ਧਾਰਮਿਕ ਚਿੰਨ ਜਨੇਊ ਪਹਿਨ ਕੇ ਆਪਣੇ ਆਪ ਨੂੰ ਧਾਰਮਿਕ ਹੋਣ ਦਾ ਦਾਅਵਾ ਕਰਦਾ ਹੈ, ਪਰ ਲੋਕਾਂ ਦਾ ਖ਼ੂਨ ਕੱਢਣ ਲਈ ਚਾਕੂ ਦਾ ਪ੍ਰਯੋਗ ਕਰਦਾ ਹੈ।

ਇੱਥੇ ਨਾ ਤਾਂ ਮੁੱਲਾਂ ਮਨੁੱਖਾਂ ਨੂੰ ਖਾਂਦਾ ਹੈ ਅਤੇ ਨਾ ਹੀ ਬ੍ਰਾਹਮਣ ਛੁਰਾ ਫੜ ਕੇ ਬੰਦਿਆਂ ਨੂੰ ਵੱਢਣ ਲਈ ਮਗਰ ਪੈਂਦਾ ਹੈ। ਇਹ ਸ਼ਬਦ 'ਮਾਣਸ ਖਾਣੇ ਅਤੇ ਛੁਰੀ' ਨੂੰ ਕਮਜ਼ੋਰ ਵਰਗ ਦੇ ਲੋਕਾਂ ਦੇ ਹੱਕ ਖੋਹਣ ਵਾਲਿਆਂ ਪ੍ਰਤੀ ਅਖਾਣਾਂ ਦੇ

ਤੌਰ ’ਤੇ ਵਰਤਿਆ ਗਿਆ ਹੈ। ਗੁਰੂ ਸਾਹਿਬ ਵਲੋਂ ਭੇਖੀ ਤੇ ਧਰਮ ਕੱਟੜਤਾ ਦਿਖਾਉਣ ਵਾਲੇ ਪਖੰਡੀ ਲੋਕਾਂ ਪ੍ਰਤੀ ਸਖ਼ਤ ਸ਼ਬਦ ਵਰਤੇ ਗਏ ਹਨ, ਕਿਉਂਕਿ ਉਹ ਧਾਰਮਿਕ ਰਸਮਾਂ ਦੁਆਰਾ ਆਪਣੇ ਪੈਰੋਕਾਰਾਂ ਵਿਚ ਆਪਣੇ ਆਪ ਨੂੰ ਧਾਰਮਿਕ ਹਸਤੀ ਹੋਣ ਦਾ ਪਖੰਡ ਕਰਦੇ ਹਨ, ਪਰ ਅਸਲੀਅਤ ਇਹ ਹੈ ਕਿ ਉਹ ਧਾਰਮਿਕ ਨਹੀਂ ਹਨ। ਅਜਿਹੇ ਲੋਕ ਵੱਡੇ ਪਾਪੀ ਹਨ, ਕਿਉਂਕਿ ਉਹ ਲੋਕਾਂ ਪਾਸੋਂ ਦਾਨ ਲੈਂਦੇ ਹਨ ਤੇ ਉਹਨਾਂ ਨੂੰ ਝੂਠਾ ਵਿਸ਼ਵਾਸ ਦਿਵਾਉਂਦੇ ਹਨ ਕਿ ਇਸ ਦਾਨ ਨਾਲ ਮਰਨ ਉਪਰੰਤ ਸਵਰਗਾਂ ਦੇ ਵਾਸੀ ਬਣਨਗੇ। ਗੁਰੂ ਨਾਨਕ ਸਾਹਿਬ ਆਖਦੇ ਹਨ ਕਿ ਲੋਕਾਈ ਪਾਸੋਂ ਦਾਨ ਲੈਣਾ ਵੀ ‘ਮਾਣਸ’ ਖਾਣ ਦੇ ਬਰਾਬਰ ਹਨ।

ਇਕ ਹੋਰ ਸ਼ਬਦ ਅੰਦਰ ਗੁਰੂ ਸਾਹਿਬ ਉਹੋ ਜਿਹਾ ਹੀ ਉਪਦੇਸ਼ ਦੁਹਰਾ ਰਹੇ ਹਨ ਕਿ ਤਿੰਨਾਂ ਧਰਮਾਂ ਦੇ ਮੁੱਖ ਕਾਜ਼ੀ, ਬ੍ਰਾਹਮਣ ਤੇ ਯੋਗੀ ਕਿਵੇਂ ਸਮਾਜ ਦੀ ਲੁੱਟ ਖਸੁੱਟ ਕਰਦੇ ਹਨ,

*ਕਾਦੀ ਕੂੜੁ ਬੋਲਿ ਮਲੁ ਖਾਇ ॥*
*ਬ੍ਰਾਹਮਣੁ ਨਾਵੈ ਜੀਆ ਘਾਇ ॥*
*ਜੋਗੀ ਜੁਗਤਿ ਨ ਜਾਣੈ ਅੰਧੁ ॥*
*ਤੀਨੇ ਓਜਾੜੇ ਕਾ ਬੰਧੁ ॥*

(ਗੁਰੂ ਗ੍ਰੰਥ ਸਾਹਿਬ, ਪੰਨਾ 662)

ਗੁਰੂ ਸਾਹਿਬ ਨੇ ਜ਼ਾਲਮ ਰਾਜਿਆਂ ਦੇ ਜ਼ੁਲਮ ਦੇ ਖਿਲਾਫ਼ ਵੀ ਅਵਾਜ਼ ਬੁਲੰਦ ਕੀਤੀ ਅਤੇ ਉਹਨਾਂ ਨੂੰ ਗਰੀਬ ਤੇ ਨਿਤਾਣੇ ਲੋਕਾਂ ਦਾ ਖ਼ੂਨ ਪੀਣ ਵਾਲੇ ਜਾਨਵਰ ਆਖਿਆ, ਕਿਉਂਕਿ ਉਹ ਲੋਕਾਈ ਦੇ ਹੱਕਾਂ ਨੂੰ ਖੋਹ ਰਹੇ ਸਨ।

*ਰਾਜੇ ਸੀਹ ਮੁਕਦਮ ਕੁਤੇ ॥*

(ਗੁਰੂ ਗ੍ਰੰਥ ਸਾਹਿਬ, ਪੰਨਾ 1288)

ਇਸ ਗੁਰਬਾਣੀ ਪੰਗਤੀ ਰਾਹੀਂ ਗੁਰਮਤਿ ਦੇ ਸਿਧਾਂਤ ਪ੍ਰਤੀ ਸਪੱਸ਼ਟਤਾ ਹੁੰਦੀ ਹੈ ਕਿ ਕਿਸੇ ਦੂਜੇ ਦੇ ਹੱਕ ਖੋਹਣੇ, ਇਕ ਬੁਰਾ ਕਰਮ ਹੈ ਅਤੇ ਇਹ ‘ਮਾਣਸ ਖਾਣ’ ਦੇ ਸਮਾਨ ਹੈ। ਇਹ ਮਾਸ ਖਾਣਾ ਜਾਂ ਇਸ ਤਰ੍ਹਾਂ ਦੇ ਮਾਸ ਦੀ ਹਰ ਸਿੱਖ ਨੂੰ ਮਨਾਹੀ ਹੈ। ਇਸ ਬਾਰੇ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਸਿੱਖ ਨੇ ਅਣਮਨੁੱਖਾ ਕਰਮ ਨਹੀਂ ਕਰਨਾ, ਗਰੀਬ, ਨਿਤਾਣੇ ਅਤੇ ਲੋਕਾਈ ਦੇ ਕਿਸੇ ਵਰਗ ਨਾਲ ਧੱਕਾ ਨਹੀਂ ਕਰਨਾ ਅਤੇ ਨਾ ਹੀ ਕਿਸੇ ਦੇ ਅਧਿਕਾਰਾਂ ਨੂੰ ਖੋਹਣਾ ਹੈ। ਅਜਿਹੇ ਮਾਸ ਖਾਣ ਜਾਂ ਮਾਣਸ ਖਾਣੇ ਦੇ ਸੰਬੰਧ ਵਿਚ ਅਸੀਂ ਬਹੁਤ ਘੱਟ ਵਿਚਾਰ ਕਰਦੇ ਹਾਂ। ਅਸੀਂ ਦੇਖਦੇ ਹਾਂ ਕਿ

ਅਜੋਕੇ ਸਮੇਂ ਬਹੁਤ ਘੱਟ ਜਥੇਬੰਦੀਆਂ ਹਨ ਜੋ ਅਜਿਹੇ ਮਾਣਸ ਖਾਣੇ ਵਰਤਾਰੇ ਨੂੰ ਰੋਕਣ ਲਈ ਲਹਿਰ ਚਲਾਉਣ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸੰਘਰਸ਼ ਕਰਨ ਅਤੇ ਗਰੀਬ ਲੋਕਾਂ ਦੀ ਰਾਖੀ ਲਈ ਸੀਸ ਤਲੀ 'ਤੇ ਰੱਖਣ।

ਭਾਈ ਲਾਲੋ ਅਤੇ ਮਲਕ ਭਾਗੋ ਦੀ ਸਾਖੀ ਅੰਦਰ ਗੁਰੂ ਨਾਨਕ ਸਾਹਿਬ ਦੀ ਮਹਾਨਤਾ ਪ੍ਰਗਟ ਹੁੰਦੀ ਹੈ ਕਿ ਉਹਨਾਂ ਨੇ ਮਲਕ ਭਾਗੋ ਦੀ ਰੋਟੀ ਵਿਚੋਂ ਖ਼ੂਨ ਕੱਢਿਆ ਅਤੇ ਕਿਰਤੀ ਭਾਈ ਲਾਲੋ ਦੀ ਰੋਟੀ ਵਿਚੋਂ ਦੁੱਧ ਅਤੇ ਇਸ ਸਾਖੀ ਦਾ ਮੁੱਖ ਮਨੋਰਥ ਇਹੀ ਹੈ ਕਿ ਭਾਈ ਲਾਲੋ ਇਕ ਇਮਾਨਦਾਰ ਕਿਰਤੀ ਇਨਸਾਨ ਸੀ ਤੇ ਦੂਜੇ ਪਾਸੇ ਮਲਕ ਭਾਗੋ ਲੋਕਾਈ ਦਾ ਖ਼ੂਨ ਚੂਸਣ ਵਾਲਾ ਅਧਿਕਾਰੀ ਸੀ। ਸਾਡੇ ਲਈ ਉਪਦੇਸ਼ ਹੈ ਕਿ ਸਿੱਖ ਨੇ ਇਮਾਨਦਾਰੀ ਨਾਲ ਕਿਰਤ ਕਰਨੀ ਹੈ ਅਤੇ ਲੁੱਟ-ਖਸੁੱਟ ਵਾਲਾ ਰਸਤਾ ਅਖ਼ਤਿਆਰ ਨਹੀਂ ਕਰਨਾ। ਜੇਕਰ ਕੋਈ ਵਿਅਕਤੀ ਕਿਸੇ ਨਾਲ ਧੱਕਾ ਨਹੀਂ ਕਰਦਾ, ਆਪਣੀ ਕਿਰਤ ਦੌਰਾਨ ਇਮਾਨਦਾਰੀ ਰੱਖਦਾ ਹੈ, ਇਹ ਸ਼ੁੱਭ ਕਰਮ ਹੈ। ਇਸ ਕਰਕੇ ਸਾਨੂੰ ਇਹ ਗੱਲ ਦ੍ਰਿੜ੍ਹ ਕਰਨੀ ਚਾਹੀਦੀ ਹੈ ਕਿ ਹਮੇਸ਼ਾ ਇਮਾਨਦਾਰੀ ਵਾਲਾ ਜੀਵਨ ਜੀਵੀਏ। ਇਸ ਤਰ੍ਹਾਂ ਮਨੁੱਖਾਂ ਦਾ ਮਾਸ ਨਹੀਂ ਖਾਣਾ ਹੈ ਅਤੇ ਨਾ ਹੀ ਕਿਸੇ ਦਾ ਹੱਕ ਖੋਹਣਾ ਅਜਿਹਾ ਕਰਨਾ ਗੁਰਬਾਣੀ ਮੁਹਾਵਰੇ ਅਨੁਸਾਰ ਕਿਸੇ ਨਾਲ ਧੱਕਾ ਕਰਨਾ ਹੋਵੇਗਾ।

## ਮਾਸ ਖਾਣਾ ਇਕ ਬੇਲੋੜਾ ਵਿਸ਼ਾ

ਗੁਰਬਾਣੀ ਦਾ ਉਪਦੇਸ਼ ਹੈ ਕਿ ਅਸੀਂ ਚੰਗੇ ਇਨਸਾਨ ਬਣ ਕੇ ਜੀਵਨ ਜੀਵੀਏ ਅਤੇ ਬੇਲੋੜਾ ਇਸ ਝਗੜੇ ਵਿਚ ਨਾ ਪਈਏ ਕਿ ਮਾਸ ਖਾਣਾ ਚਾਹੀਦਾ ਹੈ ਕਿ ਨਹੀਂ ਖਾਣਾ ਚਾਹੀਦਾ ਹੈ। ਗੁਰੂ ਸਾਹਿਬ ਆਖ ਰਹੇ ਹਨ,

*ਮਾਸੁ ਮਾਸੁ ਕਰਿ ਮੂਰਖੁ ਝਗੜੇ*
*ਗਿਆਨੁ ਧਿਆਨੁ ਨਹੀਂ ਜਾਣੈ ॥*
*ਕਉਣੁ ਮਾਸੁ ਕਉਣੁ ਸਾਗੁ ਕਹਾਵੈ*
*ਕਿਸੁ ਮਹਿ ਪਾਪ ਸਮਾਣੇ ॥*

(ਗੁਰੂ ਗ੍ਰੰਥ ਸਾਹਿਬ, ਪੰਨਾ 1289)

ਇਹ ਦਾਰਸ਼ਨਿਕ ਵਿਚਾਰ ਹੈ, "ਮੂਰਖ ਲੋਕ ਹੀ ਬੇਲੋੜਾ ਝਗੜਾ ਕਰਦੇ ਹਨ ਕਿ ਕੀ ਮਾਸ ਖਾਣਾ ਚਾਹੀਦਾ ਹੈ ਕਿ ਨਹੀਂ। ਕਿਸ ਨੂੰ ਪਤਾ ਹੈ ਕਿ ਸਾਗ ਖਾਣਾ ਕੀ ਹੈ ਅਤੇ ਮਾਸ ਖਾਣਾ ਕੀ ਹੈ ? ਕੀ ਮਾਸ ਖਾਣ ਵਿਚ ਪਾਪ ਹੈ ਜਾਂ ਸਾਗ ਖਾਣ ਵਿਚ ?

(ਵਿਗਿਆਨੀਆਂ ਅਨੁਸਾਰ ਦੁੱਧ, ਗਊ ਦੇ ਖ਼ੂਨ ਦਾ ਬਦਲਿਆ ਰੂਪ ਹੈ, ਪਰ ਸ਼ਾਕਾਹਾਰੀ ਦੁੱਧ ਪੀ ਕੇ ਸੰਤੁਸ਼ਟ ਹੁੰਦੇ ਹਨ, ਪਰ ਅਜੋਕੇ ਸਮੇਂ ਇਸ ਨੂੰ ਤਰਲ ਜਾਂ ਚਿੱਟਾ ਮਾਸ ਮੰਨਿਆ ਜਾਂਦਾ ਹੈ।)

## ਮੋਹ ਜਾਂ ਰਸਾਂ ਤੋਂ ਦੂਰ ਰਹਿਣਾ

ਗੁਰਬਾਣੀ ਦਾ ਉਪਦੇਸ਼ ਹੈ ਕਿ ਰਸਾਂ-ਕਸਾਂ ਦੇ ਵਸ ਨਹੀਂ ਪੈਣਾ। ਇਸ ਬਾਰੇ ਗੁਰਬਾਣੀ ਵਿਸਥਾਰ ਵਿਚ ਦਸਦੀ ਹੈ ਕਿ ਮੋਹ, ਲੋਭ-ਲਾਲਚ ਅਤੇ ਰਸ ਸਿਰਫ ਮਾਸ ਤੱਕ ਸੀਮਤ ਨਹੀਂ, ਜੀਵਨ ਅੰਦਰ ਬਹੁਤ ਅਜਿਹੀਆਂ ਵਸਤੂਆਂ ਹਨ, ਜਿਹਨਾਂ ਨਾਲ ਜ਼ਿਆਦਾ ਲਗਾਓ ਠੀਕ ਨਹੀਂ :

ਲਬੁ ਕੁਤਾ ਕੂੜੁ ਚੂਹੜਾ
ਠਗਿ ਖਾਧਾ ਮੁਰਦਾਰੁ ॥
ਪਰ ਨਿੰਦਾ ਪਰ ਮਲੁ ਮੁਖਿ ਸੁਧੀ
ਅਗਨਿ ਕ੍ਰੋਧੁ ਚੰਡਾਲੁ ॥
ਰਸ ਕਸ ਆਪੁ ਸਲਾਹਣਾ ਏ
ਕਰਮ ਮੇਰੇ ਕਰਤਾਰ ॥
ਬਾਬਾ ਬੋਲੀਐ ਪਤਿ ਹੋਇ ॥
ਊਤਮ ਸੇ ਦਰਿ ਊਤਮ ਕਹੀਅਹਿ
ਨੀਚ ਕਰਮ ਬਹਿ ਰੋਇ ॥ ਰਹਾਉ ॥
ਰਸੁ ਸੁਇਨਾ ਰਸੁ ਰੁਪਾ ਕਾਮਣਿ
ਰਸੁ ਪਰਮਲ ਕੀ ਵਾਸੁ ॥
ਰਸੁ ਘੋੜੇ ਰਸੁ ਸੇਜਾ ਮੰਦਰ
ਰਸੁ ਮੀਠਾ ਰਸੁ ਮਾਸੁ ॥
ਏਤੇ ਰਸ ਸਰੀਰ ਕੇ ਕੈ
ਘਟਿ ਨਾਮ ਨਿਵਾਸੁ ॥

(ਗੁਰੂ ਗ੍ਰੰਥ ਸਾਹਿਬ, ਪੰਨਾ 15)

ਤੱਤਸਾਰ ਇਹ ਹੈ ਕਿ ਗੁਰਮੁਖਿ ਰੱਬੀ ਦਰਗਹ ਵਿਚ ਆਦਰ ਮਾਣ ਪਾਉਂਦੇ ਹਨ। ਜੋ ਮਾੜੇ ਕਰਮ ਕਰਦੇ ਹਨ, ਉਹਨਾਂ ਨੂੰ ਪਛਤਾਵਾ ਹੁੰਦਾ ਹੈ। ਐ ਮਨੁੱਖ! ਸ਼ੁਭ ਬੋਲੋ ਤੇ ਸ਼ੁੱਭ ਕਰਮ ਕਰੋ, ਜਿਸ ਨਾਲ ਮਾਣ ਸਤਿਕਾਰ ਮਿਲਦਾ ਹੈ। ਪਹਿਲੇ

ਬੰਦ ਵਿਚ ਗੁਰੂ ਸਾਹਿਬ ਨੇ ਉਹਨਾਂ ਰਸਾਂ ਕਸਾਂ ਅਤੇ ਨਿੰਦਾ, ਲਾਲਚ, ਠੱਗੀ ਅਤੇ ਕ੍ਰੋਧ ਬਾਰੇ ਦਸਿਆ ਹੈ ਅਤੇ ਸਮਾਜ ਅੰਦਰ ਇਹਨਾਂ ਕਰਕੇ ਲੋਕ ਦੁੱਖੀ ਹੁੰਦੇ ਹਨ।

ਦੂਜੇ ਬੰਦ ਵਿਚ ਗੁਰੂ ਜੀ ਨੇ ਮਨੁੱਖ ਦੀਆਂ ਨਿਤਾ ਪ੍ਰਤਿ ਦੀਆਂ ਲੋੜਾਂ ਜਿਵੇਂ ਧਨ, ਇਸਤਰੀ, ਘੋੜੇ ਅਤੇ ਮਾਸ ਖਾਣੇ ਦਾ ਉਲੇਖ ਕੀਤਾ ਹੈ। ਇਹ ਵਸਤੂਆਂ ਵੀ ਰਸ ਕਸ ਬਣ ਜਾਂਦੀਆਂ ਹਨ। ਜੇਕਰ ਇਹਨਾਂ ਨਾਲ ਵਧ ਲਗਾਉ ਕੀਤਾ ਜਾਵੇ। ਬੰਦ ਦੇ ਅਖੀਰ ਵਿਚ ਸਪੱਸ਼ਟ ਕਰਦੇ ਹਨ ਕਿ ਜੇਕਰ ਮਨੁੱਖ ਰਸਾਂ ਕਸਾਂ ਵਿਚ ਖਚਿਤ ਹੋ ਜਾਵੇ ਤਾਂ ਰੱਬੀ ਮਹਿਮਾ ਜਾਂ ਨਾਮ ਦਾ ਅਨੰਦ ਕਿਵੇਂ ਲੈ ਸਕਦਾ ਹੈ ?

ਗੁਰਬਾਣੀ ਦੇ ਸ਼ਬਦਾਂ ਦਾ ਵਿਸ਼ਾ ਵਸਤੂ ਇਹ ਹੈ ਕਿ ਰੱਬ ਮਨੁੱਖ ਨੂੰ ਜੀਵਨ ਦੀਆਂ ਸਭ ਲੋੜੀਂਦੀਆਂ ਵਸਤੂਆਂ ਪ੍ਰਦਾਨ ਕਰਦਾ ਹੈ, ਪਰ ਜੇਕਰ ਉਹ ਇਹਨਾਂ ਦੀ ਲੋੜ ਮੁਤਾਬਕ ਪ੍ਰਯੋਗ ਕਰਨ ਦੀ ਥਾਂ, ਇਹਨਾਂ ਨਾਲ ਮੋਹ ਪਾ ਲਵੇ ਤਾਂ ਉਹ ਆਦੀ ਹੋ ਕੇ ਆਪਣੀ ਕਮਜ਼ੋਰੀ ਬਣਾ ਲੈਂਦਾ ਹੈ। ਕਿਸੇ ਵੀ ਚੀਜ਼ ਲਈ ਆਦੀ ਹੋ ਜਾਣਾ ਗਲਤ ਹੈ।

ਅਸੀਂ ਸਮਝਦੇ ਹਾਂ ਕਿ ਸਿੱਖਾਂ ਨੂੰ ਇਮਾਨਦਾਰੀ ਨਾਲ ਧਨ ਕਮਾਉਣ ਦੀ ਕੋਈ ਮਨਾਹੀ ਨਹੀਂ, ਪਰ ਮੋਹ-ਮਾਇਆ ਤੋਂ ਨਿਰਲੇਪ ਰਹਿਣਾ ਹੈ। ਜੋ ਵਿਅਕਤੀ ਮੋਹ-ਮਾਇਆ ਨੂੰ ਸਮਰਪਿਤ ਹੋਵੇ, ਉਹ ਰੱਬ ਨੂੰ ਸਮਰਪਿਤ ਨਹੀਂ ਹੋ ਸਕਦਾ ਹੈ। ਦੂਸਰਾ, ਮਾਇਆ ਨਾਲ ਮੋਹ ਪਾਉਣ ਦਾ ਨਤੀਜਾ ਇਹ ਹੁੰਦਾ ਹੈ ਕਿ ਅਜੇਹਾ ਵਿਅਕਤੀ ਬੇਈਮਾਨੀ ਦਾ ਰਸਤਾ ਅਖ਼ਤਿਆਰ ਕਰਕੇ ਵੀ ਧਨ ਕਮਾਉਣ ਤੋਂ ਸੰਕੋਚ ਨਹੀਂ ਕਰੇਗਾ। ਕੋਈ ਵੀ ਇਸ ਵਿਆਖਿਆ ਨਾਲ ਅਸਹਿਮਤ ਨਹੀਂ ਹੋਵੇਗਾ। ਸਮੁੱਚੇ ਗੁਰਬਾਣੀ ਸ਼ਬਦ ਦੀ ਵਿਆਖਿਆ, ਉਸ ਦੇ ਭਾਵ ਅਰਥਾਂ ਅਨੁਸਾਰ ਕਰਨੀ ਚਾਹੀਦੀ ਹੈ।

ਜ਼ਿੰਦਗੀ ਦੇ ਕੁਝ ਹੋਰ ਪਹਿਲੂ ਜਿਵੇਂ ਘੋੜ ਸਵਾਰੀ, ਵਿਆਹ ਕਰਾਉਣਾ, ਮਹਿਲਾਂ ਵਿਚ ਰਹਿਣਾ, ਸਵਾਦੀ ਭੋਜਣ ਖਾਣੇ ਆਦਿ ਦਾ ਜ਼ਿਕਰ ਵੀ ਇਸ ਗੁਰਬਾਣੀ ਸ਼ਬਦ ਵਿਚ ਕੀਤਾ ਗਿਆ ਹੈ। ਗੁਰਬਾਣੀ ਦੀਆਂ ਇਹਨਾਂ ਪੰਗਤੀਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਇਹਨਾਂ ਵਸਤੂਆਂ ਦੀ ਮਨਾਹੀ ਨਹੀਂ, ਪਰ ਇਹਨਾਂ ਦੀ ਆਦੀ ਹੋ ਜਾਣ ਦੀ ਮਨਾਹੀ ਹੈ। ਇਸ ਸ਼ਬਦ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਸਿੱਖਾਂ ਵਿਚ ਮਾਸ ਖਾਣ ਦੀ ਮਨਾਹੀ ਨਹੀਂ, ਪਰ ਇਸ ਲਈ ਜੀਭ ਦੇ ਰਸ ਕਾਰਨ ਲਾਲਸਾ ਦਾ ਆਦੀ ਹੋ ਜਾਣ ਤੇ ਪਾਬੰਦੀ ਹੈ। ਗੁਰਮਤਿ ਦੇ ਇਸ ਸੁਨੇਹੇ ਨੂੰ ਧਿਆਨ

ਵਿਚ ਰੱਖਦੇ ਹੋਏ, ਅਸੀਂ ਇਹ ਕਹਿ ਸਕਦੇ ਹਾਂ ਕਿ ਜੋ ਲੋਕ ਮਾਸ ਖਾਣ ਦੀ ਹਮੇਸ਼ਾ ਲਾਲਸਾ ਕਰਦੇ ਹਨ ਅਤੇ ਲਾਲਸਾ ਜਾਂ ਜੀਭ ਰਸ ਦੇ ਅਧੀਨ ਹੋ ਕੇ ਮਾਸ ਖਾਂਦੇ ਹਨ, ਉਹ ਗਲਤ ਹੈ। ਹਾਂ, ਜੇਕਰ ਕੋਈ ਵਿਅਕਤੀ ਬਾਕੀ ਭੋਜਨ ਤੇ ਪਦਾਰਥਾਂ ਨੂੰ ਆਪਣੀ ਭੁੱਖ ਮਿਟਾਉਣ ਲਈ ਖਾਂਦਾ ਹੈ ਤਾਂ ਉਹ ਰਹਿਤ ਮਰਿਯਾਦਾ ਦੀ ਕੋਈ ਉਲੰਘਣਾ ਨਹੀਂ ਕਰਦਾ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਕਿਉਂ 'ਸਿੱਖ ਰਹਿਤ ਮਰਿਯਾਦਾ' ਵਿਚ ਮਾਸ ਖਾਣ ਜਾਂ ਨਾ ਖਾਣ ਬਾਰੇ ਕੋਈ ਉਲੇਖ ਨਹੀਂ ਕੀਤਾ ਗਿਆ।

## ਮਾਸ ਨਾ ਖਾਣ ਬਾਰੇ ਸ਼ਬਦਾਂ ਅੰਦਰ ਸੰਦੇਸ਼

ਜੋ ਵਿਅਕਤੀ ਮਾਸ ਖਾਣ ਦੇ ਵਿਰੋਧੀ ਹਨ, ਉਹ ਹੇਠ ਲਿਖੀਆਂ ਗੁਰਬਾਣੀ ਪੰਗਤੀਆਂ ਨੂੰ ਅਧਾਰ ਬਣਾ ਕੇ ਆਖਦੇ ਹਨ ਕਿ ਸਿੱਖ ਨੂੰ ਮਾਸ ਨਹੀਂ ਖਾਣਾ ਚਾਹੀਦਾ।

*ਕਬੀਰ ਭਾਂਗ ਮਾਛੁਲੀ*
*ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ ॥*
*ਤੀਰਥ ਬਰਤ ਨੇਮ ਕੀਏ*
*ਤੇ ਸਭੈ ਰਸਾਤਲਿ ਜਾਂਹਿ ॥*

(ਗੁਰੂ ਗ੍ਰੰਥ ਸਾਹਿਬ, ਪੰਨਾ 1377)

ਭਗਤ ਕਬੀਰ ਜੀ ਆਖਦੇ ਹਨ ਕਿ ਉਹ ਲੋਕ ਜੋ ਭੰਗ, ਮੱਛੀ ਜਾਂ ਸ਼ਰਾਬ ਦਾ ਸੇਵਨ ਕਰਦੇ ਹਨ, ਉਹ ਤੀਰਥ ਅਤੇ ਬਰਤ ਦੇ ਫਲ ਪ੍ਰਾਪਤ ਕਰਨ ਤੋਂ ਵਾਂਝੇ ਹੋ ਜਾਂਦੇ ਹਨ। ਕਈ ਲੋਕ ਤੀਰਥਾਂ ਤੇ ਜਾਣ ਜਾਂ ਵਰਤ ਰੱਖਣੇ ਆਦਿ ਨੂੰ ਧਰਮ ਦਾ ਅੰਗ ਮੰਨਦੇ ਹਨ। ਪਰ ਗੁਰਬਾਣੀ ਅੰਦਰ ਸਪੱਸ਼ਟ ਕੀਤਾ ਹੋਇਆ ਹੈ ਕਿ ਤੀਰਥਾਂ ਤੇ ਜਾਣਾ ਜਾਂ ਵਰਤ ਰੱਖਣ ਦਾ ਕੋਈ ਲਾਭ ਨਹੀਂ,

*ਬਰਤ ਨੇਮ ਸੰਜਮ ਮਹਿ ਰਹਿਤਾ*
*ਤਿਨ ਕਾ ਆਢੁ ਨ ਪਾਇਆ ॥*
*ਆਗੈ ਚਲਣੁ ਅਉਰੁ ਹੈ ਭਾਈ*
*ਊਂਹਾ ਕਾਮਿ ਨ ਆਇਆ ॥*

(ਗੁਰੂ ਗ੍ਰੰਥ ਸਾਹਿਬ, ਪੰਨਾ 216)

ਬਰਤ ਨੇਮ ਤੀਰਥ ਸਹਿਤ ਗੰਗਾ ॥

(ਗੁਰੂ ਗ੍ਰੰਥ ਸਾਹਿਬ, ਪੰਨਾ 1305)

ਕੀ ਅਸਾਨੂੰ ਇਹ ਨਿਚੋੜ ਕੱਢਣਾ ਪਵੇਗਾ ਕਿ ਸ਼ਰਾਬ ਪੀਣ ਅਤੇ ਮੱਛੀ ਖਾਣ ਨਾਲ ਕੁਝ ਨਹੀਂ ਹੁੰਦਾ ? ਅਜਿਹੀ ਵਿਆਖਿਆ ਗੁਰਮਤਿ ਦੇ ਸਿਧਾਂਤ ਨਾਲ ਮੇਲ ਨਹੀਂ ਖਾਂਦੀ।

ਇਹਨਾਂ ਗੁਰਬਾਣੀ ਪੰਗਤੀਆਂ ਵਿਚ "ਭਾਂਗ ਮਾਛੁਲੀ ਸੁਰਾਪਾਨਿ" ਸ਼ਬਦਾਂ ਨੂੰ ਕਹਾਵਤ ਜਾਂ ਮੁਹਾਵਰੇ ਤੌਰ 'ਤੇ ਪ੍ਰਯੋਗ ਕੀਤਾ ਗਿਆ ਹੈ। (ਇਹਨਾਂ ਦਾ ਇਹ ਭਾਵ ਨਹੀਂ ਕਿ ਵਿਸ਼ੇਸ਼ ਤੌਰ 'ਤੇ ਇਹ ਤਿੰਨ ਵਸਤੂਆਂ ਹੀ ਸਮੁੱਚੇ ਵਿਕਾਰ ਹਨ) ਇਹਨਾਂ ਪੰਗਤੀਆਂ ਵਿਚ ਵਿਕਾਰੀ ਜੀਵਨ ਦਾ ਸੰਕੇਤ ਹੈ, ਜਦੋ ਲੋਕ ਇਹਨਾਂ, ਚੀਜ਼ਾਂ ਤੋਂ ਪਰਹੇਜ਼ ਨਹੀਂ ਕਰ ਸਕਦੇ। ਅਜੋਕੇ ਸਮੇਂ ਅਜਿਹੇ ਲੋਕਾਂ ਨੂੰ ਸ਼ਰਾਬੀ-ਕਬਾਬੀ ਆਖਿਆ ਜਾਂਦਾ ਹੈ। ਉਸ ਤਰ੍ਹਾਂ ਹੀ ਦੂਜੀ ਪੰਗਤੀ ਵਿਚ ਤੀਰਥ, ਨੇਮ ਤੇ ਬਰਤ ਦਾ ਅਰਥ ਸਿਰਫ ਇਹ ਤਿੰਨੇ ਕਰਮ ਨਹੀਂ, ਸਗੋਂ ਧਾਰਮਿਕ ਅਸਥਾਨਾਂ 'ਤੇ ਜਾਣਾ, ਰੋਜ਼ਾਨਾ ਦੇ ਕਰਮ-ਕਾਂਡ, ਬਰਤ ਰੱਖਣੇ ਆਦਿ ਸਮੂਹ ਕਰਮ-ਕਾਂਡਾਂ ਵਲ ਇਸ਼ਾਰਾ ਹੈ।

ਇਸ ਗੁਰਬਾਣੀ ਦੇ ਪ੍ਰਮਾਣ ਦੇ ਅਸਲ ਭਾਵ-ਅਰਥ ਇਹੀ ਹਨ ਕਿ ਧਾਰਮਿਕ ਕਰਮ-ਕਾਂਡ ਜਾਂ ਹੋਰ ਧਾਰਮਿਕ ਰਹੁ-ਰੀਤਾਂ ਕਰਨ ਨਾਲ ਕੋਈ ਲਾਭ ਨਹੀਂ, ਜੇਕਰ ਕੋਈ ਵਿਅਕਤੀ ਵਿਕਾਰੀ ਜੀਵਨ ਜੀਅ ਰਿਹਾ ਹੈ। ਗੁਰਮਤਿ ਦਾ ਉਪਦੇਸ਼ ਹੈ ਕਿ ਸਚਿਆਰ ਬਣਨ ਲਈ ਵਿਕਾਰਾਂ ਨੂੰ ਛੱਡਣਾ ਪਵੇਗਾ ਅਤੇ ਵਿਕਾਰੀ ਜੀਵਨ ਜੀਣ ਦੀ ਮਨਾਹੀ ਹੈ। ਇਹੀ ਗੁਰਬਾਣੀ ਪੰਗਤੀਆਂ ਅੰਦਰ ਦਰਸਾਇਆ ਗਿਆ ਹੈ ਅਤੇ ਇਸ ਵਿਚ ਮਾਸ ਖਾਣ ਦੇ ਹੱਕਾਂ ਵਿਚ ਜਾਂ ਵਿਰੋਧ ਵਿਚ ਕੋਈ ਗੱਲ ਨਹੀਂ ਕਹੀ ਗਈ।

## ਕੁੱਠਾ ਮਾਸ ਖਾਣ ਦੀ ਮਨਾਹੀ ਕਿਉਂ ?

ਕੁਝ ਲੋਕ ਸਮਝਦੇ ਹਨ ਕਿ ਕੁੱਠੇ ਮਾਸ ਨੂੰ ਖਾਣ ਦੀ ਮਨਾਹੀ ਇਸ ਕਰਕੇ ਹੈ ਕਿ ਕੁੱਠੇ ਮਾਸ ਨੂੰ ਤਿਆਰ ਕਰਨ ਸਮੇਂ ਜਾਨਵਰ ਨੂੰ ਕਾਫੀ ਤਕਲੀਫ ਹੁੰਦੀ ਹੈ। ਇਹ ਕਾਰਨ ਨਹੀਂ ਹੈ। ਅਸੀਂ ਜਾਣਦੇ ਹਾਂ ਕਿ ਕਿਸੇ ਵੀ ਪੰਛੀ ਜਾਂ ਜਾਨਵਰ ਨੂੰ ਭਾਵੇਂ ਗੋਲੀ ਨਾਲ ਮਾਰਿਆ ਜਾਵੇ, ਉਹ ਝਟਪਟ ਨਹੀਂ ਮਰਦਾ। ਉਹਨਾਂ ਨੂੰ ਵੀ ਤਕਲੀਫ ਹੁੰਦੀ ਹੈ, ਜਿਹਨਾਂ ਚਿਰ ਤੱਕ ਉਹ ਆਖਰੀ ਸਵਾਸ ਨਹੀਂ ਲੈਂਦੇ। ਇਸ ਤਰ੍ਹਾਂ ਹੀ ਝਟਕਾ ਕਰਨ ਨਾਲ ਵੀ ਜਾਨਵਰ ਝਟਪਟ ਨਹੀਂ ਮਰਦਾ ਅਤੇ ਕੁਝ ਸਮੇਂ ਉਹਨਾਂ ਨੂੰ ਦੁੱਖ ਸਹਿਣਾ ਪੈਂਦਾ ਹੈ। ਕਈ ਵਾਰ ਸਿਰ ਕਟੇ ਜਾਨਵਰ ਤੁਰ ਵੀ ਪੈਂਦੇ

ਹਨ।

ਕੁੱਠਾ (ਮੁਸਲਿਮ ਧਰਮ ਦੀ ਰਹੁ-ਰੀਤ ਨਾਲ ਬਣਿਆ ਹਲਾਲ ਮਾਸ ਹੈ) ਜੋ ਸਿੱਖਾਂ ਲਈ ਖਾਣਾ ਵਰਜਿਤ ਹੈ, ਕਿਉਂਕਿ ਹਲਾਲ ਮਾਸ ਗ਼ੈਰ ਮੁਸਲਮਾਨਾਂ ਨੂੰ ਮੁਸਲਿਮ ਧਰਮ ਵਿਚ ਸ਼ਾਮਲ ਕਰਨ ਲਈ ਖਾਣ ਨੂੰ ਦਿੱਤਾ ਜਾਂਦਾ ਹੈ ਅਤੇ ਇਸਲਾਮਿਕ ਧਰਮ ਦੀ ਰਹੁ-ਰੀਤ ਅਨੁਸਾਰ ਤਿਆਰ ਕੀਤਾ ਜਾਂਦਾ ਹੈ।

## ਤੱਤ ਸਾਰ

ਆਖ਼ਰ ਵਿਚ ਪਾਠਕਾਂ ਦੀ ਜਾਣਕਾਰੀ ਲਈ ਦੱਸਦੇ ਹਾਂ ਕਿ ਮਾਸ ਖਾਣਾ ਜਾਂ ਨਾ ਖਾਣ ਦੀ ਧਾਰਮਿਕ ਪਰਵਾਣਗੀ ਸਾਰੇ ਮੁੱਖ ਧਰਮਾਂ ਅੰਦਰ ਮਿਲਦੀ ਹੈ। ਉਦਾਹਰਣ ਤੌਰ ਤੇ ਯਹੂਦੀ ਲੋਕਾਂ ਨੂੰ ਸਿਰਫ ਕੋਸ਼ਰ ਮਾਸ ਖਾਣ ਦੀ ਆਗਿਆ ਹੈ ਅਤੇ ਇਸਲਾਮ ਧਰਮ ਦੇ ਪੈਰੋਕਾਰ ਹਲਾਲ ਮਾਸ ਹੀ ਖਾਹ ਸਕਦੇ ਹਨ। ਹਿੰਦੂਆਂ ਅੰਦਰ ਦੇਵਤੇ ਨੂੰ ਬਲੀ ਕੀਤਾ ਹੋਇਆ ਮਾਸ ਖਾਣ ਦੀ ਪਰੰਪਰਾ ਸੀ, ਇਸ ਦੀ ਗਵਾਹੀ ਗੁਰੂ ਗਰੰਥ ਸਾਹਿਬ ਅੰਦਰ ਮਿਲਦੀ ਹੈ। ਕੁਝ ਧਰਮਾਂ ਅੰਦਰ ਵਿਸ਼ੇਸ਼ ਜਾਨਵਰਾਂ ਨੂੰ ਖਾਣ ਦੀ ਮਨਾਹੀ ਹੈ, ਜਿਵੇਂ ਯਹੂਦੀ ਤੇ ਮੁਸਲਮਾਨ ਸੂਰ ਦਾ ਮਾਸ ਨਹੀਂ ਖਾਹ ਸਕਦੇ। ਭਾਵੇਂ ਹਿੰਦੂ ਪਹਿਲਾਂ ਗਊ ਮਾਸ ਖਾਂਦੇ ਸਨ, ਪਰ ਹੁਣ ਉਹ ਗਊ ਮਾਸ ਦਾ ਸੇਵਨ ਨਹੀਂ ਕਰਦੇ। ਬਹੁਤ ਸਮਾਂ ਪਹਿਲਾਂ ਇਸਾਈ ਲੋਕ ਵੀ ਯਹੂਦੀਆਂ ਵਾਗ ਸੂਰ ਦਾ ਮਾਸ ਨਹੀਂ ਖਾਂਦੇ ਸਨ, ਪਰ ਹੁਣ ਉਹਨਾਂ ਵਿਚ ਖਾਣ ਪੀਣ ਪ੍ਰਤੀ ਸੂਰ ਦਾ ਮਾਸ ਨਹੀਂ ਖਾਂਦੇ ਸਨ, ਪਰ ਹੁਣ ਉਹਨਾਂ ਵਿਚ ਖਾਣ ਪੀਣ ਪ੍ਰਤੀ ਕੋਈ ਵਹਿਮ ਭਰਮ ਨਹੀਂ ਹੈ। ਕੁਝ ਲੋਕ ਖਾਸ ਦਿਨਾਂ ਉੱਤੇ ਮਾਸ ਖਾਣ ਤੋਂ ਸੰਕੋਚ ਕਰਦੇ ਹਨ, ਜਿਵੇਂ ਹਿੰਦੂ ਲੋਕ ਮੰਗਲਵਾਰ ਵਾਲੇ ਦਿਨ ਮਾਸ ਨਹੀਂ ਖਾਂਦੇ।

ਸਿੱਖ ਧਰਮ ਵਿਲੱਖਣ ਹੈ, ਜਿਸ ਵਿਚ ਮਾਸ ਖਾਣ ਸਬੰਧੀ ਕੋਈ ਬੰਦਸ਼ ਨਹੀਂ, ਜੇਕਰ ਆਪਣੀ ਭੁੱਖ ਮਿਟਾਉਣ ਲਈ ਮਾਸ ਨੂੰ ਬਤੌਰ ਅਹਾਰ ਖਾਣਾ ਹੈ। ਰਸਾਂ ਜਾਂ ਜੀਭ ਦੇ ਚਸਕੇ ਨੂੰ ਆਧਾਰ ਬਣਾ ਕੇ ਇਕੱਲੇ ਮਾਸ ਖਾਣ ਦੀ ਮਨਾਹੀ ਨਹੀਂ, ਸਗੋਂ ਇਸਤਰੀ, ਧਨ ਅਤੇ ਐਸ਼ਪ੍ਰਸਤੀ ਵਾਲੇ ਜੀਵਨ ਨੂੰ ਮਾਨਣ ਦੀ ਮਨਾਹੀ ਹੈ।

ਇਸ ਰਚਨਾ ਦਾ ਮੁੱਖ ਉਦੇਸ਼ ਇਹੀ ਹੈ ਕਿ ਗੁਰਬਾਣੀ ਦੀ ਰੋਸ਼ਨੀ ਵਿਚ ਰਹਿਤ-ਮਰਿਯਾਦਾ ਅੰਦਰ ਸਿਰਫ ਮੁਸਲਮਾਨੀ ਤਰੀਕੇ ਨਾਲ ਬਣੇ ਹਲਾਲ ਮਾਸ ਖਾਣ ਦੀ ਮਨਾਹੀ ਹੈ। ਮਾਸ ਖਾਣ ਜਾਂ ਨਾ ਖਾਣ ਬਾਰੇ ਕੋਈ ਉਲੇਖ ਨਹੀਂ ਕੀਤਾ ਹੋਇਆ। ਇਸ ਲੇਖ ਦਾ ਲਿਖਾਰੀ ਖੁਦ ਮਾਸ ਅੰਡੇ ਦਾ ਸੇਵਨ ਨਹੀਂ ਕਰਦਾ, ਪਰ

ਉਸ ਸਮੇਂ ਮਨ ਦੁਖੀ ਹੁੰਦਾ ਹੈ ਜਦੋਂ ਕੁਝ ਪ੍ਰਚਾਰਕ ਗੁਰਬਾਣੀ ਦੀ ਗਲਤ ਵਿਆਖਿਆ ਕਰਦੇ ਆਖਦੇ ਹਨ ਕਿ 'ਮਾਸ ਖਾਣਾ ਬੱਜਰ ਕੁਰਹਿਤ' ਹੈ। ਅਜਿਹੇ ਵਿਚਾਰਾਂ ਨਾਲ ਸਿੱਖਾਂ ਵਿਚ ਬੇਲੋੜਾ ਵਾਦ-ਵਿਵਾਦ ਦੇ ਨਾਲ, ਹੋਰ ਵੰਡੀਆਂ ਪੈ ਰਹੀਆਂ ਹਨ। ਹਾਲਾਂ ਕਿ ਲੋੜ ਹੈ ਕਿ ਪ੍ਰਚਾਰ ਜ਼ੋਰ-ਸ਼ੋਰ ਨਾਲ ਗੁਰ ਨਾਨਕ ਸਾਹਿਬ ਦੇ ਮਹਾਨ ਪੈਗਾਮ "ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ" ਦਾ ਪ੍ਰਚਾਰ ਕਰਨਾ ਚਾਹੀਦਾ ਹੈ ਭਾਵ ਸਮਾਜ ਅੰਦਰ ਲੋਕ ਹੱਕਾਂ ਦੀ ਰਾਖੀ ਕੀਤੀ ਜਾਵੇ ਅਤੇ ਲੁੱਟ-ਖਸੁੱਟ ਦੇ ਵਿਰੁਧ ਅਵਾਜ਼ ਬੁਲੰਦ ਕਰਨੀ ਚਾਹੀਦੀ ਹੈ।

ਜੇਕਰ ਸਿੱਖ ਇਮਾਨਦਾਰੀ ਵਾਲਾ ਜੀਵਨ ਜੀਅ ਰਿਹਾ ਹੈ ਅਤੇ ਕਿਸੇ ਦਾ ਪਰਾਇਆ ਧਨ ਨਹੀਂ ਖੋਂਹਦਾ ਤਾਂ ਅਜਿਹੇ ਸਿੱਖ ਸਮਾਜ ਅੰਦਰ ਵਧ ਸਤਿਕਾਰਤ ਵਿਅਕਤੀ ਮੰਨੇ ਜਾਂਦੇ ਹਨ। ਇਸ ਕਰਕੇ ਸਮੂਹ ਪ੍ਰਚਾਰਕਾਂ ਨੂੰ ਇਹ ਉਪਦੇਸ਼ ਕਰਨਾ ਚਾਹੀਦਾ ਹੈ ਕਿ ਹੱਕ ਪਰਾਇਆ ਖੋਹਣਾ 'ਰਤੁ ਪੀਵਹਿ ਮਾਣਸਾ' ਭਾਵ ਮਨੁੱਖਾਂ ਦਾ ਖ਼ੂਨ ਚੂਸਣਾ ਹੈ। ਮਾਸ ਬਾਰੇ ਬੇਲੋੜੀ ਚਰਚਾ ਛੱਡ ਕੇ ਮਨੁੱਖਾਂ ਨੂੰ ਸਚਿਆਰ ਬਣਨ ਲਈ ਪ੍ਰੇਰਿਆ ਜਾਵੇ ਅਤੇ ਗੁਰੂ ਨਾਨਕ ਸਾਹਿਬ ਜੀ ਦੇ ਹੁਕਮ ਨੂੰ ਮੰਨੀਏ ਕਿ 'ਮਾਸੁ ਮਾਸੁ ਕਰਿ ਮੂਰਖੁ ਝਗੜੇ' ਭਾਵ ਮਾਸ ਖਾਣ ਜਾਂ ਨਾ ਖਾਣ ਦੇ ਵਿਵਾਦਾਂ ਵਿਚ ਸਮਾਂ ਨਾ ਗੁਆਈਏ।

▲ ▲ ▲

***ਨੋਟ :*** *ਇਹ ਲੇਖ ਡਾਕਟਰ ਗੁਰਬਖ਼ਸ਼ ਸਿੰਘ (ਸੇਵਾ ਮੁਕਤ ਪ੍ਰੋਫੈਸਰ ਤੇ ਡੀਨ, ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ) ਜੀ ਵੱਲੋਂ ਐਬਸਟਰੈਕਟਸ ਆਫ਼ ਸਿੱਖ ਸਟੱਡੀਜ਼, ਜਨਵਰੀ-ਮਾਰਚ 2000 ਲਈ ਅੰਗਰੇਜ਼ੀ ਵਿੱਚ ਲਿਖਿਆ ਗਿਆ ਸੀ। ਮੈਂ ਆਪਣੇ ਵੱਲੋਂ ਇਸ ਨੂੰ ਪੰਜਾਬੀ ਵਿੱਚ ਉਲਥਾ ਕੇ ਲਿਖਿਆ ਹੈ, ਉਹਨਾਂ ਵੱਲੋਂ ਇਸ ਨੂੰ ਛਾਪਣ ਦੀ ਆਗਿਆ ਦੇਣ ਲਈ ਧੰਨਵਾਦ।*

# ਗਦਰੀ ਯੋਧੇ ਬਾਬਾ ਵਿਸਾਖਾ ਸਿੰਘ ਜੀ ਦਦੇਹਰ ਜੀ ਵਲੋਂ ਮਾਸ ਨਾ ਖਾਣ ਵਾਲਾ ਪ੍ਰਣ ਤੋੜਨਾ

ਗਦਰੀ ਯੋਧਿਆਂ ਨਾਲ ਜੇਲ੍ਹਾਂ ਵਿਚ ਅਣਮਨੁੱਖੀ ਵਿਵਹਾਰ ਕੀਤਾ ਜਾਂਦਾ ਸੀ। ਕਾਲੇ ਪਾਣੀ ਵਿਖੇ ਜੇਲ੍ਹ ਅਧਿਕਾਰੀਆਂ ਵਲੋਂ ਜਿੱਥੇ ਅਤਿ ਜ਼ੁਲਮ ਕੀਤੇ ਜਾਂਦੇ ਸਨ, ਉੱਥੇ ਕੈਦੀਆਂ ਨੂੰ ਖ਼ੁਰਾਕ ਵੀ ਬਹੁਤ ਮਾੜ੍ਹੀ ਦਿੱਤੀ ਜਾਂਦੀ ਸੀ। ਇਸ ਦੇ ਫਲਸਰੂਪ ਅਨੇਕਾਂ ਨੂੰ ਤਪਦਿਕ ਦੀ ਬੀਮਾਰੀ ਚਿੰਬੜ ਗਈ। ਕੁਝ ਕੈਦੀ ਬੀਮਾਰੀਆਂ ਕਾਰਨ ਮੌਤ ਦੀ ਮੂੰਹ ਵਿਚ ਜਾ ਪਏ। ਇਸ ਤਰ੍ਹਾਂ ਹੀ ਬਾਬਾ ਵਿਸਾਖਾ ਸਿੰਘ ਜੀ, ਜੋ ਗੁਰਮਤਿ ਦੇ ਰੰਗ ਵਿਚ ਪੂਰੇ ਰੰਗੇ ਹੋਏ ਵਿਅਕਤੀ ਸਨ, ਮਾੜ੍ਹੀ-ਖ਼ੁਰਾਕ ਮਿਲਣ ਕਾਰਨ ਬੀਮਾਰ ਹੋ ਗਏ ਅਤੇ ਸਰੀਰ ਬਹੁਤ ਕਮਜ਼ੋਰ ਹੋ ਗਿਆ। ਹਸਪਤਾਲ ਦਾਖਲ ਕੀਤੇ ਗਏ। ਗੋਰਾ ਡਾਕਟਰ ਬਹੁਤ ਹਮਦਰਦ ਸੀ, ਉਸ ਨੇ ਕਿਹਾ ਕਿ ਇਹਨਾਂ ਦੇ ਬਚਨ ਦੀ ਕੋਈ ਆਸ ਨਹੀਂ, ਪਰ ਜੇਕਰ ਦਵਾਈ ਖਾਣ ਦੇ ਨਾਲ-ਨਾਲ ਮਾਸ ਦੀ ਤਰੀ ਪੀਣ ਲੱਗ ਜਾਣ ਤਾਂ ਬਚਾਉ ਕੀਤਾ ਜਾ ਸਕਦਾ ਹੈ। ਬਾਬਾ ਜੀ ਨੇ ਮਾਸ ਖਾਣਾ ਛੱਡ ਦਿੱਤਾ ਹੋਇਆ ਸੀ ਅਤੇ ਉਹਨਾਂ ਨੂੰ ਜਦੋਂ ਮਾਸ ਦੀ ਤਰੀ ਖਾਣ ਲਈ ਕਿਹਾ ਗਿਆ ਤਾਂ ਬਾਬਾ ਜੀ ਨੇ ਕਿਹਾ, "ਮੈਂ ਮਾਸ ਨਾ ਖਾਣ ਵਾਲਾ ਪ੍ਰਣ ਨਹੀਂ ਤੋੜਨਾ। ਅੱਜ ਵੀ ਮਰਨਾ ਤੇ ਕੱਲ੍ਹ ਵੀ।" ਉਹਨਾਂ ਦੇ ਹੱਠ ਨੂੰ ਵੇਖ ਕੇ ਡਾਕਟਰ ਸਾਹਿਬ ਨੂੰ ਬੜਾ ਅਫ਼ਸੋਸ ਹੋਇਆ। ਡਾਕਟਰ ਸਾਹਿਬ ਨੇ ਪੁਛ ਗਿੱਛ ਕੀਤੀ ਕਿ ਇਹਨਾਂ ਦੇ ਨੇੜੇ ਜਾਂ ਇਹਨਾਂ ਦੀ ਨੇੜਤਾ ਕਿਸ ਨਾਲ ਹੈ? ਡਾਕਟਰ ਸਾਹਿਬ ਨੂੰ ਦੱਸਿਆ ਗਿਆ ਕਿ ਇਹਨਾਂ ਦੀ ਨੇੜਤਾ ਬਾਬਾ ਜਵਾਲਾ ਸਿੰਘ ਜੀ ਨਾਲ ਹੈ, ਸ਼ਾਇਦ ਉਹਨਾਂ ਵਲੋਂ ਕੀਤੀ ਬੇਨਤੀ ਮੰਨ ਲੈਣ।

ਡਾਕਟਰ ਸਾਹਿਬ ਨੇ ਬਾਬਾ ਜਵਾਲਾ ਸਿੰਘ ਜੀ ਨੂੰ ਵੀ ਯੋਜਨਾ ਬਣਾ ਕੇ ਦਾਖਲ ਕਰਕੇ, ਉਹਨਾਂ ਦਾ ਮੰਜਾ ਬਾਬਾ ਵਿਸਾਖਾ ਸਿੰਘ ਜੀ ਕੋਲ ਲਗਾ ਦਿੱਤਾ। ਬਾਬਾ ਜਵਾਲਾ ਸਿੰਘ ਜੀ ਨੇ ਬਾਬਾ ਜੀ ਨੂੰ ਯਾਦ ਕਰਾਇਆ ਕਿ ਉਹਨਾਂ ਨੇ ਗੁਰੂ ਦੀ ਹਜ਼ੂਰੀ ਵਿਚ ਪ੍ਰਣ ਕੀਤਾ ਸੀ ਕਿ ਸਾਡਾ ਤਨ, ਮਨ, ਧਨ ਦੇਸ਼ ਦੇ ਲੇਖੇ ਲੱਗੇਗਾ,

ਪਰ ਅੱਜ ਤੁਸੀਂ ਆਪਣਾ ਸਰੀਰ ਮਾਸ ਨਾ ਖਾਣ ਦੇ ਪ੍ਰਣ ਖਾਤਰ ਗੁਆ ਰਹੇ ਹੋ ਤਾਂ ਸੋਚੋ ਦੇਸ਼ ਦੀ ਅਜ਼ਾਦੀ ਲਈ ਇਕ ਇੱਕ ਦੇਸ਼ ਭਗਤ ਦਾ ਸਰੀਰ ਕਿਤਨਾ ਕੀਮਤੀ ਹੈ।"

ਇਹ ਸੁਣ ਕੇ ਬਾਬਾ ਜਵਾਲਾ ਸਿੰਘ ਜੀ ਨਿਰ-ਉਤਰ ਹੋ ਗਏ ਅਤੇ ਬੋਲੇ "ਤੁਸੀਂ ਜਰਨੈਲ ਹੋ, ਜੋ ਹੁਕਮ ਦਿਓਗੇ, ਮੰਨਾਂਗੇ।" ਡਾਕਟਰ ਨੂੰ ਬੁਲਾਇਆ ਗਿਆ, ਦਵਾਈ ਦਿੱਤੀ ਤੇ ਮਾਸ ਦੀ ਤਰੀ ਦੇਣੀ ਸ਼ੁਰੂ ਕੀਤੀ ਅਤੇ ਸਹਿਜੇ ਸਹਿਜੇ ਤਾਕਤ ਆਉਣੀ ਸ਼ੁਰੂ ਹੋ ਗਈ। ਬਾਬਾ ਵਿਸਾਖਾ ਸਿੰਘ ਜੀ ਨੇ ਇਸ ਅਮੋਲ ਜ਼ਿੰਦਗੀ ਨੂੰ ਬਚਾ ਕੇ ਦੇਸ਼ ਦੀ ਮਹਾਨ ਸੇਵਾ ਕੀਤੀ। ਭਾਵੇਂ ਉਹਨਾਂ ਮਾਸ ਨਾ ਖਾਣ ਦਾ ਪ੍ਰਣ ਕੀਤਾ ਹੋਇਆ ਸੀ, ਪਰ ਭਾਈ ਜਵਾਲਾ ਸਿੰਘ ਜੀ ਨੇ ਉਹਨਾਂ ਦੇ ਮਾਸ ਸਬੰਧੀ ਭਰਮ ਅਤੇ ਵਹਿਮ ਨੂੰ ਇਹ ਆਖ ਕੇ ਤੋੜਿਆ ਕਿ ਜ਼ਿੰਦਗੀ ਨੂੰ ਸ਼ੁਭ ਕਰਮਾਂ ਲਈ ਲੇਖੇ ਲਗਾਉਣ ਲਈ ਤੰਦਰੁਸਤ ਹੋਣਾ ਵੀ ਜ਼ਰੂਰੀ ਹੈ। ਗੁਰੂ ਨਾਨਕ ਸਾਹਿਬ ਜੀ ਦਾ ਸੰਦੇਸ਼ ਵੀ ਇਹੀ ਹੈ ਕਿ ਮਾਸ ਖਾਣ ਜਾਂ ਨਾ ਖਾਣ ਦੇ ਬੇਲੋੜੇ ਸੰਵਾਦ ਦਾ ਕੋਈ ਲਾਭ ਨਹੀਂ। ਗੁਰੂ ਸਾਹਿਬ ਆਪਣੇ ਸੰਦੇਸ਼ ਵਿਚ ਨਾ ਮਾਸ ਖਾਣ ਦੀ ਵਕਾਲਤ ਕਰਦੇ ਹਨ ਤੇ ਨਾ ਹੀ ਮਾਸ ਖਾਣ ਦਾ ਵਿਰੋਧ। ਚੰਗੀ ਗੱਲ ਇਹੀ ਹੈ ਕਿ ਮਾਸ ਖਾਣ ਜਾਂ ਨਾ ਖਾਣ ਨੂੰ, ਨਾ ਧਰਮ ਦਾ ਵਿਸ਼ਾ ਬਣਾਈਏ ਤੇ ਨਾ ਹੀ ਬੇਲੋੜਾ ਸੰਵਾਦ ਕਰੀਏ।'

ਡਾਕਟਰ ਮਾਨ ਸਿੰਘ ਨਿਰੰਕਾਰੀ ਜੀ ਨੇ 'ਵਾਰ ਮਲਾਰ ਕੀ' ਦਾ ਦਾਰਸ਼ਨਿਕ ਪੱਖ ਪੇਸ਼ ਕਰਦੇ ਹਨ-

"ਸ਼ਾਕਾਹਾਰੀ ਅਤੇ ਮਾਸਾਹਾਰੀ ਝਗੜਦੇ ਹਨ। ਹਿੰਦੂ-ਮੁਸਲਮਾਨ ਅਤੇ ਸਿੱਖ ਝਟਕੇ ਤੇ ਹਲਾਲ ਕਾਰਨ ਝਗੜਦੇ ਹਨ। ਗਊ ਤੇ ਸੂਰ ਖਾਣ ਜਾਂ ਨਾ ਖਾਣ ਕਾਰਨ ਵੀ ਝਗੜਾ ਉਪਜਦਾ ਹੈ। ਕੁਝ ਮਾਸ ਨਾ ਖਾਣ ਦੇ ਹੱਕ ਵਿਚ ਹਨ ਅਤੇ ਕੁਝ ਖਾਣ ਨੂੰ ਤਰਜੀਹ ਦਿੰਦੇ ਹਨ। ਇਹ ਸਾਰੇ ਝਗੜੇ ਅਗਿਆਨਤਾ ਕਾਰਨ ਹਨ। ਗੁਰੂ ਜੀ ਨੇ ਇਕ ਵਾਰੀ ਹੀ ਇਸ ਦਾ ਨਿਰਣਾ ਸ੍ਰੀ ਰਾਗ ਵਿਚ ਕੀਤਾ ਹੈ,

*ਬਾਬਾ ਹੋਰੁ ਖਾਣਾ ਖੁਸੀ ਖੁਆਰ॥*
*ਜਿਤੁ ਖਾਧੈ ਤਨੁ ਪੀੜੀਐ*
*ਮਨ ਮਹਿ ਚਲਹਿ ਵਿਕਾਰ॥*

(ਗੁਰੂ ਗ੍ਰੰਥ ਸਾਹਿਬ, ਪੰਨਾ 16)

ਝਟਕੇ ਤੇ ਹਲਾਲ ਮਾਸ ਦੇ ਗੁਣਾਂ-ਔਗੁਣਾਂ ਵਿਚ ਕੋਈ ਅੰਤਰ ਨਹੀਂ। ਇਹ

ਦੋ ਸਭਿਆਤਾਵਾਂ ਦਾ ਟਕਰਾਓ ਹੈ, ਹੋਰ ਕੁਝ ਵੀ ਨਹੀਂ।

...ਪੰਡਤਾਂ ਨੂੰ ਸਮਝਾਉਂਦੇ ਹੋਏ ਗੁਰੂ ਸਾਹਿਬ ਇਕ ਪੁਰਾਣੇ ਰਿਵਾਜ ਦਾ ਜ਼ਿਕਰ ਕਰਦੇ ਹਨ ਕਿ ਹੇ ਪੰਡਤੋ ! ਤੁਹਾਡੇ ਪੁਰਖੇ ਗੈਂਡੇ ਨੂੰ ਮਾਰ ਕੇ ਹੋਮ ਜਗ ਕਰਦੇ ਹਨ ਅਤੇ ਦਸਦੇ ਸਨ ਕਿ ਅਜਿਹੀ ਦੇਵਤਿਆਂ ਦੀ ਇੱਛਾ ਹੈ। ਉਪਰੋਂ ਉਪਰੋਂ ਲੋਕਾਂ ਨੂੰ ਵਿਖਾਉਣ ਲਈ ਮਾਸ ਤੋਂ ਘਿਰਣਾ ਕਰਦੇ ਹਨ ਅਤੇ ਅੰਦਰੋਂ ਅੰਦਰੀ ਛੁਪ ਕੇ ਰਾਤ ਨੂੰ ਮਨੁੱਖਾਂ ਦਾ ਮਾਸ ਵੀ ਖਾ ਜਾਂਦੇ ਹਨ। ਅਰਥਾਤ ਜ਼ਬਰੀ ਪਰਾਈ ਇਸਤਰੀਆਂ ਭੋਗਦੇ ਹਨ। ਲੋਕਾਂ ਨੂੰ ਵਿਖਾਉਣ ਲਈ ਨੱਕ ਪਕੜ ਕੇ ਮਾਸ ਦੀ ਗੰਧ ਤੋਂ ਵੀ ਨਫ਼ਰਤ ਕਰਨ ਦਾ ਵਿਖਾਵਾ ਕਰਦੇ ਹਨ। ਇਹ ਪੁਜਾਰੀ ਲੋਕ ਅਗਿਆਨਤਾ ਵਿਚ ਜਕੜੇ ਹੋਏ ਹਨ ਅਤੇ ਗਿਆਨ ਦੇ ਨੇਤਰਾਂ ਤੋਂ ਹੀਣ ਹਨ।

## ਸਪੋਕਸਮੈਨ 24 ਸਤੰਬਰ 2016 ਮੁੱਖ ਪੰਨਾ

ਅਮਰੀਕਾ ਦੇ ਇਕ ਪ੍ਰਮੁੱਖ ਥਿੰਕਟਿੰਕ ਨੇ ਕਿਹਾ ਹੈ ਕਿ ਭਾਰਤ ਵਿਚ ਸਭਿਆਚਾਰਕ ਮੁੱਦਿਆਂ ਅਤੇ ਭਗਵਾਂਕਰਨ ਕਾਰਨ ਆਰਥਕ ਖੇਤਰ ਵਿਚ ਵੱਡੇ ਸੁਧਾਰ ਨਹੀਂ ਹੋ ਪਾ ਰਹੇ ਅਤੇ ਸਿਰਫ ਹੌਲੀ ਗਤੀ ਨਾਲ ਬਦਲਾਅ ਹੋ ਰਹੇ ਹਨ। ਉਸ ਨੇ ਇਹ ਵੀ ਕਿਹਾ ਕਿ ਕੇਂਦਰ ਦੀ ਐਨ. ਡੀ. ਏ. ਸਰਕਾਰ ਨਵੇਂ ਭਾਰਤ ਦੀ ਦਿਸ਼ਾ ਵਲ ਵਧਣ ਨੂੰ ਲੈ ਕੇ ਹੁਣ ਤੱਕ ਉਮੀਦਾਂ ਨੂੰ ਪੂਰਾ ਨਹੀਂ ਕਰ ਸਕੀ। ਭਾਰਤ ਦੇ ਮਹਿੰਗਾਈ ਦਾ ਮੁਕਾਬਲਾ ਕਰਨ ਦਾ ਜ਼ਿਕਰ ਕਰਦਿਆਂ ਵਾਸ਼ਿੰਗਟਨ ਆਧਾਰਿਤ ਥਿੰਕ ਟੈਂਕ 'ਹਡਸਨ ਇੰਸਟੀਚਿਊਟ' ਨੇ ਕਿਹਾ ਕਿ ਜੇਕਰ ਭਾਰਤ ਬੁਨਿਆਦੀ ਢਾਂਚੇ ਨੂੰ ਆਧੁਨਿਕ ਬਣਾਉਣ, ਬੁਨਿਆਦੀ ਸਹੂਲਤਾਂ ਵਿਚ ਸੁਧਾਰ ਕਰਨ ਅਤੇ ਰਿਸ਼ਵਤਖੋਰੀ ਨੂੰ ਘੱਟ ਕਰਨ 'ਤੇ ਜ਼ੋਰ ਦਿੰਦਾ ਹੈ ਤਾਂ ਉਸ ਦੇ ਦੋਹਰੇ ਅੰਕ ਵਿਚ ਵਿਕਾਸ ਕਰਨ ਦੀ ਸੰਭਾਵਨਾ ਹੈ।

▲ ▲ ▲

# ਭਾਈ ਹੀਰਾ ਸਿੰਘ ਦਰਦ ਵਾਲੀ ਘਟਨਾ

ਭਾਈ ਹੀਰਾ ਸਿੰਘ ਜੀ ਦਰਦ ਸਿੱਖ ਕੌਮ ਦੇ ਇਕ ਮਹਾਨ ਹੀਰੇ ਸਨ। ਮੁੱਢਲੇ ਰੂਪ ਵਿਚ ਉਹ ਕਵੀ ਸਨ ਅਤੇ ਇਸ ਪ੍ਰਤੀ ਵੀ ਕੋਈ ਦੋ ਰਾਵਾਂ ਨਹੀਂ ਕਿ ਉਹ ਪੰਜਾਬੀ ਦੇ ਮੋਢੀ ਪੱਤਰਕਾਰ ਸਨ। ਉਹਨਾਂ ਨੇ ਖਾਲਸਾ ਪੰਥ ਦੀ ਖਾਤਰ ਹਮੇਸ਼ਾਂ ਆਪਣੇ ਆਪ ਨੂੰ ਜੀਵਨ ਬਲੀਦਾਨ ਲਈ ਅਰਪਨ ਕੀਤਾ। ਬਹੁਤ ਵਾਰ ਜੇਲ੍ਹ ਯਾਤਰਾ ਕੀਤੀ ਅਤੇ ਉਹਨਾਂ ਦੀ ਬਿਰਤੀ ਬਹੁਤ ਪਰਉਪਕਾਰੀ ਸੀ। ਉਹ ਸਿੱਖ ਧਰਮ ਦੇ ਨਿਸ਼ਕਾਮ ਪ੍ਰਚਾਰਕ ਅਤੇ ਨਿੱਧੜਕ ਵਕਤਾ ਸਨ।

ਉਹ ਅੰਮ੍ਰਿਤਧਾਰੀ ਸਨ ਅਤੇ ਉਹਨਾਂ ਨੇ ਪਹਿਲਾਂ ਪਹਿਲਾਂ ਨਿਰੰਕਾਰੀ ਲਹਿਰ ਦੇ ਵਿਚਾਰਾਂ ਨੂੰ ਕਬੂਲਿਆ ਅਤੇ ਫਿਰ ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ 1908 ਵਿਚ ਅੰਮ੍ਰਿਤ ਛੱਕ ਕੇ ਸਿੰਘ ਸਜ ਗਏ। ਉਹਨਾਂ ਸਮਿਆਂ ਵਿਚ ਪੰਚ ਖਾਲਸਾ ਭਸੌੜ ਤੇ ਭਾਈ ਰਣਧੀਰ ਸਿੰਘ ਜੀ ਦੇ ਜੱਥੇ ਨੂੰ ਪੱਕੇ ਧਰਮੀ ਆਖਿਆ ਜਾਣ ਲੱਗਾ। ਇਹ ਰਹਿਤਾਂ ਪ੍ਰਤੀ ਕੁਝ ਜ਼ਿਆਦਾ ਹੀ ਕੱਟੜ ਸਨ ਤੇ ਲੋਕਾਂ ਦਾ ਧਿਆਨ ਖਿੱਚ ਲੈਂਦੇ ਸਨ। ਭਾਈ ਹੀਰਾ ਸਿੰਘ ਵੀ ਇਹਨਾਂ ਦੇ ਪ੍ਰਚਾਰ ਤੋਂ ਪ੍ਰਭਾਵਿਤ ਹੋਏ ਅਤੇ ਆਪ ਹੀ ਇਹਨਾਂ ਪਾਸੋਂ ਅੰਮ੍ਰਿਤ ਪਾਨ ਕਰਨ ਦੀ ਘਟਨਾ ਨੂੰ ਬਿਆਨਦੇ ਹਨ,

> "ਮੈਨੂੰ ਧਰਮ ਤੇ ਧਾਰਮਿਕ ਸਿਧਾਂਤਾਂ ਦਾ ਡੂੰਘਾ ਗਿਆਨ ਨਹੀਂ ਸੀ ਪਰ ਜਿਸ ਤਰ੍ਹਾਂ ਆਮ ਜੀਵਨ ਵਿਚ ਖਤਰੇ ਭਰਪੂਰ ਕਾਰਜਾਂ ਵਿਚ ਕੁੱਦ ਕੇ ਮੁਹਰਲੀ ਕਤਾਰ ਵਿਚ ਖੜ੍ਹੇ ਹੋਣ ਲਈ ਮੇਰਾ ਦਿਲ ਉਛਲਦਾ ਰਹਿੰਦਾ ਸੀ, ਇਸ ਤਰ੍ਹਾਂ ਧਰਮ ਦੀ ਕਰੜੀ ਤੋਂ ਕਰੜੀ ਮਰਿਯਾਦਾ ਨੂੰ ਪੂਰਾ ਕਰਨ ਵਿਚ ਪਿੱਛੇ ਰਹਿਣਾ ਵੀ ਮੈਂ ਆਪਣੀ ਹੱਤਕ ਤੇ ਕਮਜ਼ੋਰੀ ਸਮਝਦਾ ਸਾਂ। ਇਸ ਵਾਸਤੇ ਜਦੋਂ ਮੈਂ ਬਾਬੂ ਮੱਲ ਸਿੰਘ ਜੀ ਤੋਂ (ਸੰਤ) ਰਣਧੀਰ ਸਿੰਘ ਜੀ ਦੀ ਵਡਿਆਈ ਸੁਣੀ ਤੇ ਸਿੱਖੀ ਵਿਚ ਆਪਣੀਆਂ ਕਮਜ਼ੋਰੀਆਂ ਮਹਿਸੂਸ ਕੀਤੀਆਂ ਤਾਂ ਉਹਨਾਂ ਦੇ ਦਰਸ਼ਨ ਕਰਨ ਤੇ ਉਹਨਾਂ ਦੇ ਪਵਿੱਤਰ ਹੱਥੀਂ ਦੁਬਾਰਾ ਅੰਮ੍ਰਿਤ ਛਕਣ

ਦਾ ਸ਼ੌਂਕ ਜਾਗ ਉਠਿਆ।"

(ਮੇਰੀਆਂ ਕੁਝ ਇਤਿਹਾਸਕ ਯਾਦਾਂ, ਪੰਨਾ 65-66)

ਅੰਮ੍ਰਿਤ ਛਕਣ ਤੇ ਮਾਸ ਖਾਣ ਨੂੰ ਕੁਰਹਿਤ ਦੱਸਣ 'ਤੇ ਭਾਈ ਸਾਹਿਬ ਨਾਲ ਕਾਫੀ ਵਿਚਾਰ ਵਟਾਂਦਰੇ ਉਪਰੰਤ ਵੀ ਹੀਰਾ ਸਿੰਘ ਦੀ ਤਸੱਲੀ ਤਾਂ ਨਾ ਹੋਈ ਪਰ ਆਪਣੀ ਧਾਰਮਿਕ ਨਿਸ਼ਠਾ ਅਧੀਨ ਮਾਸ ਖਾਣਾ ਛੱਡ ਦਿੱਤਾ ਤੇ ਪੰਜਾਂ ਪਿਆਰਿਆਂ ਦੇ ਹੁਕਮ ਨੂੰ ਸਵੀਕਾਰਿਆ।

ਗਿਆਨੀ ਹੀਰਾ ਸਿੰਘ ਜੀ ਨੂੰ ਪੰਜਾਂ ਪਿਆਰਿਆਂ ਦਾ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗੁਰੂ ਰੂਪ ਬਾਰੇ ਪਤਾ ਸੀ। ਜਿੱਥੇ ਗਿਆਨੀ ਹੀਰਾ ਸਿੰਘ ਅਧਿਆਪਕ ਸਨ, ਉੱਥੇ ਉਸ ਸਮੇਂ ਮਾਸਟਰ ਤਾਰਾ ਸਿੰਘ ਜੀ ਹੈਡਮਾਸਟਰ ਸਨ, ਉਹਨਾਂ ਨੂੰ ਭਿਣਕ ਲੱਗ ਗਈ ਕਿ ਗਿਆਨੀ ਜੀ ਨੇ ਮਾਸ ਖਾਣਾ ਛੱਡ ਦਿੱਤਾ ਹੈ। ਮਾਸਟਰ ਤਾਰਾ ਸਿੰਘ ਜੀ ਨੇ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਪੰਜਾਂ ਪਿਆਰਿਆਂ ਦਾ ਪ੍ਰਬੰਧ ਕਰਕੇ ਹੀਰਾ ਸਿੰਘ ਜੀ ਨੂੰ ਸਮਝਾਇਆ :

"ਗਿਆਨੀ ਹੀਰਾ ਸਿੰਘ ਜੀ, ਸੁਣੋ, ਅਸੀਂ ਪੰਜ ਪਿਆਰੇ ਗੁਰੂ ਰੂਪ, ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠੇ ਤੁਹਾਨੂੰ ਹੁਕਮ ਦਿੰਦੇ ਹਾਂ ਕਿ ਤੁਸੀਂ ਮਾਸ ਜ਼ਰੂਰ ਖਾਇਆ ਕਰੋ, ਕਿਉਂਕਿ ਜੋ ਸਿੱਖ ਝਟਕਾ ਮਾਸ ਨਹੀਂ ਖਾਂਦੇ, ਉਹ ਸਿੱਖ ਨਹੀਂ ਹੁੰਦੇ।"

(ਉਹੀ ਪੰਨਾ 70)

ਇਸ ਪਿਛੋਂ ਹੀਰਾ ਸਿੰਘ ਦਰਦ ਜੀ ਨੇ ਮਾਸ ਖਾਣਾ ਸ਼ੁਰੂ ਕਰ ਦਿੱਤਾ। ਉਪਰੋਕਤ ਦੋਹਾਂ ਘਟਨਾਵਾਂ ਤੋਂ ਸਪੱਸ਼ਟ ਹੈ ਕਿ ਹੀਰਾ ਸਿੰਘ ਇਕ ਪੱਕਾ ਨਿਸ਼ਠਾਵਾਨ ਸੀ ਬੇਸ਼ੱਕ ਉਹ ਸਮਝਦਾ ਸੀ ਕਿ,

"ਭਾਈ ਰਣਧੀਰ ਸਿੰਘ ਜੀ ਨੇ ਉਦੋਂ ਪੰਜ ਪਿਆਰਿਆਂ ਵਿਚ ਗੁਰੂ ਰੂਪ ਦਾ ਅਧਿਕਾਰ ਮੰਨ ਕੇ ਜੋ ਮੈਨੂੰ ਹੁਕਮ ਦਿੱਤਾ ਸੀ, ਉਹ ਉਹਨਾਂ ਦੇ ਅਖ਼ਤਿਆਰ ਤੋਂ ਬਾਹਰ ਸੀ। ਮਾਸਟਰ ਜੀ ਨੇ ਤਾਂ ਇਕ ਠੋਸ ਦਲੀਲ ਨਾਲ ਮੇਰਾ ਭੁਲੇਖਾ ਕੱਢਣ ਲਈ ਇਹ ਸਾਰਾ ਪ੍ਰਬੰਧ ਕੀਤਾ ਸੀ। ਮੈਨੂੰ ਯਕੀਨ ਹੈ ਮਾਸਟਰ ਜੀ ਇਹ ਗੱਲ ਨਹੀਂ ਮੰਨਦੇ ਹੋਣਗੇ ਕਿ ਪੰਜ ਪਿਆਰੇ ਗੁਰੂ ਰੂਪ ਬਣ ਕੇ ਹਰ ਕਿਸਮ ਦੇ ਹੁਕਮ ਦੇ ਸਕਦੇ ਹਨ।"

(ਉਹੀ ਪੰਨਾ 70)

▲ ▲ ▲

# ਗੁਰੂ ਸਾਹਿਬਾਨਾਂ ਵਲੋਂ ਸ਼ਿਕਾਰ ਖੇਡਣ ਦੀ ਪਰੰਪਰਾ

ਸ਼ਿਕਾਰ ਕਰਨਾ ਜਾਂ ਸ਼ਿਕਾਰ ਖੇਡਣਾ, ਇਕ ਪੁਰਾਣਾ ਸਭਿਆਚਾਰ ਹੈ। ਇਸ ਦਾ ਅਸਲ ਮਨੋਰਥ ਜੰਗਲੀ ਜਾਨਵਰ (ਜਿਹਨਾਂ ਦਾ ਮਾਸ ਖਾਣ ਯੋਗ ਹੁੰਦਾ ਸੀ) ਮਾਰ ਕੇ ਮਾਸ ਅਹਾਰ ਦੀ ਲੋੜ ਨੂੰ ਪੂਰਾ ਕਰਨਾ ਸੀ। ਕਈ ਵਾਰ ਲੋਕਾਂ ਦੀ ਸੁਰੱਖਿਆ ਨੂੰ ਮੁੱਖ ਰੱਖ ਕੇ ਖਤਰਨਾਕ ਜਾਨਵਰਾਂ ਨੂੰ ਵੀ ਮਾਰਿਆ ਜਾਂਦਾ ਹੈ, ਜਿਵੇਂ ਸ਼ੇਰ, ਰਿੱਛ ਆਦਿ। ਸ਼ਿਕਾਰ ਖੇਡਣ ਦੀ ਪਰੰਪਰਾ ਆਦਿ ਕਾਲ ਤੋਂ ਆਰੰਭ ਹੋਈ, ਜਦੋਂ ਮਨੁੱਖ ਜੰਗਲਾਂ ਵਿਚ ਵਾਸ ਕਰਦਾ ਸੀ ਅਤੇ ਉਸ ਪਾਸ ਸ਼ਿਕਾਰ ਕਰਨ ਲਈ ਆਧੁਨਿਕ ਹਥਿਆਰ ਨਹੀਂ ਸਨ ਤਾਂ ਵੀ ਉਹਨਾਂ ਵਲੋਂ ਪੱਥਰਾਂ ਦੇ ਹਥਿਆਰ, ਫਿਰ ਹੌਲੀ ਹੌਲੀ ਫੌਲਾਦ ਦੇ ਹਥਿਆਰ ਕਿਰਪਾਨਾਂ, ਭਾਲੇ ਅਤੇ ਤੀਰ ਕਮਾਨ ਦੀ ਵਰਤੋਂ ਆਮ ਸੀ। ਅਜੋਕੇ ਯੁੱਗ ਅੰਦਰ ਬੰਦੂਕਾਂ ਜਾਂ ਪਿਸਤੌਲ ਵੀ ਵਰਤੇ ਜਾਂਦੇ ਸਨ। ਵਿਦੇਸ਼ਾਂ ਵਿਚ ਕਈ ਵਾਰ ਖਤਰਨਾਕ ਜਾਨਵਰ ਸ਼ੇਰ, ਚੀਤੇ ਜਾਂ ਰਿੱਛਾਂ ਨੂੰ ਮਾਰਨ ਦੀ ਥਾਂ ਵਿਸ਼ੇਸ਼ ਗੰਨਾਂ ਦੀ ਵਰਤੋਂ ਕਰਕੇ ਬੇਹੋਸ਼ ਕਰ ਦਿੱਤਾ ਜਾਂਦਾ ਹੈ ਅਤੇ ਉਹਨਾਂ ਨੂੰ ਘਣੇ ਜੰਗਲਾਂ ਵਿਚ ਛੱਡ ਦਿੱਤਾ ਜਾਂਦਾ ਹੈ। ਅਗਾਂਹ ਵਧੂ ਦੇਸਾਂ ਦੇ ਲੋਕ ਚਿੰਤਤ ਵੀ ਹਨ ਕਿ ਕਿਤੇ ਜਾਨਵਰਾਂ ਦੀਆਂ ਨਸਲਾਂ ਨਾ ਖਤਮ ਹੋ ਜਾਣ। ਇਹੀ ਕਾਰਨ ਹੈ ਕਿ ਸ਼ਿਕਾਰ ਕਰਨ ਲਈ ਸਰਕਾਰਾਂ ਦੇ ਬਣਾਏ ਵਿਭਾਗਾਂ ਵਲੋਂ ਆਗਿਆ ਲੈਣੀ ਪੈਂਦੀ ਹੈ ਅਤੇ ਜਾਨਵਰਾਂ ਬਾਰੇ ਸਪੱਸ਼ਟ ਕੀਤਾ ਜਾਂਦਾ ਹੈ ਕਿ ਕਿਹੜੇ ਕਿਹੜੇ ਜਾਨਵਰਾਂ ਨੂੰ ਮਾਰਨ ਦੀ ਮਨਾਹੀ ਹੈ।

ਭਾਰਤ ਦੇ ਇਤਿਹਾਸ ਅੰਦਰ ਮੁਗਲ ਸ਼ਾਸ਼ਕਾਂ ਵਲੋਂ ਸ਼ਿਕਾਰ ਕਰਨ ਦੀਆਂ ਆਪਣੀਆਂ ਪਰੰਪਰਾਵਾਂ ਸਨ। ਉਹਨਾਂ ਦੇ ਰਾਜ ਵਿਚ ਸ਼ਿਕਾਰ ਕਰਨ ਦੀ ਆਗਿਆ ਸ਼ਾਹੀ ਘਰਾਣਿਆਂ ਦੇ ਰਾਜਕੁਮਾਰਾਂ ਨੂੰ ਹੁੰਦੀ। ਆਮ ਜਨਤਾ ਨੂੰ ਸ਼ਿਕਾਰ ਖੇਡਣ ਦੀ ਆਗਿਆ ਨਹੀਂ ਸੀ। ਗੁਰੂ ਸਾਹਿਬਾਨਾਂ ਵਲੋਂ ਲੋਕਾਂ ਦੀ ਮਾਨਸਿਕਤਾ ਨੂੰ ਡਰ ਭੈਅ ਤੋਂ ਸੁਤੰਤਰ ਕਰਨ ਲਈ ਹਥਿਆਰ ਰੱਖਣ ਅਤੇ ਸ਼ਿਕਾਰ ਦੀ ਪਰੰਪਰਾ ਨੂੰ ਲਾਗੂ ਕੀਤਾ ਗਿਆ। ਸਭ ਤੋਂ ਪਹਿਲਾਂ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਸਿੱਖਾਂ ਨੂੰ ਹਥਿਆਰਬੰਦ ਹੋਣ ਲਈ ਉਤਸ਼ਾਹਿਤ ਕੀਤਾ ਅਤੇ ਹਥਿਆਰਾਂ ਨੂੰ ਵਰਤਣ

ਲਈ ਸਰੀਰਕ ਤੌਰ ’ਤੇ ਤਕੜੇ ਹੋਣ ਲਈ ਪ੍ਰੇਰਿਆ। ਗਤਕੇ ਦੀ ਸਿਖਲਾਈ ਲਈ ਅਖਾੜੇ ਸਥਾਪਤ ਕੀਤੇ ਅਤੇ ਸ਼ਾਹੀ ਪਰੰਪਰਾ ਵਾਂਗੂੰ ਸ਼ਿਕਾਰ ਖੇਡਣ ਲਈ ਕੁੱਤੇ ਅਤੇ ਬਾਜ਼ ਵੀ ਰੱਖੇ। ਇਹ ਪਰੰਪਰਾ ਪਹਿਲੇ ਪੰਜ ਗੁਰੂਆਂ ਤੋਂ ਵੱਖਰੀ ਸੀ, ਜਿਸ ਕਾਰਨ ਬਹੁਤ ਸਿੱਖਾਂ ਨੇ ਸ਼ੱਕ ਦੀ ਨਜ਼ਰ ਨਾਲ ਦੇਖਿਆ ਅਤੇ ਨੁਕਤਾਚੀਨੀ ਵੀ ਹੋਣ ਲੱਗੀ। ਇਸ ਦੀ ਗਵਾਹੀ ਭਾਈ ਗੁਰਦਾਸ ਜੀ ਦੇ ਰਹੇ ਹਨ, ਜੋ ਸਮਕਾਲੀ ਸਨ, ਉਹਨਾਂ ਨੇ ਲੋਕਾਂ ਵਲੋਂ ਹੋ ਰਹੀਆਂ ਦੰਦ ਕਥਾਵਾਂ ਦਾ ਵਰਨਣ ਕੀਤਾ ਹੈ। ਅਖ਼ੀਰ ਵਿਚ ਸਪੱਸ਼ਟ ਕੀਤਾ ਹੈ ਕਿ ਸੂਝਵਾਨ ਲੋਕ ਨੁਕਤਾਚੀਨੀਆਂ ਤੋਂ ਸੰਕੋਚ ਕਰਦੇ ਹਨ।

*ਧਰਮ ਸਾਲ ਕਰਿ ਬਹੀਦਾ*
*ਇਕਤ ਥਾਉਂ ਨ ਟਿਕੈ ਟਿਕਾਇਆ॥*
*ਪਾਤਿਸ਼ਾਹ ਘਰਿ ਆਵਦੇ*
*ਗੜਿ ਚੜਿਆ ਪਾਤਿਸ਼ਾਹ ਚੜਾਇਆ।*
*ਉਮਤਿ ਮਹਲੁ ਨ ਪਾਵਦੀ*
*ਠਠਾ ਫਿਰੈ ਨ ਡਰੈ ਡਰਾਇਆ।*
*ਮੰਜੀ ਬਹਿ ਸੰਤੋਖਦਾ ਕੁਤੇ ਰਖਿ*
*ਸਿਕਾਰੁ ਖਿਲਾਇਆ।*
*ਬਾਣੀ ਕਰਿ ਸੁਣਿ ਗਾਵਦਾ*
*ਕਥੈ ਨ ਸੁਣੈ ਨ ਗਾਵਿ ਸੁਣਾਇਆ।*
*ਸੇਵਕ ਪਾਸ ਨ ਰਖੀਅਨਿ*
*ਦੋਖੀ ਦੁਸਟ ਆਗੂ ਮੁਹਿ ਲਾਇਆ।*
*ਸਚੁ ਨ ਲੁਕੈ ਲੁਕਾਇਆ*
*ਚਰਣ ਕਵਲ ਸਿਖ ਭਵਰ ਲੁਭਾਇਆ।*

ਉਪਰੋਕਤ ਵਾਰ ਦੀ ਪਉੜੀ ਦਾ ਭਾਵ ਅਰਥ ਹਨ ਕਿ ਲੋਕ ਮਹਿਸੂਸ ਕਰਦੇ ਹਨ ਕਿ ਪਹਿਲੇ ਪੰਜ ਗੁਰੂ ਟਿੱਕ ਕੇ ਬੈਠਦੇ ਸਨ, ਕਥਾ ਵਾਰਤਾ ਕਰਦੇ ਸਨ। ਪਰ ਇਹ ਗੁਰੂ ਹਥਿਆਰਬੰਦ ਲੋਕਾਂ ਨੂੰ ਨਾਲ ਰੱਖਦੇ ਹਨ ਅਤੇ ਕੁੱਤੇ ਰੱਖ ਕੇ ਸ਼ਿਕਾਰ ਖੇਡਦੇ ਹਨ। ਭਾਈ ਸਾਹਿਬ ਆਖਦੇ ਹਨ ਕਿ ਅਜਿਹੀਆਂ ਜੁਗਤਾਂ ਨਾਲ ਅਸਲ ਮੰਤਵ ਤੋਂ ਲਾਂਭੇ ਨਹੀਂ ਹੋ ਰਹੇ ਅਤੇ ਸਚ ਨਹੀਂ ਛੁਪਦਾ ਅਤੇ ਸਿੱਖ ਜੋ ਦੂਰ ਅੰਦੇਸ਼ੀ ਹਨ, ਉਹ ਸਭ ਕੁਝ ਜਾਣਦੇ ਹਨ ਅਤੇ ਨੁਕਤਾਚੀਨੀਆਂ ਤੋਂ ਸੰਕੋਚ ਕਰਦੇ ਹਨ।

ਜਿਵੇਂ ਪਹਿਲਾਂ ਉਲੇਖ ਕੀਤਾ ਹੈ ਕਿ ਸ਼ਿਕਾਰ ਖੇਡਣਾ ਅਤੇ ਹਥਿਆਰ ਰੱਖਣੇ ਉਪਰੰਤ ਘੋੜ ਸਵਾਰੀ ਕਰਨੀ, ਬਾਦਸ਼ਾਹਾਂ ਦੇ ਅਧਿਕਾਰ ਖੇਤਰ ਵਿਚ ਮੰਨੇ ਜਾਂਦੇ ਸਨ। ਗੁਰੂ ਸਾਹਿਬਾਨਾਂ ਨੇ ਸਮਝਿਆ ਕਿ ਸਮੇਂ ਦੀ ਮੰਗ ਅਨੁਸਾਰ ਨਵੇਂ ਪਰਿਵਰਤਨ ਜ਼ਰੂਰੀ ਸਨ। ਜਿੱਥੋਂ ਤੱਕ ਸ਼ਿਕਾਰ ਕਰਨ ਦੀ ਗੱਲ ਹੈ ਤਾਂ ਇਸ ਪ੍ਰਤੀ ਕੋਈ ਭਰਮ ਨਹੀਂ ਕਿ ਸ਼ਿਕਾਰ ਜੰਗਲੀ ਜਾਨਵਰਾਂ ਜਾਂ ਪੰਛੀਆਂ ਦਾ ਕੀਤਾ ਜਾਂਦਾ ਸੀ। ਸ਼ਿਕਾਰ ਖੇਡਣ ਵਾਲੇ ਲੋਕਾਂ ਅੰਦਰ ਭੈਅ-ਰਹਿਤ ਹੋਣਾ ਜ਼ਰੂਰੀ ਹੈ। ਦੂਸਰਾ, ਉਸ ਨੂੰ ਹਥਿਆਰ ਵਰਤਣ ਦੀ ਜੁਗਤ ਦਾ ਮਾਹਿਰ ਹੋਣਾ ਜ਼ਰੂਰੀ ਹੈ। ਸ਼ਿਕਾਰ ਖੇਡਣਾ, ਇਕ ਤਰ੍ਹਾਂ ਦਾ ਸ਼ਸ਼ਤਰ ਅਭਿਆਸ ਵੀ ਸੀ। ਜਿਵੇਂ ਮੁੱਢ ਵਿਚ ਦੱਸਿਆ ਹੈ ਕਿ ਸ਼ਿਕਾਰ ਦਾ ਮੁੱਖ ਪ੍ਰਯੋਜਣ ਮਾਸ ਅਹਾਰ ਦੀ ਲੋੜ ਨੂੰ ਪੂਰਾ ਕਰਨਾ ਸੀ। ਵਿਦੇਸ਼ਾਂ ਵਿਚ ਜਦੋਂ ਸ਼ਿਕਾਰੀ ਲੋਕ, ਸ਼ਿਕਾਰ ਕਰਕੇ ਪਰਤਦੇ ਹਨ ਤਾਂ ਉਹ ਕਈ ਵਾਰ ਸ਼ਿਕਾਰ ਕੀਤੇ ਜਾਨਵਰਾਂ ਦੀ ਪ੍ਰਦਰਸ਼ਣੀ ਵੀ ਕਰਦੇ ਹਨ ਭਾਵੇਂ ਜਾਨਵਰਾਂ ਦੇ ਹੱਕਾਂ ਦੀਆਂ ਰਾਖੀ ਵਾਲੀਆਂ ਜਥੇਬੰਦੀਆਂ, ਜਾਨਵਰਾਂ ਦੀ ਪ੍ਰਦਰਸ਼ਣੀ ਕਰਨ ਦੇ ਵਿਰੁੱਧ ਹਨ।

ਇਕ ਘਟਣਾ ਯਾਦ ਆਈ ਕਿ 1984-85 ਦੌਰਾਨ ਨਾਰਥ ਅਮਰੀਕਾ ਵਿਚ ਗੁਰਮਤਿ ਕੈਂਪ ਅਯੋਜਿਤ ਹੋਏ। ਇਕੇਰਾਂ ਭਾਰਤ ਤੋਂ ਪਹੁੰਚੇ ਪ੍ਰਚਾਰਕ, ਪਰਚਾਰ ਦੌਰਾਨ ਦੱਸ ਰਹੇ ਸਨ ਕਿ ਗੁਰੂ ਸਾਹਿਬਾਨਾਂ ਨੇ ਸ਼ਿਕਾਰ ਖੇਡਣ ਦੀ ਪਰੰਪਰਾ ਨੂੰ ਅਪਨਾਇਆ। ਇਕ ਵਿਦਿਆਰਥੀ ਨੇ ਸਵਾਲ ਕਰ ਦਿੱਤਾ ਕਿ ਸ਼ਿਕਾਰ ਕਰਨ ਦਾ ਮਨੋਰਥ ਜੰਗਲੀ ਜਾਨਵਰਾਂ ਨੂੰ ਮਾਰ ਕੇ ਮਾਸ ਅਹਾਰ ਤਿਆਰ ਕਰਨਾ ਹੁੰਦਾ ਹੈ ਤਾਂ ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਸਿੱਖ ਮਾਸ ਅਹਾਰ ਕਰਦੇ ਸਨ। ਉਹ ਕਥਾਕਾਰ ਅਸਲੀਅਤ ਦੱਸਣ ਤੋਂ ਡਰ ਗਿਆ ਹੈ, ਉਸ ਨੇ ਆਖ ਦਿੱਤਾ ਕਿ "ਸ਼ਿਕਾਰ ਤਾਂ 'ਮੌਜ' ਲਈ ਕਰਦੇ ਸਨ ਅਤੇ ਜਾਨਵਰਾਂ ਦਾ ਮਾਸ ਨਹੀਂ ਖਾਧਾ ਜਾਂਦਾ ਸੀ।" ਵਿਦਿਆਰਥੀ ਨੇ ਕਿਹਾ, ਇਹ ਤਾਂ ਫਿਰ ਬਹੁਤ ਮਾੜੀ ਗੱਲ ਸੀ ਕਿ ਗੁਰੂ ਸਾਹਿਬਾਨ ਜਾਨਵਰ ਦਾ ਸ਼ਿਕਾਰ ਕਰਕੇ ਉੱਥੇ ਹੀ ਸੁੱਟ ਦਿੰਦੇ ਸਨ। ਇਹ ਕਰਮ ਗ਼ੈਰ-ਕਾਨੂੰਨੀ ਹੈ। ਇਹ ਮੰਨਿਆ ਨਹੀਂ ਜਾ ਸਕਦਾ ਕਿ ਗੁਰੂ ਸਾਹਿਬਾਨ ਜਾਨਵਰਾਂ ਨੂੰ ਮਾਰ ਕੇ ਜੰਗਲਾਂ ਵਿਚ ਗਲਣ-ਸੜਨ ਲਈ ਸੁੱਟ ਦਿੰਦੇ ਸਨ।

ਅਜੋਕੇ ਬਾਬਿਆਂ ਨੇ ਨਵੀਆਂ ਹੀ ਮਿਥਹਾਸਿਕ ਕਹਾਣੀਆਂ ਘੜ ਦਿੱਤੀਆਂ ਕਿ ਗੁਰੂ ਸਾਹਿਬਾਨ ਉਹਨਾਂ ਜਾਨਵਰਾਂ ਨੂੰ ਹੀ ਮਾਰਦੇ ਸਨ, ਜਿਹਨਾਂ ਦੀ ਗਤੀ ਕਰਨੀ ਹੁੰਦੀ ਸੀ। ਹੁਣ ਸਵਾਲ ਉਤਪੰਨ ਹੁੰਦਾ ਹੈ ਕਿ "ਕੀ ਸਿੱਖ ਮਤ ਆਵਾਗਵਣ ਨੂੰ ਮੰਨਦਾ ਹੈ? ਕੀ ਸਾਨੂੰ ਪਤਾ ਲੱਗ ਸਕਦਾ ਹੈ ਕਿ ਫਲਾਣਾ ਆਦਮੀ, ਕਿਸ

ਜਾਨਵਰ ਦੀ ਜੂਨੀ ਵਿਚ ਹੈ ? ਕੀ ਮਨੁੱਖ ਜਿਉਂਦੇ ਜੀਅ ਮੁਕਤ ਨਹੀਂ ਹੋ ਸਕਦਾ ?"

ਇਕ ਵੀਰ ਨੇ ਕਹਾਣੀ ਸੁਣਾਈ। ਇਹ ਕਹਾਣੀ ਸੂਰਜ ਪ੍ਰਕਾਸ਼ ਅੰਦਰ ਕਵੀ ਸੰਤੋਖ ਸਿੰਘ ਨੇ ਲਿਖੀ ਹੈ ਕਿ ਗੁਰੂ ਨਾਨਕ ਸਾਹਿਬ ਵੇਲੇ ਇਕ ਮੂਲਾ ਖ਼ਤਰੀ ਸੀ, ਜੋ ਗੁਰੂ ਤੋਂ ਬੇਮੁੱਖ ਹੋਇਆ ਅਤੇ ਸੱਪ ਦੇ ਲੜ ਜਾਣ ਨਾਲ ਮਰ ਗਿਆ। ਹਜ਼ੂਰ ਸਾਹਿਬ ਦੇ ਇਲਾਕੇ ਵਿਚ ਗੁਰੂ ਸਾਹਿਬ ਨੇ ਇਕ ਖ਼ਰਗੋਸ਼ ਨੂੰ ਮਾਰਿਆ ਅਤੇ ਇਕ ਵੈਸ਼ਨੂੰ ਬਿਪਰ ਵੀ ਹੈਰਾਨ ਹੋਇਆ। ਸਿੱਖਾਂ ਨੇ ਪੁੱਛਿਆ ਕਿ ਤੁਸੀਂ ਇਸ ਨੂੰ ਪਹਿਲਾਂ ਬਾਜ਼ ਤੋਂ ਫੱਟੜ ਕਰਾਇਆ, ਫਿਰ ਮਾਰ ਦਿੱਤਾ। ਗੁਰੂ ਸਾਹਿਬ ਨੇ ਦੱਸਿਆ ਕਿ ਇਹ ਖ਼ਰਗੋਸ਼ ਮੂਲਾ ਖੱਤਰੀ ਸੀ ਅਤੇ ਉਸ ਦਾ ਉਦਾਰ ਕਰਨਾ ਸੀ। ਮੈਂ ਉਸ ਵੀਰ ਨੂੰ ਪੁੱਛਿਆ ਕਿ ਖ਼ਰਗੋਸ਼ ਦੀ ਉਮਰ ਕਿਤਨੀ ਹੁੰਦੀ ਹੈ ਤਾਂ ਉਸ ਦਾ ਉੱਤਰ ਸੀ ਕਿ ਉਹ ਵਾਰ-ਵਾਰ ਖ਼ਰਗੋਸ਼ ਦੀ ਜੂਨੀ ਵਿਚ ਆਉਂਦਾ ਹੋਵੇਗਾ। ਅਜਿਹੀਆਂ ਮਨਘੜਤ ਗੱਲਾਂ ਸੁਣ ਕੇ ਹਾਸਾ ਵੀ ਆਉਂਦਾ ਹੈ ਕਿ ਜਿਵੇਂ ਗੁਰੂ ਸਾਹਿਬ ਉਦਾਰ ਕਰਨ ਵਾਲਿਆਂ ਦੀ ਲਿਸਟ ਨਾਲ ਚੁੱਕੀ ਫਿਰਦੇ ਸਨ ਅਤੇ ਉਹਨਾਂ ਪਤਾ ਹੁੰਦਾ ਸੀ ਕਿ ਉਹ ਜਾਨਵਰ ਕਿਹੜੀ ਜਗ੍ਹਾਂ ਵਿਚ ਹਨ।

ਇਕ ਹੋਰ ਸਾਖੀ ਸੁਣਾਈ ਜਾਂਦੀ ਹੈ ਕਿ ਇਕ ਵਾਰ ਗੁਰੂ ਜੀ (ਗੁਰੂ ਗੋਬਿੰਦ ਸਿੰਘ) ਨੇ ਇਕ ਗਿਰਝ (ਗਿੱਧ) ਨੂੰ ਮਾਰਿਆ ਤਾਂ ਸਿੱਖਾਂ ਨੇ ਪੁੱਛਿਆ ਗੁਰੂ ਜੀ, ਇਹ ਜਾਨਵਰ ਤਾਂ ਅਪਵਿੱਤਰ ਹੈ, ਇਸ ਦਾ ਮਾਸ ਵੀ ਖਾਣ ਦੇ ਕੰਮ ਨਹੀਂ ਆਉਂਦਾ ਤਾਂ ਫਿਰ ਕਿਉਂ ਮਾਰਿਆ ? ਗੁਰੂ ਜੀ ਨੇ ਉੱਤਰ ਦਿੱਤਾ ਕਿ ਇਹ ਜਾਨਵਰ ਪਿਛਲੇ ਜਨਮ ਵਿਚ ਸਾਡਾ ਸਿੱਖ ਸੀ, ਇਸ ਨੇ ਇਕ ਕੰਨਿਆ ਨੂੰ ਮੰਦੀ ਭਾਵਨਾ ਨਾਲ ਤੱਕਿਆ ਸੀ, ਇਸ ਕਰਕੇ ਇਹ ਘੋਗੜ ਦੀ ਜੂਨ ਵਿਚ ਪੈ ਗਿਆ, ਹੁਣ ਇਸ ਨੂੰ ਮੁਕਤ ਕਰ ਦਿੱਤਾ ਹੈ।

ਹੁਣ ਕੌਣ ਖੋਜ ਕਰੇ ਕਿ ਇਹ ਸਿੱਖ ਕਿਹੜੇ ਸਮੇਂ ਗੁਰੂ ਜੀ ਦਾ ਸਿੱਖ ਸੀ ? ਇਸ ਸਿੱਖ ਦੀ ਮੌਤ ਕਿਵੇਂ ਹੋਈ ? ਸ਼ਿਕਾਰ ਵਾਲੀ ਘਟਨਾ ਕਦੋਂ ਵਾਪਰੀ ? ਅਜਿਹੀ ਸਾਖੀ ਦਾ ਮੂੰਹ ਸਿਰ ਨਹੀਂ ਬਣਦਾ, ਪਰ ਇਕ ਗੱਲ ਯਕੀਨੀ ਹੈ ਕਿ ਜਦੋਂ ਸਿੱਖ ਆਖਦੇ ਹਨ ਕਿ ਇਸ ਦਾ ਮਾਸ ਤਾਂ ਖਾਣ ਦੇ ਕੰਮ ਨਹੀਂ ਆਉਂਦਾ ਤਾਂ ਪ੍ਰਤੱਖ ਹੈ ਕਿ ਸਿੱਖ ਮਾਸ ਖਾਂਦੇ ਸਨ। ਮਾਸ ਅਹਾਰ ਲਈ ਹੀ ਸ਼ਿਕਾਰ ਖੇਡਿਆ ਜਾਂਦਾ ਹੈ। ਮੁੱਢ ਤੋਂ ਹੀ ਮਾਸ ਅਹਾਰ ਲਈ ਸ਼ਿਕਾਰ ਖੇਡਣ ਦੀ ਪਰੰਪਰਾ ਸੀ।

ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਜੀਵਨ ਕਾਲ ਅੰਦਰ ਬਹੁਤ ਭਟਕੇ ਹੋਏ ਲੋਕਾਂ ਨੂੰ ਮੁਕਤ ਕੀਤਾ ਸੀ। ਜਿਵੇਂ ਕੌਡਾ ਭੀਲ, ਸੱਜਣ ਠੱਗ ਆਦਿ

ਵਿਅਕਤੀਆਂ ਨੂੰ ਮੁਕਤ ਕੀਤਾ। ਗੁਰਮਤਿ ਵਿਚ ਜੀਵਨ ਮੁਕਤੀ ਦਾ ਸਿਧਾਂਤ ਹੈ, ਨਾ ਕਿ ਮਰਨ ਉਪਰੰਤ ਮੁਕਤੀ। ਜਿਵੇਂ ਭਾਰਤ ਅੰਦਰ ਗਿਰਝਾਂ ਦੀ ਨਸਲ ਹੀ ਖਤਮ ਹੋ ਗਈ। ਇਸ ਦਾ ਭਾਵ ਇਹੀ ਹੋਵੇਗਾ ਕਿ ਹੁਣ ਕਿਸੇ ਨੂੰ ਘੋਗੜ ਦੇ ਜਨਮ ਵਿਚ ਪੈ ਕੇ ਸਜ਼ਾ ਨਹੀਂ ਮਿਲੇਗੀ।

ਤੱਤਸਾਰ ਇਹੀ ਹੈ ਕਿ ਗੁਰੂ ਜੀ ਸ਼ਿਕਾਰ ਕਰਦੇ ਸਨ ਅਤੇ ਸ਼ਿਕਾਰ ਕਰਨਾ, ਹਥਿਆਰ ਰੱਖਣੇ ਜਾਂ ਘੋੜ ਸਵਾਰੀ ਕਰਨੀ ਆਦਿ ਸ਼ਾਹੀ ਪਰੰਪਰਾਵਾਂ ਸਨ। ਇਸ ਪਰੰਪਰਾ ਨਾਲ ਸਿੱਖਾਂ ਦੀ ਮਾਨਸਿਕਤਾ ਵਿਚ ਪਰਿਵਰਤਣ ਆਇਆ, ਉਹਨਾਂ ਅੰਦਰ ਸਾਹਸ ਪੈਦਾ ਹੋਇਆ, ਦੂਸਰਾ ਇਸ ਕਰਮ ਨਾਲ ਦਲੇਰੀ ਵਿਚ ਵਾਧਾ ਅਤੇ ਸ਼ਸ਼ਤਰ ਅਭਿਆਸ ਹੁੰਦਾ ਸੀ। ਸਿੱਖਾਂ ਬਾਰੇ ਮਹਾਨ ਇਤਿਹਾਸਕਾਰ ਡਾ. ਹਰੀ ਰਾਮ ਗੁਪਤਾ ਲਿਖਦੇ ਹਨ ਕਿ ਸਿੱਖ ਜੰਗਲੀ ਸੂਰਾਂ ਦਾ ਸ਼ਿਕਾਰ ਵੀ ਖੂਬ ਕਰਦੇ ਸਨ। ਮੁਸਲਮਾਨ ਤੇ ਇਸਾਈ ਤੇ ਯਹੂਦੀ ਲੋਕ ਸੂਰ ਦਾ ਮਾਸ ਨਹੀਂ ਖਾਂਦੇ, ਪਰ ਸਿੱਖਾਂ ਲਈ ਕੋਈ ਅਜਿਹਾ ਵਹਿਮ ਨਹੀਂ ਸੀ। ਜਦੋਂ ਕਦੀ ਖਾਲਸਈ ਫੌਜਾਂ ਜੰਗਲਾਂ ਆਦਿ ਵਿਚ ਡੇਰੇ ਲਗਾਉਂਦੀਆਂ ਤਾਂ ਆਪਣੇ ਅਹਾਰ ਲਈ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰਨਾ ਤੇ ਉਹਨਾਂ ਦੇ ਮਾਸ 'ਤੇ ਨਿਰਭਰ ਹੋਣਾ ਪੈਂਦਾ ਸੀ। ਆਖਿਰ ਵਿਚ ਇਹੀ ਮੰਨਣਾ ਪਵੇਗਾ ਕਿ ਮਾਸ ਖਾਣ ਜਾਂ ਨਾ ਖਾਣ ਦੇ ਵਹਿਮ ਭਰਮ ਵਿਚ ਨਹੀਂ ਉਲਝਣਾ, ਇਹੀ ਹਰ ਬੰਦੇ ਦਾ ਨਿੱਜੀ ਫੈਸਲਾ ਹੈ, ਚਾਹੇ ਉਹ ਮਾਸ ਖਾਵੇ ਜਾਂ ਮੂੰਗੀ। ਇਹ ਕਈ ਵਾਰ ਵਾਤਵਰਣ, ਸਮਾਂ ਜਾਂ ਸਰੀਰਿਕ ਲੋੜ ਨੂੰ ਹੀ ਆਧਾਰ ਬਨਾਉਣਾ ਪੈਂਦਾ ਹੈ।

▲ ▲ ▲

# ਡਾ. ਹਰੀ ਰਾਮ ਗੁਪਤਾ (ਇਤਿਹਾਸਕਾਰ)

ਡਾਕਟਰ ਹਰੀ ਰਾਮ ਗੁਪਤਾ ਭਾਰਤ ਦੇ ਪ੍ਰਸਿੱਧ ਇਤਿਹਾਰਕਾਰ ਸਨ, ਜਿਹਨਾਂ ਦਾ ਜਨਮ ਫਰਵਰੀ 05, 1902 ਨੂੰ ਅੰਬਾਲਾ ਵਿਖੇ ਹੋਇਆ। ਉਹਨਾਂ ਦੀ ਜ਼ਿਆਦਾ ਖੋਜ 18ਵੀਂ ਸਦੀ ਦਾ ਸਿੱਖ ਇਤਿਹਾਸ ਹੈ। ਉਹ 1957 ਤੋਂ 1963 ਤੱਕ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਇਤਿਹਾਸ ਵਿਭਾਗ ਦੇ ਮੁਖੀ ਰਹੇ।

ਡਾ. ਹਰੀ ਰਾਮ ਗੁਪਤਾ ਜੀ ਨੇ 1739 ਤੋਂ 1768 ਤੱਕ ਸਿੱਖਾਂ ਬਾਰੇ ਬਹੁਤ ਖੋਜ ਕੀਤੀ। ਉਸ ਨੇ ਸਿੱਖਾਂ ਦੀ ਖ਼ੁਰਾਕ ਬਾਰੇ ਲਿਖਿਆ ਹੈ ਕਿ,

> "ਸਿੱਖ ਗਾਈਆਂ ਦੇ ਮਾਸ ਨੂੰ ਛੱਡ ਕੇ ਸਭ ਜਾਨਵਰਾਂ ਦਾ ਮਾਸ ਕੁੱਕੜ, ਮੱਛੀ ਅਤੇ ਚਾਰ ਪਾਏ ਜਾਨਵਰ ਜੋ ਝਟਕਾਏ ਜਾ ਸਕਦੇ ਸਨ, ਜੋ ਜਾਨਵਰ ਸ਼ਿਕਾਰ ਸਮੇਂ ਮਾਰਿਆ ਜਾਂਦਾ, ਉਸ ਨੂੰ ਝਟਕਾਉਣ ਦੀ ਲੋੜ ਨਹੀਂ ਪੈਂਦੀ ਸੀ। ਸਿੱਖ ਜੰਗਲੀ ਸੂਰ ਦਾ ਸ਼ਿਕਾਰ ਵੀ ਕਰਦੇ ਸਨ ਤੇ ਸਿੱਖ ਅੱਜ ਤੱਕ ਮਾਸ ਅਹਾਰ ਦੀ ਵਰਤੋਂ ਕਰਦੇ ਹਨ।"

ਸਿੱਖ ਜਰਨੈਲ ਸ. ਜੱਸਾ ਸਿੰਘ ਆਹਲੂਵਾਲੀਆ, ਜੋ ਗੁਰੂ ਗੋਬਿੰਦ ਸਿੰਘ ਦੇ ਸੰਗ ਵੀ ਰਹੇ। ਨਵਾਬ ਕਪੂਰ ਸਿੰਘ ਜੀ ਤੋਂ ਬਾਅਦ ਖਾਲਸਾ ਪੰਥ ਨੇ ਇਹਨਾਂ ਨੂੰ ਆਪਣਾ ਜਥੇਦਾਰ ਮੰਨਿਆ, ਬਾਰੇ ਦੱਸਿਆ ਜਾਂਦਾ ਹੈ ਕਿ ਉਹ ਇਕ ਸੇਰ ਘਿਉ, ਚਾਰ ਸੇਰ ਸ਼ੱਕਰ ਤੇ ਇਕ ਬੱਕਰਾ ਰੋਜ਼ ਖਾ ਲੈਂਦੇ ਸਨ।

ਸ਼ਹੀਦ ਲਛਮਣ ਸਿੰਘ, ਧਾਰੋਵਾਲੀ ਬਾਰੇ ਵੀ ਲਿਖਿਆ ਮਿਲਦਾ ਹੈ ਉਹ ਭਲਵਾਨੀ ਵੀ ਕਰਦੇ ਸਨ ਤੇ ਕਬੱਡੀ ਖੇਡ ਵਿਚ ਕੋਈ ਉਹਨਾਂ ਨੂੰ ਫੜ ਨਹੀਂ ਸਕਦਾ ਸੀ। ਉਹ ਵੀ 4 ਤੋਂ 5 ਸੇਰ ਮਾਸ ਰੋਜ਼ ਖਾਹ ਲੈਂਦੇ ਸਨ। ਇਹ ਜਿੱਥੇ ਤਾਕਤਵਾਰ ਸਿੰਘ ਸਨ, ਇਸ ਦੇ ਨਾਲ ਹੀ ਪੰਥ ਦੇ ਭਲੇ ਲਈ ਵਿਦਿਅਕ ਅਦਾਰੇ ਸਥਾਪਤ ਕਰਨ ਵਾਲੇ ਉਪਕਾਰੀ ਸਨ।

ਹੋਰ ਵੀ ਅਨੇਕਾਂ ਸੂਰਬੀਰ ਯੋਧੇ ਹੋਏ ਹਨ, ਜਿਹਨਾਂ ਨੇ ਸਿੱਖੀ ਦੀ ਚੜ੍ਹਦੀ ਕਲਾ ਲਈ ਅਹਿਮ ਯੋਗਦਾਨ ਪਾਏ, ਪਰ ਉਹਨਾਂ ਸੂਰਬੀਰਾਂ ਦੀ ਖ਼ੁਰਾਕ ਵਿਚ ਮਾਸ ਜ਼ਰੂਰ ਸ਼ਾਮਲ ਹੁੰਦਾ ਸੀ।

# ਝਟਕਾ ਕਾਨਫਰੰਸ (1937)

ਸ਼ਾਇਦ ਕਈਆਂ ਨੂੰ 'ਝਟਕਾ ਕਾਨਫਰੰਸ' ਨਾਮ ਬੜਾ ਅਜ਼ੀਬ ਲੱਗੇਗਾ, ਪਰ ਇਹ ਅਸਲੀਅਤ ਹੈ ਕਿ ਇਹ ਕਾਨਫਰੰਸ ਸ. ਕਰਤਾਰ ਸਿੰਘ ਝਬਰ ਦੀ ਜਥੇਬੰਦੀ ਅਧੀਨ 1937 ਵਿਚ ਆਯੋਜਿਤ ਹੋਈ। ਇਸ ਕਾਨਫਰੰਸ ਨੂੰ ਅਯੋਜਿਤ ਕਰਨ ਦੀ ਲੋੜ ਅਚਨਚੇਤ ਹੋਈ। 1937 ਵਿਚ ਸ਼ੇਖ਼ੂਪੁਰਾ ਵਿਚ ਇਕ ਸਿੰਘ, ਬਾਘ ਸਿੰਘ, ਗੁਲਾਮ ਹੁਸੈਨ ਜੰਡਿਆਲਾ ਸ਼ੇਰਖਾਨ ਦਾ ਮੁਜ਼ਾਰਾ ਸੀ। ਸ. ਬਾਘ ਸਿੰਘ ਨੇ ਝਟਕਾ ਮਾਸ ਤਿਆਰ ਕੀਤਾ, ਜਦੋਂ ਗੁਲਾਮ ਹੁਸੈਨ ਨੂੰ ਪਤਾ ਲੱਗਾ ਤਾਂ ਉਸ ਨੇ ਸ. ਬਾਘ ਸਿੰਘ ਨੂੰ ਆਪਣੇ ਖੇਤਾਂ ਵਿਚੋਂ ਕੱਢ ਦਿੱਤਾ। ਇਹ ਖ਼ਬਰ ਸ. ਕਰਤਾਰ ਸਿੰਘ ਝਬਰ ਕੋਲ ਪਹੁੰਚ ਗਈ। ਉਸ ਪਿੰਡ ਦੇ ਮੁਸਲਮਾਨਾਂ ਨੇ ਹੋਰ ਮੁਸਲਮਾਨ ਇਕੱਠੇ ਕਰ ਲਏ, ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਸਿੱਖ ਝਟਕਾ ਕਾਨਫਰੰਸ ਦੌਰਾਨ 50 ਬੱਕਰੇ ਝਟਕਾਉਣਗੇ। ਮੁਸਲਮਾਨਾਂ ਵਲੋਂ ਜਤਨ ਸੀ ਕਿ ਸਿੱਖਾਂ ਨੂੰ ਝਟਕਾ ਕਰਨ ਤੋਂ ਰੋਕਿਆ ਜਾਵੇ। ਉੱਥੇ 2000 ਸਿੱਖ ਇਕੱਠੇ ਹੋ ਗਏ। ਆਪਸੀ ਮੁੱਠ-ਭੇੜ ਵਿਚ ਇਕ ਸਿੱਖ ਦੇ ਗੋਲੀ ਲੱਗੀ ਤੇ ਅਤੇ ਦੂਜੇ ਪਾਸੇ 6 ਮੁਸਲਿਮ ਮਾਰੇ ਗਏ। ਉਥੋਂ ਦੇ ਲੋਕਲ ਐਮ. ਐਲ. ਏ. ਅਬਦੁੱਲ ਘਜ਼ਾਨਫਰ ਨੇ ਕਿਹਾ ਕਿ ਸਿੱਖਾਂ ਨੇ ਬੇਕਸੂਰ ਮੁਸਲਮਾਨਾਂ ਉਤੇ ਹਮਲਾ ਕੀਤਾ ਅਤੇ ਕੇਸ ਪੰਜਾਬ ਸਰਕਾਰ ਕੋਲ ਪਹੁੰਚਿਆ।

ਸਿਕੰਦਰ ਹਿਯਾਤ ਖਾਨ ਹੋਰਾਂ ਸ. ਕਰਤਾਰ ਸਿੰਘ ਨਾਲ ਗੱਲਬਾਤ ਕਰਨ ਦੀ ਇੱਛਾ ਪ੍ਰਗਟਾਈ, ਪਰ ਨਾਲ ਹੀ ਖਾਨ ਸਾਹਿਬ ਨੂੰ ਇਹ ਜਾਣ ਕੇ ਗੁੱਸਾ ਵੀ ਆਇਆ ਕਿ ਬੱਕਰੇ ਸਿੱਖਾਂ ਵਲੋਂ ਝਟਕੇ ਕੀਤੇ ਗਏ। ਸਿਕੰਦਰ ਹਿਯਾਤ ਖਾਨ ਨੇ ਕਿਹਾ ਕਿ ਜੇ ਅਸੀਂ 50 ਗਊਆਂ ਕਤਲ ਕਰ ਦੇਈਏ, ਇਸ 'ਤੇ ਝਬਰ ਸਾਹਿਬ ਨੇ ਕਿਹਾ ਕਿ ਉਹ 50 ਸੂਰ ਵੱਢ ਦੇਣਗੇ। ਖਾਨ ਸਾਹਿਬ ਨੇ ਕਿਹਾ "ਕਿਉਂ ?" ਝਬਰ ਸਾਹਿਬ ਨੇ ਬਹੁਤ ਹੀ ਸਪੱਸ਼ਟ ਰੂਪ ਵਿਚ ਕਿਹਾ ਕਿ ਅਜੇਹਾ ਕੋਈ ਮੁੱਦਾ ਨਹੀਂ ਕਿ ਗਾਈਆਂ ਜਾਂ ਸੂਰ ਵੱਢੇ ਜਾਣ, ਅਸਲ ਮੁੱਦਾ ਇਹ ਹੈ ਕਿ ਜਦੋਂ ਮੁਸਲਮਾਨਾਂ ਨੂੰ ਆਪਣੇ ਰਹੁ-ਰੀਤ ਨਾਲ ਹਲਾਲ ਕਰਨ ਦੀ ਖੁੱਲ੍ਹ ਹੈ। ਫਿਰ ਸਿੱਖਾਂ ਨੂੰ ਅਜਿਹਾ ਕਰਨ ਦੀ ਅਜ਼ਾਦੀ ਕਿਉਂ ਨਹੀਂ ? ਖਾਨ ਸਾਹਿਬ ਪਾਸ ਕੋਈ ਉਤਰ ਨਹੀਂ ਸੀ ਅਤੇ

ਝਬਰ ਸਾਹਿਬ ਦੇ ਵਿਰੁਧ ਹੋਇਆ ਕੇਸ ਵਾਪਸ ਲੈਣਾ ਪਿਆ। ਇਸ ਝਟਕਾ ਕਾਨਫਰੰਸ ਤੋਂ ਇਕ ਗੱਲ ਤਾਂ ਸਪੱਸ਼ਟ ਹੁੰਦੀ ਹੈ ਕਿ ਸਿੱਖਾਂ ਵਿਚ ਝਟਕਾ ਮਾਸ ਖਾਣ ਦੀ ਪਰੰਪਰਾ ਹੈ।

ਸ. ਕਰਤਾਰ ਸਿੰਘ ਝਬਰ (1874-1962) ਗੁਰਦੁਆਰਾ ਸੁਧਾਰ ਲਹਿਰ ਦੇ ਮਹਾਨ ਯੋਧੇ ਸਨ, ਇਹਨਾਂ ਦਾ ਜਨਮ 1874 ਵਿਚ ਪਿੰਡ ਝਬਰ ਵਿਖੇ ਹੋਇਆ। ਇਹਨਾਂ ਦੇ ਪਿਤਾ ਜੀ ਸ. ਤੇਜਾ ਸਿੰਘ ਅਤੇ ਬਾਬਾ ਸ. ਮੰਗਲ ਸਿੰਘ ਸਨ, ਜੋ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦੇ ਅਫਸਰ ਸਨ। ਇਹਨਾਂ ਨੇ ਖਾਲਸਾ ਪੰਥ ਦੇ ਬਤੌਰ ਪ੍ਰਚਾਰਕ ਬਣਨ ਲਈ ਗੁਰਮਤਿ ਵਿਦਿਆ 1906 ਤੋਂ 1909 ਤੱਕ ਉਪਦੇਸ਼ਕ ਮਹਾਂਵਿਦਿਆਲੇ ਘਾਰਜੱਖ ਤੋਂ ਲਈ। ਜਲ੍ਹਿਆਂ ਵਾਲਾ ਬਾਗ ਦੇ ਸਾਕੇ ਵਿਰੁਧ ਇਹਨਾਂ ਨੇ ਸਰਕਾਰ ਦੇ ਵਿਰੁਧ ਰੋਸ ਮੁਜ਼ਾਹਰੇ ਕੀਤੇ। ਇਹਨਾਂ ਨੂੰ ਗ੍ਰਿਫ਼ਤਾਰ ਕਰਕੇ ਮੌਤ ਦੀ ਸਜ਼ਾ ਸੁਣਾਈ ਗਈ, ਪਰ ਪਿੱਛੋਂ ਸਜ਼ਾ ਉਮਰ ਕੈਦ ਦੀ ਹੋ ਗਈ।

▲ ▲ ▲

# ਇਨਸਾਈਕਲੋਪੇਡੀਆ ਆਫ਼ ਸਿੱਖਇਜ਼ਮ

'ਝਟਕੇ ਬਾਰੇ ਇਨਸਾਈਕਲੋਪੇਡੀਆ ਆਫ਼ ਸਿੱਖਇਜ਼ਮ' ਵਿਚ ਇਕ ਲੇਖ ਹੈ, ਜਿਸਨੂੰ ਸ. ਪਿਆਰਾ ਸਿੰਘ ਸੈਂਭੀ ਵਲੋਂ ਲਿਖਿਆ ਹੋਇਆ ਹੈ। ਇਹ ਚਾਰ ਭਾਗਾਂ ਵਿਚ 'ਇਨਸਾਈਕਲੋਪੇਡੀਆ' ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰੋਫੈਸਰ ਹਰਵੰਸ ਸਿੰਘ ਜੀ ਵਲੋਂ ਸੰਪਾਦਤ ਕੀਤਾ ਹੋਇਆ ਹੈ। ਇਸ ਨੂੰ ਪੰਜਾਬੀ ਵਿਚ ਕੀਤਾ ਜਾ ਰਿਹਾ ਹੈ।

ਝਟਕੇ ਬਾਰੇ ਲਿਖਿਆ ਹੈ "ਸਿੱਖਾਂ ਵਲੋਂ ਮਾਸ ਅਹਾਰ ਲਈ ਜਾਨਵਰ ਨੂੰ ਮਾਰਨ ਦਾ ਤਰੀਕਾ, ਦੂਸਰਾ ਝਟਕੇ ਤੋਂ ਭਾਵ ਕੋਈ ਪੰਛੀ ਜਾਂ ਜਾਨਵਰ ਦਾ ਮਾਸ, ਜਿਸ ਨੂੰ ਇਕ ਝਟਕੇ ਨਾਲ ਜਾਂ ਬੰਦੂਕ ਨਾਲ ਮਾਰਿਆ ਜਾਵੇ। ਇਸ ਦੇ ਅੱਖਰੀ ਅਰਥ ਝਟਪਟ ਕੀਤੇ ਜਾ ਸਕਦੇ ਹਨ। ਇਸ ਲਈ ਝਟਕਾ ਜਾਂ ਝਟਕਾਉਣਾ ਸਿੱਖ ਪਰੰਪਰਾ ਅਨੁਸਾਰ ਕਿਸੇ ਜਾਨਵਰ ਨੂੰ ਬਗੈਰ ਵੱਧ ਤਕਲੀਫ਼ ਦਿੱਤੇ ਮਾਰ ਕੇ ਮਾਸ ਖਾਣਾ ਹੈ। ਦੂਜੇ ਪਾਸੇ ਮੁਸਲਮਾਨਾਂ ਜਾਂ ਯਹੂਦੀਆਂ ਵਿਚ ਹਲਾਲ ਅਤੇ ਕੋਸ਼ਰ ਮਾਸ ਨੂੰ ਤਿਆਰ ਕਰਨ ਸਮੇਂ ਪਸ਼ੂ ਮਾਰਨ ਦੀ ਵਿਧੀ ਦੀ ਆਪਣੀ ਪਰੰਪਰਾ ਸਥਾਪਤ ਕੀਤੀ ਹੋਈ ਹੈ।

ਇਹ ਵੀ ਜ਼ਰੂਰੀ ਹੈ ਕਿ ਜਿਵੇਂ ਮੁਸਲਮਾਨ ਹਲਾਲ ਕਰਨ ਲਈ ਅੱਲਾ ਨੂੰ ਧਿਆਉਂਦੇ ਹਨ ਕਿ ਸਿੱਖ ਝਟਕੇ ਸਮੇਂ ਸਤਿ ਸ੍ਰੀ ਅਕਾਲ ਦਾ ਜੈਕਾਰਾ ਛੱਡਣ। ਸਿੱਖਾਂ ਵਿਚ ਪਸ਼ੂਆਂ ਦੀ ਬਲੀ ਦੇਣ ਦੀ ਕੋਈ ਪ੍ਰਥਾ ਨਹੀਂ ਹੈ। ਗੁਰੂ ਸਾਹਿਬਾਨਾਂ ਵਲੋਂ ਅਜਿਹਾ ਹੀ ਕੋਈ ਪ੍ਰਮਾਣ ਨਹੀਂ ਮਿਲਦਾ ਕਿ ਉਹਨਾਂ ਨੇ ਝਟਕਾ ਕਰਨ ਦੀ ਪਰੰਪਰਾ ਦਾ ਕੋਈ ਹੁਕਮ ਕੀਤਾ ਹੋਵੇ, ਪਰ ਰਹਿਤਨਾਮਿਆਂ ਅੰਦਰ ਵਿਸ਼ੇਸ਼ ਹਦਾਇਤ ਹੈ ਕਿ ਸਿੱਖਾਂ ਨੇ ਕੁੱਠਾ ਨਹੀਂ ਖਾਣਾ।

(The Encylopaedia of Sikhism, Vol. 3, p. 379)

▲ ▲ ▲

# ਸਿੱਖ ਵਿਦਵਾਨਾਂ ਦੇ ਵਿਚਾਰ

## ਭਾਈ ਅਰਦਮਨ ਸਿੰਘ ਬਾਗੜੀਆਂ ਦੇ ਵਿਚਾਰ

ਸਿੱਖ ਧਰਮ ਵਿਚ ਕੋਈ ਵਿਸ਼ੇਸ਼ ਖਾਣ ਪੀਣ ਲਈ ਮਨਾਹੀ ਜਾਂ ਭਰਮ ਨਹੀਂ, ਗੁਰੂ ਨਾਨਕ ਸਾਹਿਬ ਜੀ ਵਾਰ ਆਸਾ ਵਿਚ ਆਖਦੇ ਹਨ,

*ਖਾਣਾ ਪੀਣਾ ਪਵਿਤਰ ਹੈ*
*ਦਿਤੋਨੁ ਰਿਜਕੁ ਸੰਬਾਹਿ ॥*
ਪਰ ਇਕ ਸ਼ਰਤ ਵੀ ਹੈ ਕਿ
*"ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥*
*ਜਿਤੁ ਖਾਧੈ ਤਨੁ ਪੀੜੀਐ*
*ਮਨ ਮਹਿ ਚਲਹਿ ਵਿਕਾਰ ॥"*

(ਗੁਰੂ ਗ੍ਰੰਥ ਸਾਹਿਬ, ਪੰਨਾ 16–17)

ਸਿੱਖ ਇਤਿਹਾਸ ਵਿਚ ਗਵਾਹੀ ਹੈ ਕਿ ਗੁਰੂ ਨਾਨਕ ਸਾਹਿਬ ਨੇ ਕੁਰਕਸ਼ੇਤਰ ਦੇ ਅਸਥਾਨ ਤੇ ਮਾਸ ਬਣਾਇਆ ਅਤੇ ਪੰਡਿਤ ਨਾਨੂ ਨੇ ਵਿਰੋਧ ਕੀਤਾ। ਫਿਰ ਗੁਰੂ ਸਾਹਿਬ ਨੇ ਉਸ ਦੇ ਝੂਠੇ ਵਿਸ਼ਵਾਸ ਦਾ ਪਰਦਾਫਾਸ਼ ਕੀਤਾ ਅਤੇ ਅਸਲੀਅਤ ਬਾਰੇ ਸਪੱਸ਼ਟ ਕੀਤਾ :

*ਮਾਸੁ ਮਾਸੁ ਕਰਿ ਮੂਰਖੁ ਝਗੜੇ*
*ਗਿਆਨੁ ਧਿਆਨੁ ਨਹੀ ਜਾਣੈ ॥*
*ਕਉਣੁ ਮਾਸੁ ਕਉਣੁ ਸਾਗੁ ਕਹਾਵੈ*
*ਕਿਸੁ ਮਹਿ ਪਾਪ ਸਮਾਣੇ ॥*
*ਗੈਂਡਾ ਮਾਰਿ ਹੋਮ ਜਗ ਕੀਏ*
*ਦੇਵਤਿਆ ਕੀ ਬਾਣੇ ॥*

(ਆਪਣੇ ਦੇਵਤੇ ਨੂੰ ਖੁਸ਼ ਕਰਨ ਲਈ ਜਗ ਵਿਚ ਗੈਂਡਾ ਮਾਰ ਕੇ ਉਸ ਨੂੰ ਭੇਟ ਕੀਤਾ ਜਾਂਦਾ ਹੈ)

*ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੈ ॥*

ਮਾਸ ਛੱਡ ਕੇ ਇਸਨੂੰ ਸੁੰਘਦੇ ਹਨ ਅਤੇ ਰਾਤ ਨੂੰ ਹਨੇਰੇ ਵਿਚ ਮਾਸ ਛੱਕ ਲੈਂਦੇ ਹਨ :

*ਮਾਸੁ ਪੁਰਾਣੀ ਮਾਸੁ ਕਤੇਬੀ*
*ਚਹੁ ਜੁਗਿ ਮਾਸੁ ਕਮਾਣਾ ॥*
*ਜਜਿ ਕਾਜਿ ਵੀਆਹਿ ਸੁਹਾਵੈ*
*ਓਥੈ ਮਾਸੁ ਸਮਾਣਾ ॥*

(ਗੁਰੂ ਗ੍ਰੰਥ ਸਾਹਿਬ, ਪੰਨਾ 1289-90)

ਜੱਗਾਂ ਵਿਚ ਪਸ਼ੂਆਂ ਦੀ ਬਲੀ ਦਿੱਤੀ ਜਾਂਦੀ ਹੈ ਅਤੇ ਵਿਆਹਾਂ ਦੇ ਮੌਕੇ ਮਾਸ ਖੁਸ਼ੀ ਨਾਲ ਖੁਆਇਆ ਜਾਂਦਾ ਹੈ ਅਤੇ ਇਸ ਬਾਰੇ ਹਿੰਦੂ ਧਾਰਮਿਕ ਪੁਸਤਕਾਂ ਪੁਰਾਣਾਂ ਤੇ ਸ੍ਰਿਮਤੀਆਂ ਵਿਚ ਪ੍ਰਮਾਣ ਉਪਲਬੱਧ ਹਨ ਕਿ ਮਾਸ ਮੁੱਢ ਤੋਂ ਹੀ ਪ੍ਰਯੋਗ ਹੁੰਦਾ ਰਿਹਾ ਹੈ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਮਾਧੋ ਦਾਸ ਨੂੰ ਨੰਦੇੜ ਮਿਲਣ ਗਏ ਤਾਂ ਸਿੱਖਾਂ ਨੇ ਉੱਥੇ ਜਾ ਕੇ ਬੱਕਰੇ ਝਟਕਾਏ, ਕਿਉਂਕਿ ਸਿੱਖ ਭੁੱਖੇ ਸਨ (ਤੇ ਦੂਜੇ ਪਾਸੇ ਬੰਦਾ ਬੈਰਾਗੀ, ਮਾਸ ਸੇਵਨ ਨਹੀਂ ਕਰਦਾ ਸੀ) ਅਤੇ ਇਹ ਵੀ ਸਪੱਸ਼ਟ ਹੈ ਕਿ ਸਿੱਖ ਧਰਮ ਅੰਦਰ ਕੋਈ ਖਾਣ ਨਾਲ ਅਧਿਆਤਮਿਕਤਾ ਨਹੀਂ ਜੁੜੀ ਹੋਈ ਕਿ ਮਾਸ ਖਾਣ ਨਾਲ ਵਿਅਕਤੀ ਅਧਿਆਤਮਤਾ ਤੋਂ ਵਾਂਝਾ ਹੋ ਜਾਂਦਾ ਹੈ ਤੇ ਮਾਸ ਨਾ ਖਾਣ ਵਾਲਾ ਅਧਿਆਤਮਕਤਾ ਨੂੰ ਪਹੁੰਚਦਾ ਹੈ। ਮਾਸ ਛੱਡਣ ਨਾਲ ਸਵਰਗ ਜਾਣ ਲਈ ਵੀਜਾ ਮਿਲ ਜਾਂਦਾ ਹੈ ਤੇ ਮਾਸ ਖਾਣ ਵਾਲਾ ਨਰਕਾਂ ਨੂੰ ਜਾਂਦਾ ਹੈ। ਇਸ ਪ੍ਰਤੀ ਕੋਈ ਵਹਿਮ-ਭਰਮ ਨਹੀਂ ਹੋਣਾ ਚਾਹੀਦਾ।

ਭਾਈ ਅਰਦਮਣ ਸਿੰਘ ਜੀ ਦਾ ਪਰਿਵਾਰਿਕ ਪਿਛੋਕੜ, ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅਨਿਨ ਸਿੱਖ ਭਾਈ ਰੂਪਾ ਜੀ ਨਾਲ ਜੁੜਦਾ ਹੈ। ਇਹਨਾਂ ਨੂੰ "ਭਾਈ" ਸ਼ਬਦ ਨਾਲ ਸੰਬੋਧਨ ਹੋਣ ਦਾ ਮਾਣ ਗੁਰੂ ਸਾਹਿਬ ਵਲੋਂ ਮਿਲਿਆ। ਭਾਈ ਅਰਦਮਣ ਸਿੰਘ ਜੀ ਨੇ 1918 ਵਿਚ ਖਾਲਸਾ ਕਾਲਜ, ਅੰਮ੍ਰਿਤਸਰ ਤੋਂ ਬੀ. ਏ. ਕੀਤੀ ਅਤੇ ਲਾਅ ਕਾਲਜ ਵਿਚ ਦਾਖਲ ਹੋਏ। ਪਰ ਪੜ੍ਹਾਈ ਅੱਧਵਾਟੇ ਛੱਡ ਆਪਣੇ ਪਿਤਾ ਜੀ ਭਾਈ ਅਰਜਨ ਸਿੰਘ ਜੀ ਨਾਲ ਗੁਰਮਤਿ ਦੀ ਖੋਜ ਵਿਚ ਜੁੜ ਗਏ। ਆਪ ਜੀ ਸੰਗੀਤ ਦੇ ਧਨੀ ਸਨ ਅਤੇ ਭਾਰਤ ਦੇ ਅਨੇਕਾਂ ਥਾਈਂ ਗੁਰਮਤਿ ਪ੍ਰਚਾਰ ਕਰਨ ਜਾਂਦੇ ਰਹੇ।

## ਮਾਸ ਬਾਰੇ ਅਕਾਲੀ ਕੌਰ ਸਿੰਘ ਜੀ ਨਿਹੰਗ ਦੇ ਵਿਚਾਰ (1886-1953)

ਅਕਾਲੀ ਕੌਰ ਸਿੰਘ ਜੀ ਖਾਲਸਾ ਪੰਥ ਦੇ ਮਹਾਨ ਵਿਦਵਾਨ ਅਤੇ ਅਧਿਆਤਮਕ ਤੌਰ ਤੇ ਵੀ ਉੱਚ-ਅਵਸਥਾ ਵਾਲੇ ਸਨ। ਉਹਨਾਂ ਨੇ ਪੰਥ ਦੀ ਝੋਲੀ ਵਿਚ ਬਹੁਤ ਅਹਿਮ ਪੁਸਤਕਾਂ ਪਾਈਆਂ। ਉਹਨਾਂ ਵਲੋਂ 'ਗੁਰਸ਼ਬਦ ਰਤਨ ਕੋਸ਼' ਤਿਆਰ ਕਰਨਾ, ਗੁਰਬਾਣੀ ਦੇ ਖੋਜੀਆਂ ਲਈ ਮਹਾਨ ਤੋਹਫਾ ਸੀ, ਭਾਵ ਉਹਨਾਂ 15 ਸਾਲ ਲਗਾ ਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਤੁੱਕ ਤਤਕਰਾ ਲਿਖਿਆ, ਜੋ 1923 ਵਿਚ ਛਪਿਆ। ਫਿਰ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਦਾ ਤੁੱਕ ਤਤਕਰਾ ਲਿਖਿਆ। ਇਕ ਹੋਰ ਮਹਾਨ ਰਚਨਾ 'ਸ੍ਰੀ ਗੁਰ ਸੋਭਾ' ਕਵੀ ਸੈਨਾਪਤਿ ਦੀਆਂ ਰਚਨਾਵਾਂ ਨੂੰ ਸੰਪਾਦਿਤ ਕੀਤਾ। ਇਕ ਪ੍ਰਮਾਣਿਕ ਨਿਤਨੇਮ ਗੁਟਕਾ ਵੀ ਛਾਪਿਆ। ਮਹਾਨ ਲੇਖਕ ਹੋਣ ਤੋਂ ਬਿਨ੍ਹਾਂ ਉਹ ਬਹੁਤ ਵਧੀਆ ਉਪਦੇਸ਼ਕ ਵਕਤਾ ਸਨ। ਉਹ ਆਰੀਆ ਸਮਾਜੀਆਂ ਨਾਲ ਬਹਿਸ ਵਿਚ ਹਿੱਸਾ ਵੀ ਲੈਂਦੇ। ਉਹਨਾਂ ਦਾ ਦ੍ਰਿੜ੍ਹ ਨਿਸਚਾ ਸੀ ਕਿ 'ਸਿੱਖਾਂ ਨੂੰ ਝਟਕਾ ਮਾਸ ਖਾਣਾ ਚਾਹੀਦਾ ਹੈ।' ਉਹ ਭਾਈ ਰਣਧੀਰ ਸਿੰਘ ਜੀ ਦੇ ਵਿਚਾਰਾਂ ਨਾਲ ਰੱਤੀ ਭਰ ਵੀ ਸਹਿਮਤ ਨਹੀਂ ਸਨ ਕਿ ਸਿੱਖ ਨੂੰ ਮਾਸ ਨਹੀਂ ਖਾਣਾ ਚਾਹੀਦਾ।

## ਮਾਸ ਸਬੰਧੀ ਭਾਈ ਕਾਨ੍ਹ ਸਿੰਘ ਨਾਭਾ ਦੇ ਵਿਚਾਰ

ਇਸ ਵੇਲੇ ਸੂਰਬੀਰ ਸਿੱਖ ਕੌਮ ਵਿਚ ਜੈਨ ਮਤ ਦਾ ਅਸਰ ਪ੍ਰਤੀਤ ਹੋ ਰਿਹਾ ਹੈ। ਝਟਕੇ ਤੋਂ ਨਫ਼ਰਤ ਫੈਲ ਰਹੀ ਹੈ। ਕਈ ਧਰਮ ਆਗੂ ਉਪਦੇਸ਼ ਦੇਂਦੇ ਹਨ ਕਿ ਮਾਸ ਦਾ ਤਿਆਗ ਮੁੱਲੋਂ ਕਰੋ। ਅਸੀਂ ਇਹ ਮੰਨਦੇ ਹਾਂ ਕਿ ਮਾਸ ਖਾਣਾ ਸਿੱਖੀ ਦਾ ਨਿਯਮ ਨਹੀਂ, ਪਰ ਮਾਸ ਦਾ ਤਿਆਗ ਵੀ ਸਿੱਖੀ ਦਾ ਅੰਗ ਨਹੀਂ। ਮਾਸ ਦਾ ਵਰਤਣਾ ਅਥਵਾ ਨਾ ਖਾਣਾ ਅਧਿਕਾਰ (ਗ੍ਰੰਥੀ, ਪੁਜਾਰੀ, ਰਾਜ ਕਰਮਚਾਰੀ, ਯੋਧਾ ਸਿਪਾਹੀ ਆਦਿਕ) ਅਤੇ ਦੇਸ਼ ਦੀ ਆਬੋ-ਹਵਾ ਅਨੁਸਾਰ ਹੈ। ਜੋ ਲੋਕ ਸੂਖ਼ਮ ਬੁਧਿ ਨਾਲ ਗੁਰਬਾਣੀ ਅਤੇ ਸਿੱਖ ਇਤਿਹਾਸ ਨੂੰ ਵਿਚਾਰਦੇ ਹਨ, ਉਹ ਇਸ ਸਿਧਾਂਤ ਨੂੰ ਚੰਗੀ ਤਰ੍ਹਾਂ ਸਮਝਦੇ ਹਨ। (ਗੁਰਮਤਿ ਮਾਰਤੰਡ ਪੰਨਾ 306)

## ਸ੍ਰੀ ਗੁਰੂ ਪੰਥ ਪ੍ਰਕਾਸ਼/ਕ੍ਰਿਤ ਗਿਆਨੀ ਗਿਆਨ ਸਿੰਘ; ਪ੍ਰਯਾਵਾਂ ਤੇ ਟਿੱਪਣੀਆਂ ਸਮੇਤ, ਸੰਪਾਦਕ ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ

**ਦੋਹਰਾ :** ਗੋਸ਼ਟ ਭਾਈ ਸਿੱਧਨ ਸੋ ਭਾਰੀ।

ਬਾਨੀ ਸੁਨਿ ਹੋਏ ਮੁਦ ਭਾਰੀ।
ਸਮੇਂ ਗ੍ਰਹਿਣ ਇਕ ਨ੍ਰਿਪ ਪ੍ਰਬੀਨਾ।
ਗੁਰ ਕੇ ਪਰਖਨ ਹਿਤ ਅਸਕੀਨਾ।
ਮ੍ਰਿਗ ਸ਼ਿਕਾਰ ਭੇਟ ਧਰਿ ਤਬਿ ਹੀ।
ਭਾਖਯੋ ਛਕੋ ਛਕਾਵੋ ਅਬਿ ਹੀ।
ਸੋ ਹਾਂਡੀ ਮੇਂ ਪਕਨਾ ਧਰਯੋ।
ਪੇਖਿ ਸ਼ੋਰ ਮੇਲੇ ਮੈ ਪਰਯੋ।
ਪੰਡਿਤ ਨਾਨੂ ਥਾ ਤਹਿ ਭਾਰਾ।
ਸੋ ਕਹਿਲਾਵਤ ਹਰਿ ਅਵਤਾਰਾ।
ਲੈ ਨਿਜ ਸੰਗ ਭੀਰ ਬਹੁ ਆਯੋ।
ਬਾਦਹਿ ਬਾਦਿ ਬਿਬਾਦ ਬਢਾਯੋ।
ਹਿੰਦੂ ਕੌਨ ਅਹੇ ਜਗ ਮਾਹੀਂ।
ਮਾਸ ਪਕਾਇ ਗ੍ਰਹਨ ਮੈਂ ਖਾਹੀ।
ਆਪ ਅਚਾਰਯ ਆਰਯ ਅਹੇ।
ਕਯੋਂ ਫਿਰ ਮਾਸ ਪਕਾਵਨ ਬਹੇ।
ਯੋਂ ਪੁਨ ਉੱਤ੍ਰ ਗੁਰੂ ਉਚਾਰੇ।
ਹੈਂ ਹਮ ਹਿੰਦੂ ਤੁਰਕ ਤੈ ਨਯਾਰੇ।
ਹਿੰਦੂ ਤੁਰਕ ਦੁਹਿਨ ਤੈ ਨਗਾਰੋ।
ਫਕਰ ਜਾਤਿ ਇਲਾਹੀ ਧਾਰੋ।
ਛੁਹਿ ਪਾਰਸ ਜਯੋਂ ਤਾਂਬਾ ਲੋਹਾ।
ਅਲੱਗ ਊਭੈ ਤੇ ਸੋਨਾ ਸੋਹਾ।
ਹਿੰਦੂ ਤੁਰਕ ਮਧ ਸਾਰ ਗ੍ਰਾਹੀ।
ਮਤਾ ਹਮਾਰ ਨੀਕ ਦਿਢ ਆਹੀ।
ਮਾਸ ਵੀਚ ਤੈ ਮਾਸ ਜਮਾਵਤਿ।
ਲਾਜ ਨਹੀਂ ਤੁਮ ਕੋ ਤਹਿ ਆਵਤਿ।
ਸੁਲ੍ਹਾ ਕੁੱਲ ਹੈ ਪੰਥ ਹਮਾਰਾ।
ਨਹੀਂ ਸ਼ਰ੍ਹਾ ਕਾ ਬੰਧਨ ਭਾਰਾ।
ਅਰ ਪੁਨ ਮਾਸ ਖਾਵਨਾ ਜੋ ਹੈ।

ਨਹੀਂ ਬੁਰਾ ਕਾਹੂ ਬਿਧਿ ਸੋ ਹੈ।
ਬੇਦ ਬਿਰੁੱਧ ਮਾਸ ਜੋ ਹੋਈ।
ਜਗਯਨ ਬੀਚ ਪਰੈ ਕਯੋਂ ਸੋਈ।
ਭੋਗ ਦੇਵਤਨ ਕੋ ਪਲ ਲਗ ਹ੍ਵੈ।
ਮਾਸ ਹੀਨ ਪੂਰਨ ਨਹਿ ਜਗਯ ਹ੍ਵੈ।
ਮਾਸ ਰਿਖਨ ਅਵਤਾਰਨ ਖਾਯੋ।
ਬੇਦ ਪੁਰਾਨ ਕਤੇਬਨਿ ਗਾਯੋ।
ਭਗ ਅਰ ਲਿੰਗ ਮਾਸ ਕੇ ਦੋਈ।
ਪੈਦਾ ਸ੍ਰਿਸਟਿ ਜਿਨੋ ਤੈ ਹੋਈ।
ਮਾਸ ਵੀਚ ਤੈ ਉਪਜਤਿ ਮਾਸ।
ਮੰਮਾ ਮਿਲ ਹੈ ਮਾਸ ਗ੍ਰਾਸ ॥50॥

(ਗੁਰੂ ਪੰਥ ਪ੍ਰਕਾਸ਼, ਪੰਨਾ 365-366)

ਗਿਆਨੀ ਗਿਆਨ ਸਿੰਘ ਜੀ ਨੇ ਆਪਣੇ ਕਥਿਤ ਪ੍ਰਸੰਗਾਂ ਵਿਚ ਗੁਰੂ ਨਾਨਕ ਸਾਹਿਬ ਜੀ ਵਲੋਂ ਰਾਗ ਮਲਾਰ ਵਿਚ ਉਚਾਰੀ ਬਾਣੀ ਨੂੰ ਅਧਾਰ ਬਣਾ ਕੇ ਹੀ ਲਿਖਿਆ ਹੈ। ਭਾਵ ਗੁਰੂ ਨਾਨਕ ਸਾਹਿਬ ਵਲੋਂ ਮਾਸ-ਸਬੰਧੀ ਵਿਚਾਰ ਅਤੇ ਕੁਰਕੂਸ਼ੇਤਰ ਵਾਲੀ ਸਾਖੀ ਨੂੰ ਕਾਵਿ ਰੂਪ ਵਿਚ ਬਿਆਨਿਆ ਹੈ।

ਪੀਓ ਸੁਧਾ ਔ ਖੇਲੋ ਸ਼ਿਕਾਰ।
ਸ਼ਸਤ੍ਰ ਵਿਦਯਾ ਜਿਮ ਹੋਇ ਸ਼ੰਭਾਰ।
ਕਰ ਝਟਕੈ ਬਕਰਨ ਕੋ ਖੱਯੋ॥
ਮੁਰਦੈ ਕੁੱਠੈ ਨਿਕਟ ਨ ਜਯੋ।
ਕੇਸਨ ਕੀ ਕੀਜੋ ਪ੍ਰਤਿਪਾਲ॥
ਨਹਿ ਉਪਤ੍ਰਨ ਸੋ ਕਟਯੋ ਬਾਲ।

(ਭਾਈ ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 44)

ਭਾਈ ਰਤਨ ਸਿੰਘ ਜੀ ਭੰਗੂ ਨੇ ਸਿੱਖਾਂ ਅੰਦਰ ਮਾਸ ਅਹਾਰ ਅਤੇ ਸਿੱਖੀ ਮਰਿਯਾਦਾ ਦਾ ਪਾਲਣ ਕਰਨ ਦਾ ਉਲੇਖ ਕੀਤਾ ਹੈ। ਹੋਰ ਵਿਦੇਸ਼ੀ ਇਤਿਹਾਸਕਾਰਾਂ ਨੇ ਵੀ ਜੋ ਅੱਖੀਂ ਤੱਕਿਆ, ਉਸ ਨੂੰ ਕਲਮਬੰਦ ਕਰਨ ਦਾ ਜਤਨ ਕੀਤਾ।

▲ ▲ ▲

# ਨਿਚੋੜ

ਅਸੀਂ ਦੱਸ ਚੁੱਕੇ ਹਾਂ ਕਿ ਭਾਰਤ ਦੇ ਲੋਕ ਹਜ਼ਾਰਾਂ ਸਾਲਾਂ ਤੱਕ ਹਰ ਤਰ੍ਹਾਂ ਦਾ ਮਾਸ ਖਾਂਦੇ ਰਹੇ, ਸਮੇਤ ਗਊ ਮਾਸ ਦੇ। ਰਿਗਵੇਦ ਮੰਨੂੰ ਸਿਮ੍ਰਤੀ, ਮਹਾਂਭਾਰਤ, ਰਮਾਇਣ ਆਦਿ ਇਸ ਗੱਲ ਦੇ ਲਿਖਤੀ ਸਬੂਤ ਹਨ। ਯੱਗ ਕਰਨ ਵਕਤ ਗਊ ਮਾਰ ਕੇ ਮੰਤਰ ਪੜ੍ਹਦਿਆਂ, ਉਹ ਮਾਸ ਤਿਆਰ ਕੀਤਾ ਜਾਂਦਾ ਸੀ। ਫਿਰ ਪ੍ਰਸ਼ਾਦ ਰੂਪ ਵਿੱਚ ਸਾਰਿਆਂ ਨੂੰ ਵਰਤਾਇਆ ਜਾਂਦਾ ਸੀ। ਇਸ ਨੂੰ ਕਹਿੰਦੇ ਸਨ 'ਗਊ ਮੇਧ ਯੱਗ'। ਇਸੇ ਤਰ੍ਹਾਂ ਘੋੜਾ ਮਾਰ ਕੇ ਜੋ ਯੱਗ ਕੀਤਾ ਜਾਂਦਾ ਸੀ ਉਹ 'ਅਸ਼ਵਮੇਧ ਯੱਗ' ਅਖਵਾਉਂਦਾ ਸੀ। ਹੋਰ ਸਿਤਮ ਵੇਖੋ ਮਨੁੱਖ ਨੂੰ ਮਾਰ ਕੇ ਉਸ ਦਾ ਮਾਸ ਤਿਆਰ ਕਰਕੇ ਸਾਰਿਆਂ ਨੂੰ ਖੁਆਇਆ ਜਾਂਦਾ ਸੀ 'ਨਰਮੇਧ ਯੱਗ'। ਹਿੰਦੂ ਮੱਤ ਦੀ ਇੱਕ ਪਰੰਪਰਾ ਦਾ ਹਵਾਲਾ ਦੇ ਕੇ ਸਤਿਗੁਰੂ ਜੀ ਸਮਝਾਉਂਦੇ ਹਨ–

*'ਦਾਨੰ ਪਰਾ ਪੂਰਬੇਣ ਭੁੰਚੰਤੇ ਮਹੀਪ ਤੇ ॥*
*ਬਿਪਰੀਤ ਬੁਧੵੰ ਮਾਰਤ ਲੋਕਹ*
*ਨਾਨਕ ਚਿਰੰਕਾਲ ਦੁਖ ਭੋਗਤੇ ॥'*

(ਗੁਰੂ ਗ੍ਰੰਥ ਸਾਹਿਬ, ਪੰਨਾ 1356)

ਭਾਵ (ਹਿੰਦੂ ਮੱਤ ਮੁਤਾਬਕ) ਦਾਨ ਕਰਨ ਕਰਕੇ ਅਗਲੇ ਜਨਮ ਵਿੱਚ ਚੰਗੇ ਰੁਤਬੇ, ਰਾਜ ਮਿਲਖ ਪ੍ਰਾਪਤ ਹੋ ਜਾਂਦੇ ਹਨ। ਅਮੀਰੀ ਕਾਰਨ ਐਸ਼ ਵਾਲੀ ਜ਼ਿੰਦਗੀ ਬਤੀਤ ਕਰਦਿਆਂ, ਅਕਲ ਨਸ਼ਟ ਹੋ ਜਾਂਦੀ ਹੈ। ਫਿਰ ਉਹੀ ਆਦਮੀ ਮਨੁੱਖਤਾ ਨੂੰ ਅਨੇਕ ਤਰੀਕੇ ਲੁੱਟਣਾ ਪ੍ਰੇਸ਼ਾਨ ਕਰਨਾ, ਮਾਰਨਾ ਸ਼ੁਰੂ ਕਰ ਦਿੰਦੇ ਹਨ। ਇਹਨਾਂ ਪਾਪ ਕਰਮਾਂ ਕਾਰਨ ਫਿਰ ਨਰਕ ਵਿੱਚ ਜਾ ਡਿੱਗਦੇ ਹਨ।

ਸੋ ਮਾਸ ਦਾ ਤਿਆਗ ਕਰਕੇ ਧਰਮੀ ਨਹੀਂ ਬਣਿਆ ਜਾ ਸਕਦਾ। ਹੋਰ ਬਹੁਤ ਸਾਰੇ ਵਿਕਾਰ ਜਿਵੇਂ ਕਾਮ ਕ੍ਰੋਧ ਲੋਭ ਮੋਹ ਹੰਕਾਰ, ਦੂਈ ਦਵੈਸ਼ ਆਦਿ ਦਾ ਤਿਆਗ ਕਰਨਾ ਪੈਂਦਾ ਹੈ। ਮਾਸ ਖਾਣ ਵਾਲੇ ਲੋਕ ਵੀ ਬੜੇ ਮਿਹਨਤੀ ਇਮਾਨਦਾਰ, ਹਰ ਤਰ੍ਹਾਂ ਦੇ ਇਨਸਾਨੀ ਗੁਣਾਂ ਨਾਲ ਭਰਪੂਰ ਹਨ। ਕੇਵਲ ਮਾਸ ਦੀ ਵਰਤੋਂ ਕਾਰਨ ਨਫਰਤ ਕਰਨੀ ਜਾਇਜ਼ ਨਹੀਂ ਹੈ। ਜੋ ਪੁਜਾਰੀ ਪਾਪ ਕਰਮ ਕਰਦਾ ਹੈ, ਹੱਥੀਂ ਕਿਰਤ

ਨਹੀਂ ਕਰਦਾ, ਦੂਜਿਆਂ ਦੀ ਕਮਾਈ ਤੇ ਪਲਦਾ ਹੈ। ਲੋਕਾਂ ਨੂੰ ਕੁਰਾਹੇ ਪਾਉਂਦਾ ਹੈ ਲੁੱਟ ਕੇ ਵੀ ਖਾਂਦਾ ਹੈ, ਉਹ ਕਦੇ ਵੀ ਧਰਮਾਤਮਾ ਨਹੀਂ ਹੋ ਸਕਦਾ। ਠੱਗੀ ਮਾਰਨ ਵਾਲਾ ਤੇ ਦੂਜਿਆਂ ਦਾ ਹੱਕ ਖਾਣ ਵਾਲਾ ਜ਼ਿਆਦਾ ਖਤਰਨਾਕ ਹੈ। ਗੁਰਬਾਣੀ ਦਾ ਪ੍ਰਮੁਖ ਉਦੇਸ਼ ਮਨੁੱਖ ਦਾ ਗਿਆਨਵਾਨ ਹੋਣਾ ਤੇ ਜੀਵਨ ਵਿੱਚੋਂ ਵਿਕਾਰਾਂ ਦਾ ਖਾਤਮਾ ਕਰਨਾ ਹੈ। ਸਿੱਖ ਹੋਣ ਦਾ ਅਸਲ ਮਕਸਦ ਇਹੀ ਹੈ।

ਟੁੱਥ ਪੇਸਟਾਂ, ਕਰੀਮਾਂ, ਪਾਲਿਸ਼ਾਂ, ਪੇਂਟਸ, ਦਵਾਈਆਂ, ਸਾਬਣਾਂ, ਤੇਲ ਆਦਿ ਵਿੱਚ ਪਸ਼ੂਆਂ ਦੀ ਚਰਬੀ ਮਿਲਾਈ ਜਾਂਦੀ ਹੈ। ਮਨੁੱਖਾਂ ਉਪਰ ਦਵਾਈ ਟੈਸਟ ਕਰਨ ਤੋਂ ਪਹਿਲਾਂ, ਪੰਛੀਆਂ, ਪਸ਼ੂਆਂ ਤੇ ਅਜਮਾਈ ਜਾਂਦੀ ਹੈ। ਇਹ ਜੀਵ ਬਹੁਤ ਸਾਰੇ ਮਰ ਜਾਂਦੇ ਹਨ, ਨਕਾਰੇ ਜਾਂ ਅੰਗਹੀਣ ਹੋ ਜਾਂਦੇ ਹਨ। ਆਪਣੇ ਰਹਿਣ ਲਈ ਮਨੁੱਖ ਦੇ ਜਗ੍ਹਾ ਬਣਾਈ, ਜੰਗਲ ਕੱਟੇ ਤੇ ਜੰਗਲੀ ਜੀਵ ਖਤਮ। ਇਹ ਪਾਪ ਕਿਸ ਨੂੰ ਲੱਗਿਆ ? ਪੈਰੀਂ ਜੁੱਤੀ, ਬੈਲਟਾਂ, ਅਟੈਚੀ, ਕੋਟ, ਢੋਲਕਾਂ, ਜੋੜੀਆਂ, ਸਾਰੰਗੀ ਆਦਿ ਸਭ ਪਸ਼ੂਆਂ ਦੀ ਖੱਲ ਤੋਂ ਹੀ ਬਣਦੇ ਹਨ। ਜੋ ਗੁਰੂ ਘਰਾਂ ਵਿੱਚ ਵਰਤੀਦੇ ਹਨ। ਸਿੱਖ ਧਰਮ ਵਿੱਚ ਮਾਸ ਬਾਰੇ ਵਾਦ-ਵਿਵਾਦ ਜੋ ਜਾਰੀ ਹੈ, ਉਹ ਕਿਸੇ ਵੀ ਤਰ੍ਹਾਂ ਉਚਿਤ ਨਹੀਂ। ਨਿਰਮਲੇ ਤੇ ਉਦਾਸੀ, ਸਨਾਤਨੀ ਮਤ ਦੇ ਪ੍ਰਭਾਵ ਅਧੀਨ ਆਪ ਮਾਸ ਨਹੀਂ ਖਾਂਦੇ ਸਨ, ਇਸ ਲਈ ਇਨ੍ਹਾਂ ਨੇ ਸਿੱਖਾਂ ਵਿੱਚ ਵੀ 200 ਸਾਲ ਅਜਿਹਾ ਪ੍ਰਚਾਰ ਕੀਤਾ, ਜਿਸਦਾ ਨਤੀਜਾ ਇਹ ਹੈ ਕਿ ਅੱਜ ਮਾਸ ਖਾਣ ਜਾਂ ਨਾ ਖਾਣ ਦਾ ਮਸਲਾ ਸਿੱਖਾਂ ਦਾ ਇੱਕ ਵੱਡਾ ਮਸਲਾ ਬਣ ਚੁੱਕਾ ਹੈ। ਹੁਣ ਬਹੁਤ ਸਾਰੇ ਪ੍ਰਚਾਰਕਾਂ ਨੂੰ ਜਦੋਂ ਕੋਈ ਸਵਾਲ ਕਰਦਾ ਹੈ ਕਿ ਜੇ ਸਿੱਖਾਂ ਵਿੱਚ ਮਾਸ ਖਾਣ ਦੀ ਮਨਾਹੀ ਹੈ ਤਾਂ ਗੁਰੂ ਸਾਹਿਬ ਸ਼ਿਕਾਰ ਕਿਉਂ ਕਰਦੇ ਸਨ ਤਾਂ ਉਨ੍ਹਾਂ ਦਾ ਹਾਸੋਹੀਣਾ ਜਵਾਬ ਹੁੰਦਾ ਹੈ ਕਿ ਉਹ ਮਾਸ ਖਾਣ ਲਈ ਸ਼ਿਕਾਰ ਨਹੀਂ ਕਰਦੇ ਸਨ, ਸਗੋਂ ਉਨ੍ਹਾਂ ਜਾਨਵਰਾਂ ਨੂੰ ਮੁਕਤੀ ਦੇਣ ਲਈ ਸ਼ਿਕਾਰ ਕਰਦੇ ਸਨ। ਇੱਕ ਸਵਾਲ ਇਹ ਵੀ ਉਤਪੰਨ ਹੁੰਦਾ ਹੈ ਕਿ ਗੁਰੂ ਸਾਹਿਬ ਕੋਲ ਆਪਣੇ ਘੋੜੇ ਸਨ, ਜਿਹੜੇ ਉਨ੍ਹਾਂ ਦੀ ਸਾਰੀ ਉਮਰ ਸਵਾਰੀ ਲਈ ਮੱਦਦ ਕਰਦੇ ਸਨ ਤੇ ਜੰਗ ਵਿੱਚ ਉਨ੍ਹਾਂ ਦੇ ਸਹਾਈ ਹੁੰਦੇ ਸਨ। ਸਿੱਖਾਂ ਜਾਂ ਗੁਰੂ ਸਾਹਿਬਾਨ ਕੋਲ ਦੁੱਧ ਪੀਣ ਲਈ ਗਾਵਾਂ-ਮੱਝਾਂ ਹੋਣਗੀਆਂ, ਖੇਤੀ ਕਰਨ ਲਈ ਬਲਦ, ਝੋਟੇ, ਘੋੜੇ ਆਦਿ ਹੋਣਗੇ, ਜਿਹੜੇ ਸਿੱਖਾਂ ਦੇ ਮਦਦਗਾਰ ਸਨ। ਫਿਰ ਉਨ੍ਹਾਂ ਕਿਸੇ ਗਾਂ, ਮੱਝ, ਘੋੜੇ, ਬਲਦ ਆਦਿ ਦਾ ਉਦਾਰ ਕਿਉਂ ਨਹੀਂ ਕੀਤਾ, ਜੰਗਲਾਂ ਵਿੱਚ ਸ਼ੇਰਾਂ, ਰਿੱਛਾਂ, ਹਿਰਨਾਂ ਦਾ ਹੀ ਉਦਾਰ ਕਿਉਂ ਕੀਤਾ ? ਇਸ ਤਰ੍ਹਾਂ ਇਹ ਕਰਮਕਾਂਡੀ ਲੋਕ ਮਨਘੜਤ ਸਾਖੀਆਂ ਰਾਹੀਂ ਸੰਗਤ ਨੂੰ ਹਮੇਸ਼ਾਂ ਗੁੰਮਰਾਹ

ਕਰਦੇ ਹਨ।

ਬੇਸ਼ਕ ਪੰਥ ਵਲੋਂ ਪ੍ਰਵਾਨਤ ਸਿੱਖ ਰਹਿਤ ਮਰਿਯਾਦਾ ਵਿੱਚ ਲਿਖਿਆ ਹੋਇਆ ਹੈ ਕਿ ਸਿੱਖ ਨੇ ਸਿਰਫ ਹਲਾਲ ਮਾਸ ਨਹੀਂ ਖਾਣਾ ਤੇ ਗੁਰੂ ਸਾਹਿਬ ਨੇ ਵੀ ਬਾਣੀ ਵਿੱਚ ਦੱਸਿਆ ਹੈ ਕਿ ਮਾਸ ਖਾਣਾ ਸ਼ੁਰੂ ਤੋਂ ਹੀ ਪ੍ਰਾਣੀਆਂ ਦੇ ਕੁਦਰਤੀ ਸੁਭਾਅ ਦਾ ਅਨਿਖੜਵਾਂ ਅੰਗ ਰਿਹਾ ਹੈ। ਪਰ ਫਿਰ ਵੀ ਪਤਾ ਨਹੀਂ ਅਸੀਂ ਇਸਨੂੰ ਬਹੁਤ ਵੱਡਾ ਮਸਲਾ ਕਿਉਂ ਬਣਾਉਂਦੇ ਹਾਂ। ਸਿੱਖ ਧਰਮ ਵਿੱਚ ਮਾਸ ਦਾ ਖਾਣਾ ਹਿੰਦੂ ਧਰਮ ਸ਼ਾਸਤਰਾਂ ਵਾਂਗ ਵਿਧਾਨ ਨਹੀਂ ਔਰ ਨਾ ਹੀ ਬੋਧੀਆਂ, ਜੈਨੀਆਂ ਵਾਂਗ ਇਸ ਦਾ ਤਿਆਗ ਹੈ। (ਗੁਰਮਤਿ ਮਾਰਤੰਡ, ਭਾਈ ਕਾਨ੍ਹ ਸਿੰਘ ਨਾਭਾ)

'ਗੁਰੂ ਗ੍ਰੰਥ ਸਾਹਿਬ' ਵਿੱਚ 'ਮਾਸ ਖਾਣ' ਬਾਰੇ ਕੋਈ 'ਹਾਂ' ਜਾਂ 'ਨਾਂਹ' ਦੇ ਰੂਪ ਵਿੱਚ ਉੱਤਰ ਨਹੀਂ ਮਿਲਦਾ। ਅਸਲ ਵਿੱਚ ਬਾਣੀ ਵਿੱਚ ਖਾਣ-ਪੀਣ ਬਾਰੇ ਸੁਤੰਤਰ ਵਿਧਾਨ ਪੇਸ਼ ਕੀਤਾ ਗਿਆ ਹੈ। ਭੋਜਨ ਕੇਵਲ ਸਰੀਰ ਦੀ ਸੁਰੱਖਿਆ (ਜਿੰਦਾ ਰਹਿਣ) ਲਈ ਜ਼ਰੂਰੀ ਹੈ, ਇਸ ਲਈ ਕੀ ਖਾਣਾ ਹੈ ਤੇ ਕੀ ਨਹੀਂ ਖਾਣਾ, ਇਸ ਪ੍ਰਸ਼ਨ ਦਾ ਉੱਤਰ 'ਇਹ ਨਹੀਂ ਖਾਣਾ' ਤੇ 'ਔਹ ਜ਼ਰੂਰ ਖਾਣਾ ਹੈ' ਦੇ ਰੂਪ ਵਿੱਚ ਨਹੀਂ ਦਿੱਤਾ ਗਿਆ, ਸਗੋਂ ਵਿਗਿਆਨਿਕ ਢੰਗ ਨਾਲ ਨਸੀਹਤ ਕੀਤੀ ਗਈ ਹੈ ਕਿ ਅਜਿਹੀ ਕੋਈ ਵੀ ਵਸਤੂ, ਜਿਸ ਨੂੰ ਖਾਣ ਨਾਲ ਸਰੀਰ ਰੋਗੀ ਹੋਵੇ ਤੇ ਬੁੱਧੀ ਵਿਕਾਰ-ਗ੍ਰਸਿਤ ਹੋਵੇ, ਤਿਆਗਣ-ਯੋਗ ਸਮਝੀ ਜਾਣੀ ਚਾਹੀਦੀ ਹੈ।

*ਬਾਬਾ ਹੋਰੁ ਖਾਣਾ ਖੁਸੀ ਖੁਆਰ ॥*
*ਜਿਤੁ ਖਾਧੈ ਤਨ ਪੀੜੀਐ*
*ਮਨ ਮਹਿ ਚਲਹਿ ਵਿਕਾਰ ॥*

(ਗੁਰੂ ਗ੍ਰੰਥ ਸਾਹਿਬ, ਪੰਨਾ: 16)

ਹੁਣ ਜੇ ਤਾਂ ਕਿਸੇ ਦੇ ਸਰੀਰ ਨੂੰ ਮੈਡੀਕਲ ਤੌਰ ਤੇ ਮਾਸ ਖਾਣ ਨਾਲ ਕੋਈ ਰੋਗ ਲੱਗ ਗਿਆ ਹੋਵੇ ਜਾਂ ਰੋਗ ਲੱਗਣ ਦਾ ਖਤਰਾ ਹੋਵੇ ਉਹ ਮਾਸ ਦਾ ਤਿਆਗੀ ਹੋ ਜਾਵੇ ਜਾਂ ਵੈਸੇ ਹੀ ਕਿਸੇ ਨੂੰ ਮਾਸ ਖਾਣਾ ਚੰਗਾ ਨਾ ਲਗਦਾ ਹੋਵੇ, ਉਹ ਵੱਖਰੀ ਗੱਲ ਹੈ। ਅਜਿਹੇ ਵਿਅਕਤੀ ਮੀਟ ਨਾ ਖਾਣ, ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋ ਸਕਦਾ, ਪਰ ਕਿਸੇ ਭਰਮ ਅਧੀਨ ਇਹ ਸਮਝਣਾ ਕਿ ਮੀਟ ਖਾਣਾ ਸਿੱਖ ਧਰਮ ਵਿਰੋਧੀ ਕਰਮ ਹੈ ਤੇ ਮੀਟ ਨਾ ਖਾ ਕੇ ਮਨੁੱਖ ਜ਼ਿਆਦਾ ਧਰਮੀ ਜਾਂ ਵਧੀਆ ਸਿੱਖ ਬਣ ਜਾਂਦਾ ਹੈ, ਸਿੱਖੀ ਪ੍ਰਤੀ ਅਗਿਆਨਤਾ ਹੀ ਕਹੀ ਜਾ ਸਕਦੀ ਹੈ। ਅਕਾਲ ਪੁਰਖ ਦੀ ਪ੍ਰਾਪਤੀ ਦੇ ਮਾਰਗ ਵਿੱਚ ਅਸਲ ਵਿਘਨਕਾਰੀ ਚੀਜ਼ ਮਾਸ ਨਹੀਂ, ਸਗੋਂ

ਮਨ ਦੀਆਂ ਬੁਰੀਆਂ ਬਿਰਤੀਆਂ ਹਨ, ਜਿਨ੍ਹਾਂ ਤੋਂ ਸੁਰੱਖਿਅਤ ਰਹਿਣ ਲਈ 'ਅਕਾਲ ਪੁਰਖ' ਦੇ ਨਾਮ ਅਤੇ ਹੁਕਮ ਦੀ ਪਛਾਣ ਕਰਨੀ ਉਚਿਤ ਹੋ ਜਾਂਦੀ ਹੈ।

ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਪੁਰਾਣਾਂ (ਹਿੰਦੂ ਧਾਰਮਿਕ ਪੁਸਤਕਾਂ), ਮੁਸਲਮਾਨੀ ਮਜ਼ਹਬੀ ਕਿਤਾਬਾਂ ਵਿੱਚ ਮਾਸ ਖਾਣ ਦੀ ਆਗਿਆ ਹੈ ਅਤੇ ਚਾਰਾਂ ਹੀ ਯੁਗਾਂ ਅੰਦਰ ਮਾਸ ਵਰਤਿਆ ਜਾਂਦਾ ਰਿਹਾ ਹੈ। ਨਾਰੀ, ਨਰ, ਰਾਜੇ ਤੇ ਮਹਾਰਾਜੇ ਸਾਰੇ ਮਾਸ ਤੋਂ ਹੀ ਉਤਪੰਨ ਹੁੰਦੇ ਹਨः

*ਮਾਸੁ ਪੁਰਾਣੀਂ ਮਾਸੁ ਕਤੇਬੀਂ ਚਹੁ ਜੁਗ ਮਾਸੁ ਕਮਾਣਾ॥*
*ਜਜਿ ਕਾਜਿ ਵੀਆਹਿ ਸੁਹਾਵੈ ਉਥੈ ਮਾਸੁ ਸਮਾਣਾ॥*

(ਗੁਰੂ ਗ੍ਰੰਥ ਸਾਹਿਬ, ਪੰਨਾ: 1290)

ਪੁਰਾਤਨ ਇਤਿਹਾਸਕ ਲਿਖਤਾਂ ਦੱਸਦੀਆਂ ਹਨ ਕਿ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਸਿੱਖਾਂ ਵਿੱਚ ਮਾਸ ਖਾਣ ਦੀ ਖੁੱਲ ਸੀ, ਪਰ ਸਿੱਖ ਇਤਿਹਾਸ ਵਿੱਚ ਝਟਕਾ ਮਾਸ ਖਾਣ ਦੀ ਸ਼ੁਰੂਆਤ ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਸ਼ੁਰੂ ਹੋਈ ਮੰਨੀ ਜਾਂਦੀ ਹੈ, ਜਦੋਂ ਉਨ੍ਹਾਂ ਨੇ ਬਕਾਇਦਾ ਸਿੱਖਾਂ ਨੂੰ ਨਾਲ ਲੈ ਕੇ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰਨਾ ਸ਼ੁਰੂ ਕੀਤਾ ਸੀ। ਸਮਾਜਿਕ ਤੇ ਸਿਆਸੀ ਨੁਕਤਾ ਨਿਗਾਹ ਤੋਂ ਦੇਖਿਆ ਜਾਵੇ ਤਾਂ ਮੁਸਲਮਾਨ ਹੁਕਮਰਾਨਾਂ ਵਲੋਂ ਆਮ ਹਿੰਦੁਸਤਾਨੀਆਂ ਜਾਂ ਗੈਰ ਮੁਸਲਮਾਨਾਂ ਦੇ ਝਟਕਾ ਮਾਸ ਜਾਂ ਸ਼ਿਕਾਰ ਕਰਨ ਤੇ ਪਾਬੰਦੀ ਲਗਾ ਦਿੱਤੀ ਸੀ ਤੇ ਉਨ੍ਹਾਂ ਨੂੰ ਹਲਾਲ ਮੀਟ ਖਾਣ ਤੇ ਮਜਬੂਰ ਕੀਤਾ ਜਾਂਦਾ ਸੀ। ਜਦੋਂ ਕਿਸੇ ਦਾ ਜਬਰੀ ਧਰਮ ਬਦਲ ਕੇ ਇਸਲਾਮ ਵਿੱਚ ਲਿਆਂਦਾ ਜਾਂਦਾ ਸੀ ਤਾਂ ਉਸ ਨੂੰ ਸਭ ਤੋਂ ਪਹਿਲਾਂ ਹਲਾਲ (ਕੁੱਠਾ) ਮਾਸ ਖੁਆਇਆ ਜਾਂਦਾ ਸੀ। ਗੁਰੂ ਸਾਹਿਬ ਨੇ ਇਸ ਵਰਤਾਰੇ ਨੂੰ ਹਿੰਦੁਸਤਾਨੀਆਂ ਦੀ ਗੁਲਾਮੀ ਦੇ ਚਿੰਨ੍ਹ ਵਜੋਂ ਵੇਖਿਆ। ਇਸੇ ਲਈ ਉਨ੍ਹਾਂ ਨੇ ਸਭਿਆਚਾਰਕ ਅਤੇ ਸਿਆਸੀ ਗੁਲਾਮੀ ਦੇ ਪ੍ਰਤੀਕ ਕੁੱਠਾ (ਹਲਾਲ) ਮੀਟ ਖਾਣ ਵਾਲੇ ਪੰਡਤ ਤੇ ਆਸਾ ਕੀ ਵਾਰ ਵਿੱਚ ਵਿਅੰਗ ਕੀਤਾ ਹੈ ਕਿ ਪੰਡਤ ਮੁਸਲਮਾਨ ਹਾਕਮਾਂ (ਜਿਨ੍ਹਾਂ ਨੂੰ ਉਹ ਮਲੇਛ ਕਹਿੰਦਾ ਹੈ) ਦੀ ਗੁਲਾਮੀ ਕਰਦਾ ਹੋਇਆ, ਉਨ੍ਹਾਂ ਨੂੰ ਖੁਸ਼ ਕਰਨ ਲਈ ਅੰਦਰਖਾਤੇ ਕੁੱਠਾ ਮੀਟ ਖਾਂਦਾ ਹੈ ਤੇ ਆਪਣੇ ਲੋਕਾਂ ਨੂੰ ਸ਼ੂਦਰ ਕਹਿ ਕਿ ਚੌਕੇ ਨਹੀਂ ਚੜ੍ਹਨ ਦਿੰਦਾ ਕਿ ਉਹ ਭਿੱਟ ਹੋ ਜਾਵੇਗਾ।

*ਅਭਾਖਿਆ ਕਾ ਕੁੱਠਾ ਬੱਕਰਾ ਖਾਣਾ॥*
*ਚਉਕੇ ਉਪਰਿ ਕਿਸੈ ਨਾ ਜਾਣਾ॥*

(ਆਸਾ ਕੀ ਵਾਰ)

ਕੁਝ ਸਿੱਖ 'ਝਟਕਾ' ਕਰਨ ਸਮੇਂ 'ਸਤਿ ਸ੍ਰੀ ਅਕਾਲ' ਦਾ ਉਚਾਰਨ ਕਰਦੇ ਹਨ। ਜੋ ਕਿ ਬਿਲਕੁਲ ਗਲਤ ਹੈ ਕਿਉਂਕਿ ਜਿਥੇ ਸਿੱਖ ਧਰਮ ਵਿੱਚ ਬੋਧੀ ਜਾਂ ਜੈਨੀ ਧਰਮਾਂ ਵਾਂਗ ਮਾਸ ਦੀ ਮਨਾਹੀ ਨਹੀਂ, ਉਥੇ ਇਸਦੇ ਖਾਣ ਦੀ ਧਾਰਮਿਕ ਤੌਰ ਤੇ ਕੋਈ ਮਰਿਯਾਦਾ ਵੀ ਨਹੀਂ, ਜਿਵੇਂ ਕਿ ਇਸਲਾਮ ਜਾਂ ਹੋਰ ਧਰਮਾਂ ਵਿੱਚ ਹੈ। ਇਸਲਾਮ ਵਿੱਚ ਬਹੁਤ ਸਾਰੇ ਧਾਰਮਿਕ ਤਿਉਹਾਰ ਮਾਸ ਤੋਂ ਬਿਨਾਂ ਅਧੂਰੇ ਕਹੇ ਜਾ ਸਕਦੇ ਹਨ। ਪਰ ਸਿੱਖ ਧਰਮ ਵਿੱਚ ਅਜਿਹੀ ਕੋਈ ਗੱਲ ਨਹੀਂ। ਸਿੱਖ ਨੇ ਮਾਸ ਨੂੰ ਉਸੇ ਸਹਿਜ ਨਾਲ ਵਰਤਣਾ ਹੈ ਜਿਵੇਂ ਉਹ ਆਪਣੀ ਰੋਜ਼ਾਨਾ ਦੀ ਖ਼ੁਰਾਕ ਵਿੱਚ ਹੋਰ ਦਾਲਾਂ, ਸਬਜੀਆਂ, ਫਲ-ਫਰੂਟ ਵਰਤਦਾ ਹੈ। ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੋਂ ਹੀ ਸਿੱਖ ਸ਼ਸਤਰਧਾਰੀ ਹੋ ਕੇ ਸ਼ਿਕਾਰ ਖੇਡਣ ਲੱਗ ਪਏ ਸਨ। ਗੁਰੂ ਹਰਿ ਰਾਇ ਸਾਹਿਬ ਦੇ ਸਮੇਂ ਵੀ ਸਿੱਖ ਸ਼ਿਕਾਰ ਖੇਡਦੇ ਤੇ ਖਾਂਦੇ ਸਨ। ਗੁਰੂ ਗੋਬਿੰਦ ਸਿੰਘ ਜੀ ਤੇ ਅਕਸਰ ਸ਼ਿਕਾਰ ਤੇ ਜਾਂਦੇ ਸਨ। ਫ਼ਾਰਸੀ ਦੀ ਇੱਕ ਪੁਰਾਣੀ ਪੁਸਤਕ 'ਦਬਿਸਤਾਨੇ-ਮੁਜ਼ਾਹਿਬ' ਦਾ ਲੇਖਕ ਜ਼ੁਲਫ਼ਕਾਰ ਅਰਦਸਤਾਨੀ ਲਿਖਦਾ ਹੈ, "ਸਿੱਖਾਂ ਵਿੱਚ ਹਿੰਦੂਆਂ ਜੇਹਾ ਖਾਣ ਪੀਣ ਦਾ ਬੰਧਨ ਨਹੀਂ, ਕੁਝ ਚਿਰ ਪਿੱਛੋਂ ਉਨ੍ਹਾਂ ਦੇ ਸਿੱਖ ਮਾਸ ਖਾਣ ਲੱਗ ਪਏ। ਪਿੱਛੋਂ (ਗੁਰੂ) ਅਰਜਨ ਮਲ ਦੇ ਪੁੱਤਰ ਗੁਰੂ ਹਰਿਗੋਬਿੰਦ (ਸਾਹਿਬ) ਮਾਸ ਖਾਂਦੇ ਤੇ ਸ਼ਿਕਾਰ ਕਰਦੇ ਸੀ, ਜਿਸ ਕਰਕੇ ਉਨ੍ਹਾਂ ਦੇ ਬਹੁਤ ਸਾਰੇ ਸਿੱਖਾਂ ਵਿੱਚ ਇਹ ਰੀਤ ਪੈ ਗਈ।"

ਜ਼ੁਲਫ਼ਕਾਰ ਆਪ ਲਿਖਦਾ ਹੈ ਕਿ ਉਸ ਨੇ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਸ਼ਨ ਹਿਜਰੀ ਸੰਨ ਇੱਕ ਹਜ਼ਾਰ ਪਚਵੰਜਾ (੧੦੫੫) ਵਿੱਚ ਕੀਤੇ ਅਤੇ ਗੁਰੂ ਸਾਹਿਬ ਨਾਲ ਉਸ ਦਾ ਖ਼ਤੋ-ਕਿਤਾਬਤ ਵੀ ਰਿਹਾ।

ਭਾਈ ਗੁਰਦਾਸ ਜੀ ਆਪਣੀ ਇੱਕ ਵਾਰ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨः

*ਉਮਤਿ ਮਹਲੁ ਨ ਪਾਵਦੀ ਨਠਾ ਫਿਰੈ ਨ ਡਰੈ ਡਰਾਇਆ।*
*ਮੰਜੀ ਬਹਿ ਸੰਤੋਖਦਾ ਕੁਤੇ ਰੱਖ ਸ਼ਿਕਾਰ ਖਿਲਾਇਆ।*

(ਵਾਰ 26)

ਗੁਰੂ ਗੋਬਿੰਦ ਸਿੰਘ ਸਾਹਿਬ ਨੇ 1699 ਦੀ ਵਿਸਾਖੀ ਸਮੇਂ 'ਖਾਲਸਾ ਪੰਥ' ਪ੍ਰਗਟ ਕਰਨ ਲੱਗਿਆਂ, ਜਿਥੇ ਖਾਲਸਾ ਫੌਜ ਦੇ ਸਿਪਾਹੀਆਂ ਲਈ 'ਝਟਕਾ ਮਾਸ' ਖਾਣ ਦੀ ਖੁੱਲ ਦਿੱਤੀ, ਉਥੇ ਸਿਆਸੀ ਕਾਰਨਾਂ ਕਰਕੇ (ਉਸ ਸਮੇਂ ਹਲਾਲ ਮੀਟ ਖਾਣਾ ਗੈਰ ਮੁਸਲਮਾਨਾਂ ਲਈ ਗੁਲਾਮੀ ਦਾ ਪ੍ਰਤੀਕ ਸੀ) ਕੁਰਹਿਤਾਂ ਵਿੱਚ 'ਕੁੱਠਾ

ਨਹੀਂ ਖਾਣਾ' ਨੂੰ ਸ਼ਾਮਿਲ ਕੀਤਾ ਗਿਆ। ਭਾਵੇਂ ਉਸ ਸਮੇਂ ਬਹੁਤੇ ਸਿੱਖਾਂ ਦੀ ਖ਼ੁਰਾਕ ਮੈਦਾਨੀ ਇਲਾਕਾ ਹੋਣ ਕਰਕੇ ਮਾਸ ਨਹੀਂ ਸਗੋਂ ਦਾਣੇ, ਦਾਲਾਂ, ਸਬਜ਼ੀਆਂ, ਦੁੱਧ, ਫਲ ਆਦਿ ਹੀ ਸੀ ਤੇ ਹੈ। ਪਰ ਸਿੱਖ ਧਰਮ ਵਿੱਚ ਮਾਸ ਖਾਣ ਜਾਂ ਨਾ-ਖਾਣ ਵਿੱਚ ਕੋਈ ਵਿਤਕਰਾ ਨਹੀਂ। ਸਿੱਖ ਰਾਜ ਸਮੇਂ ਮਾਸ (ਝਟਕਾ) ਖੁਰਾਕ ਵਿੱਚ ਸ਼ਾਮਿਲ ਸੀ।

ਕੁਝ ਮਹੱਤਵਪੂਰਣ ਇਤਿਹਾਸਕ ਸੋਮੇ ਅਜਿਹੇ ਹਨ, ਜਿਨ੍ਹਾਂ ਵਿੱਚ 'ਮਾਸ' ਦਾ ਸਪੱਸ਼ਟ ਜ਼ਿਕਰ ਆਇਆ ਹੈ।

**(ੳ) ਗੁਰੂ ਕੀਆਂ ਸਾਖੀਆਂ** : ਇਹ ਪੁਸਤਕ ਭਾਈ ਸਰੂਪ ਸਿੰਘ ਦੀ ਲਿਖੀ ਹੋਈ ਹੈ ਜਿਸਨੇ ਸਾਖੀ ਨੰਬਰ ੧੧੦ ਵਿੱਚ ਲਿਖਿਆ ਹੈ ਕਿ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ, ਮਾਧੋਦਾਸ ਦੇ ਡੇਰੇ ਗਏ ਤਾਂ ਉਥੇ 'ਮਾਸ' ਪਕਾਇਆ ਗਿਆ। ਜੋ ਕੁਝ ਇਸਦੇ ਡੇਰੇ ਮੇਂ ਮਿਲਤਾ ਹੈ, ਵੋਹ ਲੰਗਰ ਮੈਂ ਪਾਇ ਲੀਆ ਜਾਏ। ਬੱਕਰੀ ਤੇ ਦੋ ਉਸਕੇ ਲੇਲੇ ਹੈਂ, ਔਰ ਕੋਈ ਵਸਤੂ ਨਹੀਂ। ਬਸ ਹੁਕਮ ਹੋਨੇ ਕੀ ਦੇਰ ਸੀ-ਸਿੰਘਾਂ ਚਾਰੇ ਝਟਕਾਇ ਕਰ ਲੰਗਰ ਤਿਆਰ ਕਰਨਾ ਸ਼ੁਰੂ ਕੀਤਾ"।

**(ਅ) ਤਸ਼ਰੀਹ-ਉਲ ਐਕਵਾਮ** : ਇਹ ਫ਼ਾਰਸੀ ਲਿਖਤ ਬ੍ਰਿਟਿਸ਼ ਲਾਇਬ੍ਰੇਰੀ ਵਿੱਚ ਪਈ ਹੈ, ਜਿਸ ਵਿੱਚ ਝਟਕਾ ਖਾਣ ਬਾਰੇ ਇਸ ਤਰ੍ਹਾਂ ਦਰਜ ਹੈ, ਉਹ (ਸਿੱਖ) ਹਲਾਲੀ ਮਾਸ ਨੂੰ ਘ੍ਰਿਣਾਯੋਗ ਅਤੇ ਵਰਜਿਤ ਸਮਝਦੇ ਹਨ ਅਤੇ ਝਟਕਾ ਮਾਸ ਛਕਦੇ ਹਨ ਅਰਥਾਤ ਕਿਸੇ ਵੀ ਜਾਨਵਰ ਦਾ ਮਾਸ ਜੋ ਉਹ ਤਲਵਾਰ ਨਾਲ ਝਟਕਾਉਂਦੇ ਹਨ।

**(ੲ) ਸਰੀਆਰੁਲ-ਮੁਤਾਖ਼ਰੀਨ** : ਇਸ ਫ਼ਾਰਸੀ ਲਿਖਤ ਦਾ ਕਰਤਾ ਮੁਨਸ਼ੀ ਮੀਰ ਗੁਲਾਮ ਹੁਸੈਨ ਖ਼ਾਨ ਹੈ ਜੋ ਗੜ੍ਹੀ ਵਿੱਚ ਘਿਰੇ ਹੋਏ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਲਿਖਦਾ ਹੈ, ਅਬਦੁਲ ਸਮੱਦ ਖ਼ਾਨ ਬਾਹਰੋਂ ਘੇਰਾ ਪਾਉਣ ਵਿੱਚ ਜੁਟਿਆ ਹੋਇਆ ਸੀ ਤੇ ਅਨਾਜ ਦਾ ਇੱਕ ਦਾਣਾ ਵੀ ਕਿਲ੍ਹੇ ਅੰਦਰ ਨਹੀਂ ਸੀ ਜਾਣ ਦਿੰਦਾ। ਜਦ ਘੇਰਾ ਬਹੁਤ ਦੇਰ ਲੰਮਾ ਹੋ ਗਿਆ, ਦਾਣਿਆਂ ਦੇ ਕੋਠੇ ਮੁੱਕ ਗਏ, ਖਾਣ ਪੀਣ ਨੂੰ ਕੁਝ ਨਹੀਂ ਰਿਹਾ ਤੇ ਘਿਰੇ ਹੋਏ ਸਿੱਖ ਬਹੁਤ ਸਨ ਤਾਂ ਉਨ੍ਹਾਂ ਨੇ ਮਜ਼ਬੂਰ ਹੋ ਕੇ ਗਊਆਂ, ਘੋੜੇ ਤੇ ਗਧੇ ਮਾਰ ਕੇ ਖਾ ਲਏ ਸਨ।

ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਮਾਧੋ ਦਾਸ ਨੇ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਅੱਗੇ ਇੱਕ ਸ਼ਿਕਵਾ ਕੀਤਾ ਸੀ ਕਿ ਮੇਰੇ ਪਾਲਤੂ ਜਾਨਵਰ, ਹਿਰਨ ਬੱਕਰੇ ਸਿੱਖਾਂ ਨੇ ਝਟਕਾ ਲਏ ਹਨ। ਇਹ ਬਹੁਤ ਵੱਡਾ ਪਾਪ ਹੋ ਗਿਆ। ਹੁਣ ਮੈਂ ਇਸ ਧਰਮ ਅਸਥਾਨ ਵਿੱਚ ਭਗਤੀ ਕਿਵੇਂ ਕਰਾਂਗਾ ? ਜੀਵ ਹੱਤਿਆ ਹੋ

ਗਈ, ਅਜਿਹੀ ਅਪਵਿੱਤਰ ਥਾਂ ਨਾਮ ਵਿੱਚ ਮਨ ਕਿਵੇਂ ਟਿਕ ਸਕਦਾ ਹੈ ? ਸਤਿਗੁਰੂ ਜੀ ਆਖਣ ਲੱਗੇ, 'ਮਾਧੋ ਦਾਸ ਹੋਛ ਕਰ, ਜਾਗ! ਤੇਰੇ ਡੇਰੇ ਵਿਚਲੇ ਪਾਲਤੂ ਜਾਨਵਰ ਮਰਨ ਕਾਰਨ ਪਾਪ ਹੋ ਗਿਆ, ਪਰ ਹਿੰਦੁਸਤਾਨ ਵਿੱਚ ਵਗ ਰਹੀਆਂ ਖ਼ੂਨ ਦੀਆਂ ਨਦੀਆਂ ਤੈਨੂੰ ਨਜ਼ਰ ਹੀ ਨਹੀਂ ਆਈਆਂ ? ਸਾਰੀ ਧਰਤੀ ਖ਼ੂਨ ਨਾਲ ਰੰਗੀ ਹੋਈ ਤੈਨੂੰ ਨਹੀਂ ਦਿੱਸੀ ? ਬੱਚਿਆਂ, ਬੁੱਢਿਆਂ ਬੀਬੀਆਂ ਦਾ ਡੁੱਲ੍ਹਿਆ ਖ਼ੂਨ ਤੈਨੂੰ ਖ਼ੂਨ ਹੀ ਪ੍ਰਤੀਤ ਨਹੀਂ ਹੁੰਦਾ ? ਲੱਖਾਂ ਲੋਕ ਅਜਾਈਂ ਮਾਰ ਦਿੱਤੇ ਗਏ, ਧਰਮ ਸਥਾਨ ਢਹਿ ਢੇਰੀ ਕਰ ਦਿੱਤੇ ਗਏ, ਤੂੰ ਇਸ ਡੇਰੇ ਦੀ ਪਵਿੱਤਰਤਾ ਦਾ ਭਰਮ ਪਾਲੀ ਬੈਠਾ ਹੈਂ ?

ਮਾਧੋ ਦਾਸ ਦਾ ਹਿਰਦਾ ਕੰਬ ਉਠਿਆ, ਹੱਥ ਜੁੜ ਗਏ, ਸਤਿਗੁਰੂ ਜੀ ਦੇ ਚਰਨੀਂ ਢਹਿ ਪਿਆ। ਸਤਿਗੁਰੂ ਜੀ ਨੇ ਗੁਰਮਤਿ ਪੜ੍ਹਾਈ, ਖੰਡੇ ਕੀ ਪਾਹੁਲ ਛਕਾਈ, ਹਥਿਆਰ ਪਹਿਨਾਏ, ਸਿੱਖਾਂ ਦਾ ਜਰਨੈਲ ਥਾਪ ਕੇ ਨਾਮ ਬੰਦਾ ਸਿੰਘ ਰੱਖਕੇ, ਜ਼ਾਲਮਾਂ ਨੂੰ ਸੋਧਣ ਵਾਸਤੇ ਪੰਜਾਬ ਵੱਲ ਵਿਦਾ ਕਰ ਦਿੱਤਾ।

ਭਾਈ ਭੰਗੂ ਬਾਬਾ ਬੰਦਾ ਸਿੰਘ ਬਹਾਦਰ ਨੂੰ ਗੁਰੂ ਸਾਹਿਬ ਵਲੋਂ ਮਿਲਣ ਜਾਣ ਵਾਲੇ ਪ੍ਰਸੰਗ ਵਿੱਚ ਲਿਖਦੇ ਹਨ :

*ਤਿਸ ਕੋ ਬੱਕਰੇ ਸਿੰਘਨ ਘਾਏ।*
*ਕਾਟ ਕੂਟ ਦਏ ਦੇਗਨ ਪਾਏ।*

ਜਿਨਾਂ ਬਹਾਦਰਾਂ ਦਾ ਸਿੱਖ ਇਤਿਹਾਸ ਵਿੱਚ ਫਖਰ ਨਾਲ ਹਰ ਰੋਜ਼ ਨਾਮ ਪੜ੍ਹਦੇ ਹਾਂ, ਜਿਨ੍ਹਾਂ ਕਈ ਪੀੜ੍ਹੀਆਂ ਜੰਗਲੀਂ ਵਾਸ ਕੀਤਾ, ਜਿਹਨਾਂ ਦੀ ਬਦੌਲਤ ਸਿੱਖ ਰਾਜ ਭਾਗ ਦੇ ਮਾਲਕ ਬਣੇ, ਉਹ ਸਾਰੇ ਸਿੱਖ ਸੂਰਮੇ ਮਾਸ ਖਾਣ ਦੇ ਝਗੜੇ ਵਿੱਚ ਕਦੀ ਨਹੀਂ ਪਏ। ਨਵਾਬ ਕਪੂਰ ਸਿੰਘ, ਬਾਬਾ ਜੱਸਾ ਸਿੰਘ ਆਹਲੂਵਾਲੀਆ, ਸ. ਚੜ੍ਹਤ ਸਿੰਘ, ਜਰਨੈਲ ਹਰੀ ਸਿੰਘ ਨਲੂਆ, ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ, ਭਾਈ ਸ਼ਾਮ ਸਿੰਘ ਅਟਾਰੀ ਵਾਲਾ, ਸਾਰੇ ਹੀ ਮਾਸ ਖਾਂਦੇ ਸਨ। ਪੰਥ ਪ੍ਰਵਾਨਿਤ 'ਸਿੱਖ ਰਹਿਤ ਮਰਿਆਦਾ ਵਿਚ' ਕੁੱਠਾ ਮਾਸ ਖਾਣ ਦੀ ਮਨਾਹੀ ਹੈ। ਨਿਹੰਗ ਸਿੰਘਾਂ ਦੇ ਛੌਣੀਆਂ ਵਿੱਚ ਅੱਜ ਤੱਕ ਮਾਸ ਦੀ ਆਮ ਵਰਤੋਂ ਕੀਤੀ ਜਾਂਦੀ ਹੈ।

ਅਸੀਂ ਹਰ ਰੋਜ਼ ਦੁੱਧ, ਦਹੀਂ, ਪਾਣੀ, ਸਬਜ਼ੀਆਂ ਆਦਿ ਇਹ ਕਹਿ ਕੇ ਖਾਂਦੇ ਹਾਂ ਕਿ ਉਨ੍ਹਾਂ ਵਿੱਚ ਜ਼ਿੰਦਗੀ ਨਹੀਂ। ਜਦ ਕਿ ਸਾਇੰਸ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਲਹੂ ਤੇ ਦੁੱਧ ਵਿੱਚ ਰੰਗ ਦਾ ਹੀ ਫਰਕ ਹੈ, ਕਿਉਂਕਿ ਜਿਸ ਘਾਸ, ਫੂਸ ਜਾਂ ਵੈਜੀਟੇਬਲ ਖਾ ਕੇ ਪਸ਼ੂ ਦਾ ਸਰੀਰ ਕੁਦਰਤ ਦੇ ਨਿਯਮ ਅਧੀਨ ਦੁੱਧ

ਬਣਾਉਂਦਾ ਹੈ, ਉਸੇ ਤੋਂ ਹੀ ਲਹੂ ਤੇ ਮਾਸ ਬਣਦਾ ਹੈ, ਫਿਰ ਦੁੱਧ ਕਿਵੇਂ ਅੰਮ੍ਰਿਤ ਹੋ ਗਿਆ ਤੇ ਮਾਸ ਘ੍ਰਿਣਾਯੋਗ ਵਸਤੂ ? ਕਈ ਲੋਕ ਆਖਦੇ ਹਨ ਕਿ ਜੀਵ ਹੱਤਿਆ ਕਰਨਾ ਪਾਪ ਹੈ। ਗੁਰੂ ਸਾਹਿਬ ਤਾਂ ਸਪੱਸ਼ਟ ਫ਼ਰਮਾਉਂਦੇ ਹਨः

*ਗੋਹੇ ਅਤੇ ਲਕੜੀ ਅੰਦਰਿ ਕੀੜਾ ਹੋਇ॥*
*ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ॥*

(ਗੁਰੂ ਗ੍ਰੰਥ ਸਾਹਿਬ, ਪੰਨਾः 472)

ਇਸ ਸਾਰੀ ਚਰਚਾ ਤੋਂ ਸਪੱਸ਼ਟ ਹੁੰਦਾ ਹੈ ਕਿ ਮਾਸ ਖਾਣ ਜਾਂ ਨਾ ਖਾਣ ਦਾ ਸਿੱਖ ਧਰਮ ਨਾਲ ਕੋਈ ਸਬੰਧ ਹੀ ਨਹੀਂ ਹੈ। ਇਹ ਹਰ ਮਨੁੱਖ ਦਾ ਨਿੱਜੀ ਮਸਲਾ ਹੈ। ਜਿਸਨੂੰ ਚੰਗਾ ਲੱਗੇ ਖਾਵੇ, ਜਿਸਨੂੰ ਨਾ ਚੰਗਾ ਲੱਗੇ ਨਾ ਖਾਵੇ। ਸਿੱਖਾਂ ਵਿੱਚ ਨਾ ਤੇ ਮੁਸਲਮਾਨਾਂ, ਇਸਾਈਆਂ, ਯਹੂਦੀਆਂ ਵਾਂਗ ਮਾਸ ਖਾਣ ਦੀ ਕੋਈ ਧਾਰਮਿਕ ਮਰਿਯਾਦਾ ਹੈ ਅਤੇ ਨਾ ਹੀ ਬੋਧੀ, ਜੈਨੀ ਵੈਸ਼ਨਵਾਂ, ਜਾਂ ਹਿੰਦੂਆਂ ਦੇ ਕਈ ਫਿਰਕਿਆਂ ਵਾਂਗ ਧਾਰਮਿਕ ਤੌਰ ਤੇ ਮਨਾਹੀ ਹੈ। ਜੇ ਕਿਸੇ ਨੂੰ ਮਾਸ ਖਾਣਾ ਚੰਗਾ ਲਗਦਾ ਹੈ, ਉਹ ਖਾਵੇ, ਪਰ ਉਹ ਮਾਸ ਨਾ ਖਾਣ ਵਾਲਿਆਂ ਬਾਰੇ ਮਾੜੇ ਵਿਚਾਰ ਨਾ ਰੱਖੇ, ਇਸੇ ਤਰ੍ਹਾਂ ਜੋ ਮਾਸ ਨਹੀਂ ਖਾਂਦੇ, ਇਹ ਉਨ੍ਹਾਂ ਦੀ ਆਪਣੀ ਮਰਜੀ ਹੋ ਸਕਦੀ ਹੈ, ਪਰ ਉਹ ਮਾਸਾਹਾਰੀਆਂ ਨੂੰ ਅਧਰਮੀ ਜਾਂ ਘਟੀਆ ਸਿੱਖ ਤੇ ਆਪਣੇ ਆਪ ਨੂੰ ਵੱਡੇ ਗੁਰਸਿੱਖ ਨਾ ਸਮਝਣ। ਇਹੀ ਸਿੱਖੀ ਦੀ ਮਰਿਯਾਦਾ ਹੈ। ਖਾਣ-ਪਹਿਨਣ ਦੇ ਮਸਲੇ ਵਿੱਚ ਸਿੱਖ ਧਰਮ ਨੂੰ ਵਾੜਨਾ ਸਾਡੀ ਅਗਿਆਨਤਾ ਹੀ ਕਹੀ ਜਾਵੇਗੀ।

▲ ▲ ▲

# ਪੁਸਤਕ ਸੂਚੀ


➢ ਗਿਆਨੀ ਲਾਲ ਸਿੰਘ

ਸਿੱਖ ਧਰਮ ਅਤੇ ਅਨਯ-ਮਤ

ਸ੍ਰੀ ਅੰਮ੍ਰਿਤਸਰ : ਧਰਮ ਪ੍ਰਚਾਰ ਕਮੇਟੀ, 2010

➢ ਮਨੂੰ ਸਿਮ੍ਰਤੀ (ਹਿੰਦੂ ਧਰਮ ਸ਼ਾਸ਼ਤਰ)

ਅੰਮ੍ਰਿਤਸਰ : ਡਾ. ਚਤਰ ਸਿੰਘ, ਜੀਵਨ ਸਿੰਘ, 2014

➢ ਮੇਵਾ ਸਿੰਘ ਸਿੱਧੂ

ਗਿਆਨੀ ਹੀਰਾ ਸਿੰਘ ਦਰਦ : ਜੀਵਨ ਤੇ ਰਚਨਾ

ਪਟਿਆਲਾ : ਪੰਜਾਬੀ ਯੂਨੀਵਰਸਿਟੀ, 1982

➢ ਭੰਗੂ, ਰਤਨ ਸਿੰਘ ਸ਼ਹੀਦ

ਪ੍ਰਾਚੀਨ ਪੰਥ ਪ੍ਰਕਾਸ਼/ਸੰਪਾਦਿਤ ਭਾਈ ਸਾਹਿਬ ਡਾ. ਵੀਰ ਸਿੰਘ ਜੀ

ਅੰਮ੍ਰਿਤਸਰ : ਖਾਲਸਾ ਸਮਾਚਾਰ, 1982

➢ ਗੁਰਬਖ਼ਸ਼ ਸਿੰਘ ‘ਸ਼ਮਸ਼ੇਰ’ ਝੁਬਾਲੀਆ

ਸ਼ਹੀਦੀ ਜੀਵਨ

ਅੰਮ੍ਰਿਤਸਰ : ਧਰਮ ਪ੍ਰਚਾਰ ਕਮੇਟੀ, 1998

➢ ਭਾਈ ਕਾਨ੍ਹ ਸਿੰਘ ਨਾਭਾ

ਗੁਰਮਤਿ ਮਾਰਤੰਡ, ਭਾਗ ਪਹਿਲਾ

ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 1983

➢ ਗਿਆਨੀ ਗਿਆਨ ਸਿੰਘ

ਸ੍ਰੀ ਗੁਰੂ ਪੰਥ ਪ੍ਰਕਾਸ਼ (ਭਾਗ ਪਹਿਲਾ) ਪ੍ਰਸਤਾਵਨਾ ਸਮੇਤ

ਸੰਪਾਦਿਤ ਸਿੰਘ ਗਿਆਨੀ ਕਿਰਪਾਲ ਸਿੰਘ ਜੀ

ਅੰਮ੍ਰਿਤਸਰ : ਮਨਮੋਹਨ ਸਿੰਘ ਬਰਾੜ, 1977

➢ ਨਰਿੰਜਨ ਸਿੰਘ 'ਸਰਲ'
ਝਟਕਾ ਪ੍ਰਕਾਸ਼ : ਕੀ ਮਾਸ ਖਾਣ ਨਾਲ ਸਿੱਖ ਪਤਿਤ ਹੋ ਜਾਂਦਾ ਹੈ ?
ਚੰਡੀਗੜ੍ਹ ਅਕਾਲ ਸਹਾਇ ਚੈਰੀਟੇਬਲ ਟ੍ਰਸਟ, 2008

➢ ਪ੍ਰੋਫੈਸਰ ਸਾਹਿਬ ਸਿੰਘ
ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਟੀਕਾਕਾਰ ਪ੍ਰੋਫੈਸਰ ਸਾਹਿਬ ਸਿੰਘ
ਜਲੰਧਰ : ਰਾਜ ਪਬਲਿਸ਼ਰਜ਼, 1970

▲ ▲ ▲

# BIBLIOGRAPHY


- Doniger, Wendy
  The Hindus : An alternative history
  New Delhi : Speaking Tiger Publishing, 2015
- Freedman, Seymour E.
  The Book of Kashruth
  New York : Bloch Publishing Compay, 1970
- Why Can't they get along / by Dawond El-Alami,
  Dan Cohn-Sherbok and George D. Chryssides.
  Oxford : Lion Hindson, 20114
- Jha; D. N.
  The Myth of The Holy Cow
  New Delhi : Navayana :Publishing, 2015
- Amebdkar, B. R.
  Beef, Brahmins and Broken men, and annotated critical selection from the untouchables, introduced by Kancha Ilaich Shepherd.
  New Delhi : Mavayana Publishing, 2019
- Freidenreich, David M.
  Foreigners and their Food.
  University of California Press, 2011
- Complete Works of Swami Vivekananda Vol. 3
  Lohaghat : Advaita Ashrama, 1976
- Meat Eating and Rehat Maryada by Dr. Gurbaksh Singh
  Abstracts of Sikh Studies, January-March 2000 p. 14-20